भारत सरकार
GOVERNMENT OF INDIA
राष्ट्रीय पुस्तकालय, कलकत्ता ।
NATIONAL LIBRARY, CALCUTTA.

P

वर्ग संख्या
Class No. 891.421

पुस्तक संख्या
Book No. Bi831mK

रा० पु०/ N. L. 38.

MGIPC—S4—39 LNL/64—1-11-65—100,000.

ਕਰਤਾ ਦੀ ਆਗਿਆ ਬਿਨਾ ਕੋਈ ਨਾ ਛਾਪੇ ॥

ਪੰਜਾਬੀ ਬੈਂਤਾਂ ਵਿਚ ਪੰਥ ਪ੍ਰਕਾਸ਼ ੧ ਨੰਬਰ ੫

# ਮਹਾਰਾਜ ਖਾਲਸਾ

—ਅਰਥਾਤ—

ਮਹਾਰਾਜ ਰਣਜੀਤ ਸਿੰਘ ਜੀ ਬਹਾਦਰ ਸ਼ੇਰੇ ਪੰਜਾਬ, ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਦਾ ਸੰਪੂਰਨ ਹਾਲ ਅਰ ਸੁਚੇਤ ਸਿੰਘ, ਖੜਗ ਸਿੰਘ ਦਾ ਮਰਨਾ, ਨੌਨਿਹਾਲ ਸਿੰਘ ਤੇ ਛੱਜਾ ਡਿੱਗਣਾ, ਸ਼ੇਰ ਸਿੰਘ ਪ੍ਰਤਾਪ ਸਿੰਘ ਧਜਾਨ ਸਿੰਘ ਦਾ ਕਤਲ ਹੋਣਾ, ਹੀਰਾ ਸਿੰਘ ਡੋਗਰੇ ਨੇ ਬਾਬੇ ਵੀਰ ਸਿੰਘ ਤੇ ਫੌਜ ਚੜ੍ਹਾਉਣੀ, ਅਤਰ ਸਿੰਘ ਕਸ਼ਮੀਰਾ ਸਿੰਘ ਬਾਬੇ ਵੀਰ ਸਿੰਘ ਦਾ ਸ਼ਹੀਦ ਹੋਣਾ, ਹੀਰਾ ਸਿੰਘ ਤੇ ਜੱਲ੍ਹੇ ਪੰਡਤ ਦੀ ਮੌਤ, ਜਵਾਹਰ ਸਿੰਘ ਨੇ ਪਸ਼ੌਰਾ ਸਿੰਘ ਨੂੰ ਕਤਲ ਕਰੌਣਾ, ਫੌਜ ਨੇ ਜਵਾਹਰ ਸਿੰਘ ਨੂੰ ਮਾਰਨਾ, ਫੌਜ ਦੀਆਂ ਖਰਾਬੀਆਂ, ਓੜਕ ਬੁਰਿਛਿਆਂ ਮਲਾਹਾਂ ਨੇ ਸਿੱਖਾਂ ਦਾ ਜਹਾਜ਼ ਡਾਵਾਂ ਡੋਲ ਕਰਕੇ ਅਥਾਹ ਸਮੁੰਦ੍ਰ ਵਿੱਚ ਛੱਡ ਦੇਣਾ, ਮੁਦਕੀ, ਫੀਰੋਜ਼ਪੁਰ, ਅਲੀਵਾਲ, ਸਭਰਾਂਵਾਂ, ਮੋਗ ਰਸੂਲ, ਚੇਲੀਆਂ ਮੌਜੀਆਂ ਆਦਿਕ ਲੜਾਈਆਂ ਦਾ ਹਾਲ ਹੈ ।

—ਕ੍ਰਿਤ—

## ਬਿਸ਼ਨ ਸਿੰਘ ਗਜਾਨੀ ਅਧੰਨਾਪਕ ਖਾਲਸਾ ਕਾਲਜ

ਅਮ੍ਰਿਤਸਰ

—ਸੁਸਿਖਜਤ—

ਭਾਈ ਸੰਤ ਸਿੰਘ ਗਿਆਨੀ ਰਿਆਸਤ ਕਪੂਰਥਲਾ, ਬਾਬਾ ਸੁਮੇਰ ਸਿੰਘ ਤਖਤ ਪਟਣਾ ਸਾਹਿਬ, ਡਾਕਟਰ ਚਰਨ ਸਿੰਘ ਜੀ ਅਮ੍ਰਿਤਸਰ

—ਕਰਤਾ—

ਬਾਈ ਵਾਰਾਂ ਸਟੀਕ, ਭਗਤਾਂ ਦੀ ਬਾਣੀ ਸਟੀਕ, ਭਾਈ ਗੁਰਦਾਸ ਜੀ ਕਬਿੱਤ ਸਟੀਕ, ਸ਼ਹੀਦ ਖਾਲਸਾ, ਸ਼ੇਰ ਖਾਲਸਾ, ਸੂਰਬੀਰ ਖਾਲਸਾ ਆਦਿਕ

—ਜਿਸਨੂੰ—

ਖਾਲਸਾ ਕਾਲਜ ਦੇ ਵਿਦਜਾਰਥੀਆਂ ਲਈ ਕਰਤਾ ਨੇ ਫਰਵਰੀ ੧੯੧੮ ਵਿਚ ਪ੍ਰਕਾਸ਼ਤ ਕੀਤਾ ॥

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅਮ੍ਰਿਤਸਰ ਵਿਚ ਭਾਈ ਸੁੱਚਾ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪਿਆ ॥

891.421
B1 831 MK
LISTED

# ਤਤਕਰਾ ਮਹਾਰਾਜ ਖਾਲਸਾ


| ਮਜ਼ਮੂਨ | ਸਫ਼ਾ |
|---|---|
| ਕੌਰ ਨੌ ਨਿਹਾਲ ਸਿੰਘ ਦਾ ਵਿਆਹ | ੧੩੬ |
| ਸਰਦਾਰ ਹਰੀ ਸਿੰਘ ਨਲੂਏ ਦਾ ਪ੍ਰਸੰਗ | ੧੪੩ |
| ਕੌਰ ਪ੍ਰਤਾਪ ਸਿੰਘ ਦੇ ਗੁਣ | ੧੫੮ |
| ਮਹਾਰਾਜ ਰਣਜੀਤ ਸਿੰਘ ਦਾ ਚਲਾਣਾ | ੧੬੪ |
| ਮਹਾਰਾਜ ਦਾ ਪਰਵਾਰ | ੧੭੭ |
| ਮਹਾਰਾਜ ਖਾਲਸਾ ਹਿੱਸਾ ਦੂਜਾ | ੧੮੦ |
| ਮਹਾਰਾਜਾ ਖੜਗ ਸਿੰਘ | ੧੮੧ |
| ਚੇਤ ਸਿੰਘ ਦਾ ਮਰਣਾ | ੧੮੩ |
| ਕੌਰ ਨੌ ਨਿਹਾਲ ਸਿੰਘ ਦਾ ਰਾਜ | ੧੮੫ |
| ਕੌਰ ਉਤੇ ਛੱਜਾ ਡਿੱਗਣਾ | ੧੮੬ |
| ਚੰਦ ਕੌਰ ਤੇ ਸ਼ੇਰ ਸਿੰਘ ਦੀ ਲੜਾਈ | ੧੮੮ |
| ਮਹਾਰਾਜ ਸ਼ੇਰ ਸਿੰਘ | ੧੯੦ |
| ਸੰਧਾਂ ਵਾਲੀਏ | ੧੯੬ |
| ਅਜੀਤ ਸਿੰਘ ਨੇ ਸ਼ੇਰ ਸਿੰਘ ਨੂੰ ਕਤਲ ਕਰਨਾ | ੧੯੮ |
| ਲਹਿਣਾ ਸਿੰਘ ਨੇ ਪ੍ਰਤਾਪ ਸਿੰਘ ਨੂੰ ਮਾਰਨਾ | ੧੯੯ |
| ਧਜਾਨ ਸਿੰਘ ਵਜੀਰ ਦਾ ਮਰਨਾ | ੨੦੦ |
| ਹੀਰਾ ਸਿੰਘ ਡੋਗਰਾ ਵਜੀਰ ਹੋਣਾ | ੨੦੪ |
| ਬਾਬੇ ਵੀਰ ਸਿੰਘ ਜੀ ਸੰਤ ਦਾ ਪ੍ਰਸੰਗ | ੨੦੮ |
| ਸਿੰਘਾਂ ਦੀ ਬਾਦਸ਼ਾਹੀ ਕਿਸ ਨੇ ਨਾਸ ਕੀਤੀ | ੨੧੪ |
| ਜਵਾਹਰ ਸਿੰਘ ਵਜ਼ੀਰ | ੨੧੪ |
| ਮੁਦਕੀ ਦੀ ਲੜਾਈ | ੨੨੬ |
| ਰਣਜੋਧ ਸਿੰਘ | ੨੩੨ |
| ਸ਼ਾਮ ਸਿੰਘ ਅਟਾਰੀ ਵਾਲਾ | ੨੩੬ |
| ਲੜਾਈ ਚੇਲੀਆਂ ਮੋਜੀਆਂ | ੨੬੪ |
| ਦਲੀਪ ਸਿੰਘ ਦਾ ਵਲੈਤ ਜਾਣਾ | ੨੭੦ |
| ਸਰਕਾਰ ਦਾ ਧੰਨਜਵਾਦ | ੨੮੧ |

## ਸ੍ਰੀ ੧੦੮ ਹਜੂਰ ਮਹਾਰਾਜਾ ਫਰੀਦ ਕੋਟ ਜੀ ਨੇ ੧੭ ਫਰਵਰੀ ੧੯੧੯ ਨੂੰ ਖਾਲਸਾ ਕਾਲਜ ਵਿਚ ਆਉਂਣਾ

ਦਵੱਯਾ ॥ ਸ੍ਰੀ ਗੁਰੂ ਨਾਨਕ ਕਲਗੀਧਰ ਤੋਂ ਜਾਵਾਂ ਮੈਂ ਬਲਿਹਾਰੇ, ਸ੍ਰੀ ਹਜੂਰ ਮਹਾਰਾਜਾ ਜੀ ਨੇ ਦਿੱਤੇ ਆਣ ਦੀਦਾਰੇ। ਕਾਲਜ ਇਹ ਪਵਿੱਤ੍ਰ ਕੀਤਾ ਪਾਕੇ ਚਰਨ ਪਿਆਰੇ, ਪ੍ਰਿੰਸੀਪਲ, ਪ੍ਰੋਫੈਸਰ, ਮਾਸਟਰ, ਲੜਕੇ ਖੁਸ਼ ਭਏ ਸਾਰੇ। ਸ੍ਰੀ ਹਜੂਰ ਮਹਾਰਾਜਾ ਜੀ ਏਹ ਪਾਵੇ ਬਹੁਤ ਵਡਾਈ, ਚਿਰ ਤੋੜੀ ਮਹਾਰਾਜਾ ਜੀਵੇ ਜਾਵੇ ਰਾਜ ਕਮਾਈ। ਅਮਰ ਵੇਲ ਜਿਉਂ ਉਮਰ ਲਮੇਰੀ ਹੋਵੇ ਤੇ ਸੁਖ ਪਾਵੇ, ਪਰਜਾ ਅਪਣੀ ਸਾਰੀ ਨੂੰ ਏ ਚੰਗਾ ਸੁਖੀ ਵਸਾਵੇ। ਨਾਲ ਪੰਥ ਦੇ ਪਿਆਰ ਐਤਨਾ ਮਹਾਰਾਜਾ ਨੇ ਪਾਯਾ, ਸ੍ਰੀ ਹਜੂਰ ਜੀ ਗੱਦੀ ਬਹਿੰਦੇ ਇਤਨਾਂ ਦਿਲ ਹੈ ਵਧਾਯਾ। ਸਿੱਖਾਂ ਤੇ ਸਰਕਾਰ ਜੀ ਨੂੰ ਬਹੁਤਾ ਦਾਨ ਫੜਾਯਾ, ਫਰੀਦਕੋਟ ਨੂੰ ਮਹਾਰਾਜਾ ਨੇ ਕਰ ਕਬੀਰ ਦਿਖਲਾਯਾ। ਸਭ ਰਿਆਸਤਾਂ ਵਿਚੋਂ ਇਸਦਾ ਇਸ ਗਲ ਦਰਜਾ ਭਾਰਾ, ਬਹੁ ਖੁਸ਼ ਹੋਯਾ ਏਨਾਂ ਉਤੇ ਕਲਗੀਵਾਲਾ ਪਿਆਰਾ ॥

"ਹਮਹ ਕੌਮ ਬੇਰਾਙ ਹੁਕਮੇ ਮਰਾਸਤ"

ਵਡੇ ਬਜ਼ੁਰਗਾਂ ਆਪਦਿਆਂ ਨੇ ਵੱਡੇ ਕੰਮ ਕਮਾਏ, ਜੇਹੜੇ ਕਿਸੇ ਨ ਕਰਨੇ ਹੋਏ ਉਹ ਕੰਮ ਕਰ ਦਿਖਲਾਏ। ਗੁਰੂ ਗ੍ਰੰਥ ਗੁਰਬਾਣੀ ਜੀ ਕਾ ਟੀਕਾ ਹੈ ਕਰਵਾਯਾ, ਬੜਾ ਰੁਪਯਾ ਰਿਆਸਤ ਸੰਦਾ ਏਸ ਕੰਮ ਤੇ ਲਾਯਾ। ਵਾਹ ਵਾ ਧੰਨ ਕਮਾਈ ਸਾਰੀ ਕਰਕੇ ਸਫਲ ਦਿਖਾਈ, ਅੰਮ੍ਰਿਤਸਰ ਹਰਮੰਦਰ ਅੰਦਰ ਬਿਜਲੀ ਸੀ ਲਗਵਾਈ। ਬਸਰੇ ਦੇ ਵਿਚ ਗੁਰੂ ਦੁਆਰਾ ਹੁਣੇ ਆਪ ਬਣਵਾਯਾ, ਧਰਮ ਕਾਰਜਾਂ ਉੱਤੇ ਧਰਮੀ ਬੜਾ ਰੁਪੱਯਾ ਲਾਯਾ। ਪੁਰ ਫੀਰੋਜ਼ ਤੇ ਕਾਨਫ੍ਰੰਸ ਨੂੰ ਦਿੱਤੇ ਦਾਨ ਘਨੇਰੇ, ਇਸੇ ਵਾਸਤੇ ਜੱਸ ਆਪ ਦਾ ਹੋਯਾ ਚਾਰ ਚੁਫੇਰੇ। ਪਹਿਲੇ ਪਹਿਲੇ ਜਦੋਂ ਰਾਜਿਆਂ ਦਾਨ ਬਹੁਤ ਸੀ ਦੀਆ, ਇਸ ਕਾਲਜ ਨੂੰ ਤਦ ਵੀ ਗੱਫਾ ਵਡਾ ਦਾਨ ਸੀ ਕੀਆ। ਪਰ੍ਹੰ ਆਪਨੇ ਕਿਰਪਾ ਕਰਕੇ ਚਰਨ ਸੁ ਏਥੇ ਪਾਏ, ਵੀਹ ਹਜਾਰ ਰੁਪਯਾ ਦੇਕੇ ਕਜ਼ੂਬੀਕਲ ਬਣਵਾਏ। ਪ੍ਰਿੰਸੀਪਲ ਸਣੇ ਹੀ ਸਾਰੇ ਧੰਨਵਾਦ ਹਾਂ ਕਰਦੇ, ਆਪ ਜੇਹਾ ਕੋਈ ਇਸ ਕਾਲਜ ਦੇ ਸਿਰ ਦਸਤਾਰ ਸੁਧਰਦੇ। ਇਹ ਜੁ ਕਜ਼ੂਬੀਕਲ ਬਣਵਾਏ ਆਪ ਦਲੇਰੀ ਕਰਕੇ, ਇਸ ਕਾਲਜ ਦੇ ਹਰਦਮ ਸਾਰੇ ਗੌਣ ਆਪ ਨੂੰ ਲੜਕੇ। ਤਾਲ ਬੋਲੀਆਂ ਖੂਹ ਸਰਾਂਈਂ ਕਾਲਜ ਜਿਨ ਬਣਵਾਏ, ਰਹਿਣ ਹਮੇਸ਼ਾਂ ਜੀਉਂਦੇ ਏਥੇ ਪੁਸਤਕ ਜਿਨ ਛਪਵਾਏ ॥

ਇਹ ਕਵਿਤਾ ਦਰਬਾਰ ਮਹਾਰਾਜਾ ਫਰੀਦ ਕੋਟ ਜੀ ਦੇ ਖਾਲਸਾ ਕਾਲਜ ਵਿਚ ੧੭ ਫਰਵਰੀ ੧੯੧੯ ਨੂੰ ਮੈਂ ਬਣਾਈ ਤੇ ਸੁਣਾਈ।

## ੧੭ ਫਰਵਰੀ ੧੯੧੯ ਨੂੰ ਖਾਲਸਾ ਕਾਲਜ ਦੇ ਹਰ ਇਕ ਵਿਦਯਾਰਥੀ ਦੇ ਪਿਤਾ ਦੇ ਆਉਣ ਦਾ ਦੂਜਾ ਸਮਾਗਮ

ਦਵੱਯਾ

ਆਓ ਮੇਰੇ ਪਰਮ ਪਿਆਰੇ ਅਤੇ ਬਜੁਰਗੋ ਵੀਰੋ, ਦਰਸ਼ਨ ਦੇਕੇ ਤੁਸਾਂ ਅਸਾਂ ਨੂੰ ਖੁਸ਼ ਕੀਤਾ ਬਲ ਬੀਰੋ। ਇਹ ਜੋ ਤੁਹਾਡੇ ਬੱਚੇ ਏਥੇ ਸਾਰੇ ਪੜ੍ਹਦੇ ਪਿਆਰੇ, ਜਿਸਤਰਾਂ ਪੁੱਤ੍ਰ ਤੁਹਾਡੇ ਸਾਡੇ ਓਸਿਤਰਾਂ ਦੁਲਾਰੇ। ਵਡੀ ਗੱਲ ਤੁਹਾਨੂੰ ਏਥੇ ਖੁਸ਼ ਖਬਰੀ ਮੈਂ ਸੁਣਾਵਾਂ, ਸਭਨਾਂ ਕਾਲਜਾਂ ਨਾਲੋਂ ਏਥੇ ਵਾਧਾ ਇਕ ਦਿਖਾਵਾਂ। ਏਹ ਜੋ ਤੁਹਾਡੇ ਬੱਚੇ ਏਥੇ ਖੁਲੇ ਬੜੇ ਅਜਾਦ, ਕੋਈ ਨ ਤੰਗੀ ਏਨਾਂ ਤਾਈਂ ਰੱਖਣੀ ਏਹ ਗਲ ਯਾਦ। ਪ੍ਰੋਫੈਸਰ ਤੇ ਮਾਸਟਰ ਲੜਕੇ ਕਾਲਜ ਸੰਦੇ ਪਿਆਰੇ, ਜਿਸ ਵੇਲੇ ਜੀ ਚਾਹੇ ਇਸਨੂੰ ਮਿਲ ਸਕਦੇ ਨੇ ਸਾਰੇ। ਤੁਸੀਂ ਪੁਛੋਗੇ ਸਾਰੇ ਮੈਨੂੰ

ਫ਼ੀ ਵਾਧਾ ਫਿਰ ਹੋਯਾ, ਵੱਡੇ ਵੱਡੇ ਮਿਲ ਸਕਦੇ ਨੇ ਕੀ ਫੈਦਾ ਫਿਰ ਗੋਯਾ। ਨਹੀਂ ਨਹੀਂ ਇਕ ਵਾਧੇ ਵਾਲੀ ਏਥੇ ਵਡੀ ਬਾਤ, ਭਾਵੇਂ ਹੋਵੇ ਦਿਨ ਦਾ ਵੇਲਾ ਭਾਵੇਂ ਹੋਵੇ ਰਾਤ। ਪਹਿਲੀ ਦੂਜੀ ਵਾਲੇ ਜੇਹੜੇ ਨਿਕੇ ਤੋਂ ਨਿਕੇ ਲੜਕੇ, ਜਾ ਮਿਲਦੇ ਹਨ ਪ੍ਰਿੰਸੀਪਲ ਨੂੰ ਕਾਗਜ਼ ਹੱਥ ਵਿੱਚ ਫੜਕੇ। ਓਸੇ ਵੇਲੇ ਪ੍ਰਿੰਸੀਪਲ ਫਿਰ ਸੁਤਾ ਉਠਕੇ ਆਵੇ, ਜਿਸ ਵੇਲੇ ਕੋਈ ਨਿਕਾ ਬੱਚਾ ਇਸਨੂੰ ਜਾ ਜਗਾਵੇ। ਓਸੇ ਵੇਲੇ ਓਹਦਾ ਆਕੇ ਸਾਰਾ ਦੁੱਖ ਹਟਾਵੇ। ਭੱਜਾ ਭੱਜਾ ਆਵੇ ਨਾਲੇ ਨਾਲ ਪਿਆਰ ਸਮਝਾਵੇ, ਨਿੱਕਿਆਂ ਬੱਚਿਆਂ ਸੰਦਾ ਆ ਸਾਰਾ ਦੁਖ ਗਵਾਵੇ। ਇਹ ਵਾਧਾ ਜੋ ਮੇਰੇ ਬਜ਼ੁਰਗੋ ਇਸ ਕਾਲਜ ਵਿਚ ਭਾਰਾ, ਝੂਠੀ ਗੱਲ ਨ ਇਸ ਵਿਚ ਕੋਈ ਅੱਖੀਂ ਮੈਂ ਨਿਹਾਰਾ। ਏਥੋਂ ਦੇ ਮੈਂ ਫੈਦੇ ਅਗੇ ਹੋਇ ਤੁਸੇਂ ਸੁਣਾਏ, ਧਰਮ ਵਿਦਯਾ ਦੇ ਵਿੱਚ ਲੜਕੇ ਗਿਆਨੀ ਸਭ ਕਹਾਏ। ਖੇਤੀ ਵਾੜੀ ਬੂਟਿਆਂ ਸੰਦਾ ਕੰਮ ਜਾਂਦਾ ਸਿਖਲਾਯਾ, ਸ੍ਰੀ ਹਜ਼ੂਰ ਜੀ ਏਸੇ ਕਰਕੇ ਖੁਦ ਬਖਸ਼ੀ ਹੈ ਮਾਯਾ। ਖੇਤ ਵਡਾ ਇਕ ਜੱਟਾਂ ਕੋਲੋਂ ਖੇਤੀ ਲਈ ਦੁਆਇਆ, ਬਿਜਲੀ ਸੰਦੀ ਰੋਸ਼ਨੀ ਏਥੇ ਫ਼ੈਦਾ ਬਹੁਤ ਪੁਚਾਇਆ। ਬਹੁਤੇ ਲੜਕੇ ਹੋਵਨ ਕਰਕੇ ਕਿਊਬੀਕਲ ਬਨਵਾਏ, ਮਹਾਰਾਜਾ ਫਰੀਦ ਕੋਟ ਨੇ ਖੁਲੇ ਗੱਫੇ ਫੜਾਏ। ਸੋ ਮਹਾਰਾਜਾ ਹੁਨੇ ਹੀ ਏਥੇ ਦਰਸ਼ਨ ਦੇਵਣ ਆਕੇ, ਫ਼ੌਕਜ਼ ਨੂੰ ਹੁਣ ਪਿਛਲੀ ਭਸ ਗਲ ਆਖਾਂ ਫਤੇ ਬੁਲਾਕੇ। ਦਰਸ ਹਮੇਸ਼ਾ ਦੇਂਦੇ ਰੈਹਣਾ ਸਾਲ ਸਾਲ ਜੀ ਔਣਾ। ਕਾਲਜ ਇਹ ਤੁਹਾਡਾ, ਸਾਡਾ ਹੌਸਲਾ ਤੁਸਾਂ ਵਧੌਣਾ।

੧੫ ਫਰਵਰੀ ੧੯੧੯ ਦੀ ਵਿਫਥਹਾਈ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਅਖੰਡ ਪਾਠ ਦੇ ਭੋਗ ਵੇਲੇ ਕਵਿਤਾ ਬਨਾਈ ਤੇ ਸੁਣਾਈ

ਰਾਤ ਪਈ ਮੁਸਾਫਰਾਂ ਸਾਰਿਆਂ ਦਾ ਹੁੰਦਾ ਵਿੱਚ ਸਰਾਂ ਦੇ ਆਨ ਮੇਲਾ
ਬੇੜੀ ਉੱਤੇ ਮੁਸਾਫਰਾਂ ਪਿਆਰਿਆਂ ਦਾ ਹੁੰਦਾ ਨਾਲ ਸੰਜੋਗ ਦੇ ਜਾਨ ਮੇਲਾ
ਸਾਰੇ ਹੰਸ ਪਜਾਰੇ ਤਾਲ ਮਾਨਸਰ ਤੇ ਮੋਤੀ ਖਾਣ ਨੂੰ ਆਨ ਲਗਾਨ ਮੇਲਾ
ਫਿਰੀ ਹੈ ਬਹਾਰ ਗੁਲਜ਼ਾਰ ਖਿੜ ਪਈ ਲੋਕ ਜਾਨ ਬਸੰਤ ਮਨਾਨ ਮੇਲਾ
ਏਸੇ ਤਰਾਂ ਹੀ ਵੀਰਾਂ ਨੇ ਬਿਸ਼ਨ ਸਿੰਘਾ ਲਾਇਆਂ ਪੜ੍ਹਨ ਨੂੰ ਏਸ ਸਥਾਨ ਮੇਲਾ
ਸਦਾ ਮਾਪੇ ਸਨਬੰਧੀ ਨਾ ਨਾਲ ਰਹਿੰਦੇ ਸਦਾ ਹੁਸਨ ਦੇ ਸੁੰਦਰ ਨਾ ਵੇਸ ਰਹਿੰਦੇ
ਰਾਜ ਭਾਗ ਵੀ ਸਦਾ ਨਾ ਨਾਲ ਰਹਿੰਦੇ ਸਦਾ ਮੱਲੇ ਨਾ ਆਪਣੇ ਦੇਸ ਰਹਿੰਦੇ
ਸਦਾ ਰਹਿੰਦੀ ਨਾ ਉਮਰ ਸੁਹਾਵਨੀ ਏ ਸਦਾ ਨਹੀਂ ਜੋ ਕਾਲੜੇ ਕੇਸ ਰਹਿੰਦੇ
ਏਸੇ ਤਰਾਂ ਹੀ ਵੇਖ ਲੈ ਬਿਸ਼ਨ ਸਿੰਘਾ ਮਿਲੇ ਮਿੱਤ੍ਰ ਵੀ ਨਹੀਂ ਹਮੇਸ਼ ਰਹਿੰਦੇ
ਲੈ ਉਇ ਸੁਨ ਤੂੰ ਖਾਲਸਾ ਕਾਲਜਾ ਓਇ ਤੈਨੂੰ ਫ਼ੇਕਜ਼ ਦੀ ਫਤੇ ਬੁਲਾਵਨੇ ਹਾਂ
ਦੱਸ ਸਾਲ ਗੁਜ਼ਾਰੇ ਨੇ ਵਿੱਚ ਤੇਰੇ ਇਸ ਲਈ ਤੇਰੇ ਹੀ ਗੀਤੜੇ ਗਾਂਵਨੇ ਹਾਂ
ਰਹੋ ਵੱਸਦਾ ਤੇ ਚੜ੍ਹ ਵੱਡਾ ਏਦੂੰ ਅਸੀ ਏਹੋ ਹੀ ਅਰਜ਼ ਸੁਣਾਂਵਨੇ ਹਾਂ
ਤੇਥੋਂ ਫੈਦੇ ਉਠਾਇ ਨੇ ਬੜੇ ਭਾਰੇ ਅਗੇ ਹੋਰ ਵੀ ਆਸ ਰਖਾਵਨੇ ਹਾਂ
ਕਰ ਤੂੰ ਪ੍ਰਚਾਰ ਹੁਨ ਵਿੱਦਯਾ ਦਾ ਅਸੀ ਬਾਹਰ ਜਾ ਕਿਤੇ ਪੜ੍ਹਾਵਨੇ ਹਾਂ
ਸਾਥੋਂ ਗੁੱਸੇ ਨਾ ਹੋਵੀਂ ਤੂੰ ਪਿਆਰਿਆ ਓਇ ਕਿਉਂਕਿ ਦੇ ਵਿਛੋੜਾ ਜੋ ਜ੍ਹਾਂਵਨੇ ਹਾਂ
ਤੂੰ ਸਦਾ ਹੀ ਅਸਾਂ ਦੇ ਨਾਲ ਰਹਿਸੇਂ ਤੇਰੀ ਕੀਤੀ ਨਾਂ ਅਸੀ ਭੁਲਾਂਵਨੇ ਹਾਂ
ਦੇਹ ਲੈ ਚਲੇ ਤੇਰੇ ਚਰਨਾਂ ਵਿਚੋਂ ਮਨ ਅਪਣੇ ਨੂੰ ਇਥੇ ਟਿਕਾਵਨੇ ਹਾਂ
ਤੂੰ ਕਦੀ ਨਾ ਵਿਛੜੇਂਗਾ ਪਿਆਰਿਆ ਓਇ ਸੱਚੀ ਵਾਰਤਾ ਅਸੀਂ ਅਲਾਵਨੇ ਹਾਂ
ਅਸੀ ਵਿਛੜ ਹਾਂ ਚਲੇ ਬੇਸ਼ੱਕ ਤੇਥੋਂ ਐਪਰ ਰੂਹ ਨੂੰ ਏਥੇ ਰਖਾਵਨੇ ਹਾਂ
ਤੇਰੇ ਸੁਖਾਂ ਨੂੰ ਯਾਦ ਕਰ ਬਿਸ਼ਨ ਸਿੰਘਾ ਅਸੀਂ ਸਦਾ ਅਨੰਦ ਮਨਾਂਵਨੇ ਹਾਂ

**ਬਿਸ਼ਨ ਸਿੰਘ ਗਿਆਨੀ, ਖਾਲਸਾ ਕਾਲਜ, ਅੰਮ੍ਰਿਤਸਰ**

NATIONAL LIBRARY CALCUTTA
No. 3092
Date 18.5.19

# ਬਾਈਵਾਰਾਂ ਸਟੀਕ

"ਅਖਬਾਰ ਪੰਥ ਸੇਵਕ ਲਾਹੌਰ ੩੧ ਅਕਤੂਬਰ ੧੯੧੭"

ਭਾਈ ਬਿਸ਼ਨ ਸਿੰਘ ਜੀ ਗਿਆਨੀ ਅਧਯਾਪਕ ਖਾਲਸਾ ਕਾਲਜ ਅਮ੍ਰਿਤਸਰ ਜੀਦੀ ਵਿੱਦਵਤਾ ਤੇ ਪੰਥਕ ਪ੍ਰੇਮ ਸਾਡੀ ਕੌਮ ਵਿਚ ਕਾਫੀ ਪ੍ਰਸਿੱਧ ਹੈ, ਇਹਨਾਂ ਬਹੁਤ ਸਾਰੀਆਂ ਪੁਸਤਕਾਂ ਸਿਖ ਇਤਹਾਸ ਤੇ ਗੁਰਬਾਣੀ ਸੰਬੰਧੀ ਰਚੀਆਂ ਹਨ ਜੋ ਬਹੁਤ ਹੀ ਲਾਭਦਾਇਕ ਹਨ, ਆਪਦੀ ਨਵੀਂ ਰਚਨਾਂ ਸਾਡੇ ਪਾਸ ਹੁਣੇ ਹੀ ਪਹੁੰਚੀ ਹੈ ਜੋ ਇਹਨਾਂ ਦੀ ਅਥੱਕ ਮਿਹਨਤ ਦਾ ਸਿਟਾ ਹੈ, ਇਹ ਰਚਨਾ ਬਾਈ ਵਾਰਾਂ ਦਾ ਟੀਕਾ ਹੈ, ਇਸ ਵਿਚ ਨਿਹੈਤ ਸੁਖਲੀ ਇਬਾਰਤ ਵਿਚ ਮੂਲ ਦੀ ਹਰ ਇਕ ਤੁਕ ਦੇ ਨਾਲ ੨ ਉਸਦਾ ਟੀਕਾ ਦਿਤਾ ਗਿਆ ਹੈ ਜਿਸ ਨੂੰ ਹਰ ਕੋਈ ਸਮਝ ਸਕਦਾ ਹੈ, ਹੋਰ ਵਾਧਾ ਇਹ ਹੈ ਕਿ ਸਾਥ ੨ ਉਥਾਨਕਾ ਤੇ ਭਾਵਾਰਥ ਭੀ ਦਿਤੇ ਗਏ ਹਨ ਸਭ ਤੋਂ ਜਰੂਰੀ ਤੇ ਲਾਭਦਾਇਕ ਗਲਾਂ ਇਸ ਦਾ ਇੰਡੈਕਸ ਹੈ ਤੇ ੮੩੦ ਵਡੇ ਸਫੇ ਦੀ ਭਾਰੀ ਪੁਸਤਕ ਹੈ ॥ ਭਾਈ ਹਰਨਾਮ ਸਿੰਘ ਜੀ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ ਤੋਂ ਮਿਲਦੀ ਹੈ।

# ਬਾਈਵਾਰਾਂ ਸਟੀਕ

"ਖਾਲਸਾ ਅਖਬਾਰ ਉਰਦੂ ਲਾਹੌਰ ੧੧ ਜਨਵਰੀ ੧੯੧੮"

ਯੇਹ ਏਕ ਆਠ ਸੌ ਤੀਸ ਸਫ਼ੇ ਕੀ ਜ਼ਖੀਮ ਕਤਾਬ ਹੈ ਜਿਸ ਮੇਂ ਬਾਈ ਵਾਰੋਂ ਕਾ ਨਿਹਾਯਤ ਉਮਦਾ ਬਜ਼ੁਬਾਨ ਪੰਜਾਬੀ ਟੀਕਾ ਕੀਆ ਗਿਆ ਹੈ, ਅਰ ਮੋਟੇ ਟਾਇਪ ਮੇਂ ਗੁਰਬਾਨੀ ਕਾ ਫਿਕਰਾ ਹੈ, ਔਰ ਨੀਚੇ ਸਾਦਾ ਵਾ ਆਮ ਫਹਮ ਤਰੀਕਾ ਪੁਰ ਮਤਲਬ ਲਿਖਾ ਗਿਆ ਹੈ,ਮੁਸੱਨਫ ਕਾ ਨਾਮ ਭਾਈ ਬਿਸ਼ਨ ਸਿੰਘ ਜੀ ਗਿਆਨੀ ਹੈ ਜੋ ਇਸ ਫਨ ਮੇਂ ਕਾਫੀ ਮਹਾਰਤ ਰਖਤੇ ਹੈਂ, ਔਰ ਕਾਬਲ ਅਜ਼ੀਂ ਭਗਤ ਬਾਣੀ, ਭਾਈ ਗੁਰਦਾਸ ਜੀ ਕੀ ਵਾਰਾਂ, ਕਬਿੱਤ ਭਾਈ ਗੁਰਦਾਸ ਜੀ ਆਦਿਕ ਟੀਕੇ ਤਿਆਰ ਕਰ ਚੁਕੇ ਹੈਂ, ਜੋ ਸਿਖ ਪਬਲਕ ਮੇਂ ਨਿਹਾਯਤ ਕਦਰ ਕੀ ਨਿਗਾਹ ਸੇ ਦੇਖੇ ਜਾਤੇ ਹੈਂ, ਕਾਗਜ਼ ਛਪਾਈ ਬਹੁਤ ਉਮਦਾ ਹੈ ਗੁਰ-ਬਾਨੀ ਕਾ ਮਤਲਬ ਬਿਆਨ ਕਰਤੇ ਵਕਤ ਮੁਸੱਨਫ ਨੇਂ ਅਪਨੀ ਤਰਫ ਸੇ ਏਕ ਹਰਫ ਭੀ ਨਹੀਂ ਲਿਖਾ, ਔਰ ਯਹ ਬਹੁਤ ਉਮਦਾ ਕਾਬਲ ਤਾਰੀਫ ਤਰੀਕਾ ਹੈ, ਜਿਸ ਜ਼ਰੂਰਤ ਤਸ਼ਰੀਹ ਹਾਸ਼ੀਆ ਮੇਂ ਬਸੇ ਖਿਆਲ ਕੇ ਦਰਜ ਕੀ ਗਈ ਹੈ, ਗੁਰਬਾਣੀ ਸੇ ਵਾਕਫੀਅਤ ਪੈਦਾ ਕਰਨੇ ਕੇ ਲੀਏ ਐਸੀ ਕਤਾਬੇਂ ਬਹੁਤ ਮੁਫੀਦ ਸਾਬਤ ਹੋ ਸਕਤੀ ਹੈ।

ਟੀਕਾ ਕਾਰ—ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਅਮ੍ਰਿਤਸਰ

ਪੁਸਤਕ ਮਿਲਨ ਦਾ ਪਤਾ—

ਬਾਵਾ ਗਿਆਨ ਸਿੰਘ ਪੁਸਤਕਾਂ ਵਾਲਾ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ

# ਟੀਕਾ ਕਾਰ ਦੇ ਰਚਿਤ ਗ੍ਰੰਥ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

**ਬਾਈਵਾਰਾਂ ਸਟੀਕ**-ਤਤਕਰੇ ਇੰਡੈਕਸ ਉਥਾਨਕਾ ਭਾਵਾਰਥ ਸਹਿਤ ਇਕ ਇਕ ਸਤਰ ਦਾ ਠੇਠ ਪੰਜਾਬੀ ਟੀਕਾ ਜਿਸ ਦੀ ਪ੍ਰਸੰਸਾ ਸ੍ਰੀ ਹਜ਼ੂਰ ੧੦੮ ਮਹਾਰਾਜਾ ਨਾਭਾ ਜੀ ਨੇ ਪ੍ਰਿੰਸੀਪਲ ਖਾਲਸਾ ਕਾਲਜ ਵਾਦਨ ਸਾਹਿਬ ਪਾਸ ਬਹੁਤ ਕੀਤੀ ਹੈ ਛਪਕੇ ਤਿਆਰ ਹੈ।

**ਭਗਤਾਂ ਦੀ ਬਾਣੀ ਸਟੀਕ**-ਤਤਕਰੇ ਇੰਡੈਕਸ ਉਥਾਨਕਾ ਭਾਵਾਰਥ ਸਹਿਤ ਇੱਕ ਇੱਕ ਸਤਰ ਦਾ ਪੰਜਾਬੀ ਟੀਕਾ ਦੂਸਰੀ ਵਾਰ ਛਪਕੇ ਤਿਆਰ ਹੈ ਇਸ ਟੀਕੇ ਦੀ ਸਭ ਵਿੱਦਵਾਨਾਂ ਨੇ ਬਹੁਤ ਚੰਗੀ ਕਦਰ ਕੀਤੀ ਹੈ।

**ਸ਼ਹੀਦ ਖਾਲਸਾ**-ਇਸ ਗ੍ਰੰਥ ਵਿਚ ਸਾਰੇ ਸ਼ਹੀਦਾਂ ਦੀਆਂ ਸ਼ਹੀਦੀਆਂ ਠੇਠ ਪੰਜਾਬੀ ਬੈਂਤਾਂ ਵਿਚ ਬੜੇ ਸੁੰਦਰ ਢੰਗ ਨਾਲ ਦਸੀਆਂ ਹਨ ਅਰ ਇਹ ਇਕ ਵੇਰੀ ਖਾਲਸਾ ਕਾਲਜ ਦੇ ਲੜਕਿਆਂ ਨੇ ਛਪਵਾਕੇ ਆਪੋ ਵਿਚ ਦੀ ਹਥੋ ਹਥ ਵੰਡ ਲਿਆ ਹੈ ਹੁਣ ਦੂਸਰੀ ਵਾਰ ਫਿਰ ਛਪਕੇ ਪੰਥ ਦੀ ਸੇਵਾ ਵਿਚ ਅਰਪਨ ਕੀਤਾ ਜਾਵੇਗਾ।

**ਸ਼ੇਰ ਖਾਲਸਾ**-ਏਸ ਪੁਸਤਕ ਵਿਚ ਸਾਰੇ ਸ਼ੇਰ ਬਹਾਦਰ ਸਿੰਘਾਂ ਸ਼ਹੀਦ ਦੀਪ ਸਿੰਘ ਜੀ ਆਦਿਕਾਂ ਦਾ ਹਾਲ ਪੰਜਾਬੀ ਬੈਂਤਾਂ ਵਿਚ ਵਰਨਨ ਹੈ।

**ਸੂਰਬੀਰ ਖਾਲਸਾ**-ਏਸ ਪੁਸਤਕ ਵਿਚ ਬਾਰਾਂ ਮਿਸਲਾਂ ਦੇ ਰਾਜਿਆਂ ਮਹਾਰਾਜਿਆਂ ਨਾਭਾ, ਪਟਿਆਲਾ, ਜੀਂਦ, ਫਰੀਦਕੋਟ, ਕਪੂਰਥਲਾ ਆਦਿ ਰਿਆਸਤਾਂ ਦਾ ਪੰਜਾਬੀ ਬੈਂਤਾਂ ਵਿਚ ਵਰਨਨ ਹੈ।

**ਮਹਾਰਾਜ ਖਾਲਸਾ**-ਇਸ ਪੁਸਤਕ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਅਰ ਹਰੀ ਸਿੰਘ ਜੀ ਨਲੂਏ, ਅਕਾਲੀ ਫੂਲਾ ਸਿੰਘ ਦਾ ਹਾਲ ਅਰ ਬੁਰਛੇ ਗਰਦੀਆਂ ਓੜਕ ਬੁਰਛਿਆਂ ਮਲਾਹਾਂ ਨੇ ਸਿੱਖਾਂ ਦਾ ਜਹਾਜ ਅਥਾਹ ਸਮੁੰਦਰ ਵਿਚ ਡਾਵਾਂ ਡੋਲ ਕਰਕੇ ਛੱਡ ਦੇਣਾ ਅਰ ਮੁਦਕੀ, ਫੀਰੋਜ਼ਪੁਰ, ਸਭਰਾਵਾਂ ਅਲੀਵਾਲ ਚੇਲੀਆਂ ਮੌਜਾਂਆਂ ਆਦਿਕ ਲੜਾਈਆਂ ਦਾ ਵਰਨਨ ਤੇ ਦਲੀਪ ਸਿੰਘ ਨੇ ਵਲੈਤ ਜਾਣਾ ਇਤਯਾਦਕ ਹਾਲ ਹੈ।

## ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ ਅੰਮ੍ਰਿਤਸਰ

੧ ੴ ਸਤਿਗੁਰਪ੍ਰਸਾਦਿ ॥

# ਮਹਾਰਾਜ ਖਾਲਸਾ

[ਉਸਤਤਿ ਅਕਾਲ ਪੁਰਖ]

ਵਾਹਿਗੁਰੂ ਦੀ ਮੇਹਰ ਦੇ ਨਾਲ ਪਜਾਰੇ ਪੰਛੀ ਪਾਵੇ ਅਕਾਸ ਦਾ ਅੰਤ ਸੰਤੋ
ਵਾਹਿਗੁਰੂ ਦੀ ਮੇਹਰ ਦੇ ਨਾਲ ਪਜਾਰੇ ਮੱਛੀ ਗਾਹੇ ਸਮੁੰਦ੍ਰ ਅਨੰਤ ਸੰਤੋ
ਵਾਹਿਗੁਰੂ ਦੀ ਸ਼ਕਤਿ ਦੇ ਨਾਲ ਪਜਾਰੇ ਪਿੰਗਲ ਚੜ੍ਹੇ ਪਹਾੜ ਬੇਅੰਤ ਸੰਤੋ
ਏਸੇ ਵਾਸਤੇ ਪਹਿਲੇ ਮੈਂ ਬਿਸ਼ਨ ਸਿੰਘਾ ਧਜਾਯਾ ਇਕ ਅਕਾਲ ਭਗਵੰਤ ਸੰਤੋ

[ਸ੍ਰੀ ਗੁਰੂ ਨਾਨਕ ਦੇਵ ਜੀ]

ਤਾਰੰਨ ਤਰਨੇ ਸੰਸਾਰ ਨੂੰ ਪਾਰ ਕੀਤਾ, ਕੀਤਾ ਨਾਮ ਦਾ ਬੜਾ ਵਿਸਤਾਰ ਗੁਰ ਜੀ
ਤਾਰ ਦਿੱਤਾ ਸੰਸਾਰ ਸਮੁੰਦ੍ਰ ਉਤੋਂ ਗਰਕ ਜਾਣਾ ਸੀ ਜਗਤ ਪਤਾਰ ਗੁਰ ਜੀ
ਤਾਰ ਲਾਈ ਅਕਾਲ ਦੇ ਨਾਲ ਸਭ ਦੀ ਦਿੱਤਾ ਸਾਗਰੋਂ ਪਾਰ ਉਤਾਰ ਗੁਰ ਜੀ
ਤਾਰ ਮਾਰ ਵਿਕਾਰ ਤਮਾਮ ਪੰਛੀ ਦਿਤੇ ਹੈਨ ਉਡਾਇ ਕਤਾਰ ਗੁਰ ਜੀ
ਤਾਰ ਵੱਜਾ ਅਗਜਾਨ ਦਾ ਬੰਦਿਆਂ ਨੂੰ ਖੋਲ੍ਹ ਦਿੱਤਾ ਗਿਆਨ ਚਿਤਾਰ ਗੁਰ ਜੀ
ਤਾਰ ਤਾਰ ਬੰਦੂਕ ਤੋਂ ਮਾਰ ਗੋਲੀ ਕੀਤਾ ਕਾਮ ਸ਼ਿਕਾਰ ਦਤਾਰ ਗੁਰ ਜੀ
ਤਾਰ ਰੰਬ ਬੇਤਾਰ ਸਤਾਰ ਕੀਤੀ ਮੱਖਣ ਨਾਮ ਨਿਤਾਰ ਭਤਾਰ ਗੁਰ ਜੀ
ਤਾਰ ਵਿਚ ਅਕਾਸ਼ ਨਿਸ਼ਤ੍ਰਾਰ ਛਡੇ ਬਿਸ਼ਨ ਸਿੰਘ ਗੁਰ ਨਾਨਕ ਅਵਤਾਰ ਗੁਰ ਜੀ

{ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਕਲਗੀਧਰ
ਜੀ ਨੂੰ ਨਮਸਕਾਰ ਤੇ ਬੇਨਤੀ}

ਸੱਚੇ ਪਾਤਸ਼ਾਹ ਗੁਰੂ ਦਸਮੇਸ ਮੇਰੇ ਚਰਨ ਆਪ ਦੇ ਸਿਰ ਨਿਵਾ ਦਿਆਂ
ਕਰੋ ਬੁੱਧ ਨਿਰਮਲ ਇਸ ਜੀਵ ਸੰਦੀ ਹਾਲ ਸਿੰਘਾਂ ਦਾ ਕੁਝ ਸੁਣਾ ਦਿਆਂ
ਛੰਦ ਬੰਦ ਅਰ ਬਾਰਤਾਂ ਛੱਡ ਕਰਕੇ ਸਿੱਧੇ ਬੈਂਤ ਪੰਜਾਬੀ ਬਣਾ ਦਿਆਂ
ਹਾਲ ਦਸ ਮਹਾਰਾਜ ਰਣਜੀਤ ਸਿੰਘ ਦਾ ਗੁਰੂ ਪੰਥ ਦੇ ਹੱਥ ਫੜਾ ਦਿਆਂ
ਮੌਜ ਦੱਸਕੇ ਸਿੰਘਾਂ ਦੇ ਰਾਜ ਸੰਦੀ ਵੀਰ ਪੰਥ ਨੂੰ ਬੜਾ ਹਸਾ ਦਿਆਂ
ਬੁਰਛੇ ਗਰਦੀਆਂ ਦੇ ਹਾਲ ਦਸ ਕਰਕੇ ਪਜਾਰੇ ਭਾਈਆਂ ਤਾਈਂ ਰੁਆ ਦਿਆਂ
ਕਰੋ ਮੇਹਰ ਮੈਂ ਲਹਿਰ ਦੇ ਵਿਚ ਆਕੇ ਅਜ ਕਵਿਤਾ ਦੀ ਨਹਿਰ ਵਗਾ ਦਿਆਂ
ਹੋਯਾ ਸੁਪਨਾ ਸੰਸਾਰ ਤੇ ਬਿਸ਼ਨ ਸਿੰਘਾ ਰਾਜ ਸਿੰਘਾਂ ਦਾ ਫੇਰ ਵਿਖਾ ਦਿਆਂ

{ ਦਸਾਂ ਪਾਤਸ਼ਾਹੀਆਂ ਦਾ ਸਰੂਪ ਜਾਹਰਾ ਜਹੂਰ }
{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ }

ਦਸਾਂ ਗੁਰਾਂ ਦਾ ਰੂਪ ਗੁਰੂ ਗ੍ਰੰਥ ਸਾਹਿਬ ਤਿਸਦੀ ਬਾਣੀ ਪਵਿਤ੍ਰ ਜਗਾਉਣ ਵਾਲੀ
ਜੀਵਾਂ ਪਾਪੀਆਂ ਡੁਬਦਿਆਂ ਜਾਂਦਿਆਂ ਨੂੰ ਭਵ ਸਿੰਧ ਤੋਂ ਪਾਰ ਲੰਘਾਉਣ ਵਾਲੀ
ਸ਼ਾਂਤਿ ਰਸ ਵੈਰਾਗ ਦੇ ਮਈ ਸਾਰੀ ਸੜਦੇ ਹਿਰਦਿਆਂ ਤੇ ਠੰਢ ਪਾਉਣ ਵਾਲੀ
ਬਾਣੀ ਗੁਰੂ ਗ੍ਰੰਥ ਦੀ ਬਿਸ਼ਨ ਸਿੰਘਾ ਵਾਹਿਗੁਰੂ ਦੇ ਨਾਲ ਮਿਲਾਉਣ ਵਾਲੀ

[*ਗੁਰੂ ਖਾਲਸੇ ਦਾ ਸੇਵਕ]

ਗੁਰੂ ਖਾਲਸਾ ਪਿਆਰਿਆਂ ਭਾਈਆਂ ਦੇ ਰਹਾਂ ਸਦਾ ਹੀ ਗੀਤੜੇ ਗਾਂਵਦਾ ਮੈਂ
ਗੁਰੂ ਖਾਲਸੇ ਨੂੰ ਨਮਸਕਾਰ ਕਰਕੇ ਹੁਣ 'ਸਿੰਘਾਂ ਦਾ ਹਾਲ ਸੁਣਾਂਵਦਾ' ਮੈਂ
ਗੁਰੂ ਖਾਲਸੇ ਦੀ ਸਦਾ ਸੇਵ ਕਰਕੇ ਰਹਾਂ ਪੰਥ ਦਾ ਸੇਵਕ ਕਹਾਂਵਦਾ ਮੈਂ
ਪੰਥ ਗੁਰੂ ਦਾ ਰੂਪ ਹੈ ਬਿਸ਼ਨ ਸਿੰਘਾ ਇਸ ਲਈ ਪੰਥ ਨੂੰ ਸਿਰ ਨਿਵਾਂਵਦਾ ਮੈਂ

[ਕਵੀ]

ਹੁਣ ਓਸਦਾ ਹਾਲ ਮੈਂ ਦਸਨਾਂ ਹਾਂ ਨਾਮ ਸ਼ੇਰੇ ਪੰਜਾਬ ਕਹਾਯਾ ਜਿਸਨੇ

---

[*ਗ੍ਰੰਥ ਸਰਬ ਲੋਹ† ਪਾਤਸ਼ਾਹੀ ੧੦]

ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹ ਹਉ ਕਰੋ ਨਿਵਾਸ
ਖਾਲਸਾ ਮੇਰੋ ਮੁਖ ਹੈ ਅੰਗਾ, ਖਾਲਸੇ ਕੇ ਹਉ ਬਸਤ ਸਦ ਸੰਗਾ
ਖਾਲਸਾ ਮੇਰੋ ਇਸ਼ਟ ਸੁਹਿਰਦ, ਖ਼ਾਲਸਾ ਮੇਰੋ ਕਹੀਅਤ ਬਿਰਦ
ਖਾਲਸਾ ਮੇਰੋ ਪੱਛ ਅਰ ਪਾਦ, ਖ਼ਾਲਸਾ ਮੇਰੋ ਸੁਖ ਅਹਿਲਾਦ
ਖਾਲਸਾ ਮੇਰੋ ਮਿੱਤ੍ਰ ਸਖਾਈ, ਖਾਲਸਾ ਮਾਤ ਪਿਤਾ ਸੁਖਦਾਈ
ਖਾਲਸਾ ਮੇਰੀ ਸੋਭਾ ਸੀਲ, ਖਾਲਸਾ ਬ੍ਰਿਧੁ ਸਦਾ ਮਮ ਭੀਲ
ਖਾਲਸਾ ਮੇਰੀ ਜਾਤ ਅਰੁ ਪਤ, ਖਾਲਸਾ ਸੋਮਾ ਕੋ ਉਤਪਤ
ਖਾਲਸਾ ਮੇਰੋ ਭਵਨ ਭੰਡਾਰ, ਖਾਲਸੇ ਕਰ ਮੇਰੋ ਸਦ ਕਾਰ
ਖਾਲਸਾ ਮੇਰੋ ਸ੍ਵਜਨ ਪਰਵਾਰ, ਖਾਲਸਾ ਮੇਰੋ ਕਰਤ ਉਧਾਰ
ਖਾਲਸਾ ਮੇਰੋ ਪਿੰਡ ਪਰਾਣ, ਖਾਲਸਾ ਮੇਰੀ ਜਾਨ ਕੀ ਜਾਨ
ਮਾਨ ਮਹਤ ਮੇਰੋ ਖਾਲਸਾ ਸਹੀ, ਖਾਲਸਾ ਮੇਰੋ ਸ੍ਵਾਰਥ ਕਹੀ
ਖਾਲਸਾ ਮੇਰੋ ਕਰੇ ਨਿਰਵਾਹੰ, ਖਾਲਸਾ ਮੇਰੋ ਦੇਹ 'ਅਰ ਸ਼ਾਹ
ਖਾਲਸਾ ਮੇਰੋ ਧਰਮ ਅਰ ਕਰਮ, ਖਾਲਸਾ ਮੇਰੋ ਭੇਟ ਨਿਜ ਪਰਮ
ਖਾਲਸਾ ਮੇਰੋ ਸਦ ਗੁਰ ਪੂਰਾ, ਖਾਲਸਾ ਮੇਰੋ ਸਾਜਨ ਪੂਰਾ

†ਪੰਡਤ ਤਾਰਾ ਸਿੰਘ ਜੀ ਗੁਰਮਤ ਨਿਰਣੇ ਸਾਗਰ ਵਿਚ ਇਸ ਗ੍ਰੰਥ ਦਾ ਕਰਤਾ ਭਾਈ ਸੁਖਾ ਸਿੰਘ ਜੋ ਤਖਤ ਪਟਣਾ ਸਾਹਿਬ ਜੀ ਦਾ ਗ੍ਰੰਥੀ ਦਸਦੇ ਹਨ।

ਮਹਾਰਾਜ ਪੰਜਾਬ ਦਾ ਸੂਰਜ ਹੋਕੇ ਨਾਮ ਸਿੰਘ ਰਣਜੀਤ ਸਦਾਯਾ ਜਿਸਨੇ
ਸਾਰੇ ਸਿਖਾਂ ਬਹਾਦਰਾਂ ਵਿਚੋਂ ਪਿਆਰੇ ਬੜਾ ਰੱਜਕੇ ਰਾਜ ਕਮਾਯਾ ਜਿਸਨੇ
ਅਪਣੇ ਨਾਮ ਨੂੰ ਰਤਾ ਨਾ ਰੋਸ਼ਨ ਕੀਤਾ ਨਾਨਕ ਸ਼ਾਹੀ ਹੈ ਸਿੱਕਾ ਚਲਾਯਾ ਜਿਸਨੇ
ਸਾਰੇ ਸਿਖਾਂ ਦੇ ਵਿਚੋਂ ਰਣਜੀਤ ਹੋਕੇ ਬੜਾ ਵਧਕੇ ਹਥ ਵਿਖਾਯਾ ਜਿਸਨੇ
ਸਤਲੁਜ, ਪਸ਼ੌਰ, ਜਮਰੋਦ ਤੀਕਣ ਮੁਲਕ ਬਾਹਾਂ ਦੇ ਜੋਰ ਦਬਾਯਾ ਜਿਸਨੇ
ਬੜਿਆਂ ਬੜਿਆਂ ਬਘੇਲਿਆਂ ਜਾਲਮਾਂ ਤੋਂ ਭਾਰਤ ਬੱਕਰਾ ਆਪ ਬਚਾਯਾ ਜਿਸਨੇ
ਕਾਬਲ ਵਾਲੇ ਪਠਾਣਾਂ ਦੁਰਾਨੀਆਂ ਨੂੰ ਇਸ ਮੁਲਕ ਤੋਂ ਆਉਣਾ ਹਟਾਯਾ ਜਿਸਨੇ
ਨਾਲੇ ਕਾਬਲੀ ਨਾਮ ਲੈ ਪਏ ਡਰਦੇ ਐਸਾ ਰੋਬ ਪਠਾਣਾ ਤੇ ਪਾਯਾ ਜਿਸਨੇ

---

(੨ ਸਫ਼ੇ ਦਾ ਬਾਕੀ ਨੋਟ)

•ਖਾਲਸਾ ਮੇਰੋ ਬੂਧਿ ਅਰ ਗਿਆਨ, ਖਾਲਸੇ ਕਾ ਹਉ ਧਰੋਂ ਧਿਆਨ
ਉਪਮਾ ਖਾਲਸਾ ਜਾਤ ਨ ਕਹੀ, ਜਿਹਵਾ ਏਕ ਪਾਰ ਨਹੀਂ ਲਈ
ਸੇਸ ਰਸਨ ਸਾਰਦ ਸੀ ਬੁਧਿ, ਤੱਦਪ ਨ ਉਪਮਾ ਬਰਨਤ ਬੁਧਿ
ਯਾ ਮੈਂ ਰੰਚ ਨ ਮਿਥਿਆ ਭਾਖੀ, ਗੁਰ ਪਾਰਬ੍ਰਹਮ ਗੁਰ ਨਾਨਕ ਸਾਖੀ
ਰੋਮ ਰੋਮ ਰਸਨਾਂ ਜੋ ਪਾਵੈ, ਤਦਪ ਨ ਖਾਲਸਾ ਜਨ ਜਹ ਤਰਾਓ
ਹਉ ਖਾਲਸੇ ਕੋ ਖਾਲਸਾ ਮੇਰੋ, ਓਤ ਪੋਤ ਸਾਗਰ ਬੂੰਦੇਰੋ

ਖਾਲਸੇ ਕੋ ਪ੍ਰਸ਼ਾਦ ਕਰ ਸੁਤ ਬਿਧ ਕੋ ਸਤ ਭੰਡਾਰ
ਰਾਜ ਮਾਲ ਸਾਦਨ ਸ਼ਕਲ ਪੁਤ੍ਰ ਕਲਿਤ੍ਰ ਬਿਵਹਾਰ
ਲਸ਼ਕਰ ਨੇਬ ਖਵਾਸ. ਬਿਤ ਅਨਚਰ ਦਾਸੀ ਦਾਸ
ਮਿੱਤ੍ਰ ਕੁਟੰਬ ਧਨ ਭਵਨ ਮਮ ਸਮ੍ਰਿਧ ਕ੍ਰਿਪਾ ਕਰਤਾਸ
ਗਿਰ ਬਾਰੀ ਅਰ ਸਾਹਿਬੀ ਤਨ ਮਨ ਪਿੰਡ ਪਰਾਣ
ਪ੍ਰਸ਼ਾਦ ਖਾਲਸੇ ਕਰ ਮਿਲਿਓ ਦਾਨ ਮਨਸਨੋ ਮਾਨ
ਕ੍ਰਿਪਾ ਵੰਤ ਖਾਲਸਾ ਸਗਲ ਤਿਹ ਪ੍ਰਸ਼ਾਦ ਭਇਓ ਗੌਰ
ਮੋਸੇ ਰੰਕ ਅਨਾਥ ਜਗ ਭਟਕਤ ਫਿਰਤ ਕਰੋਰ
ਸੇਵ ਖਾਲਸੇ ਕੀ ਸਫਲ ਪੂਜ ਅਸ ਤਵਨ ਅਰਘ ਪਾਦ
ਦਾਨ ਮਾਨ ਸਨਸਾਨ ਕਰ ਖੋੜਸ ਬਿਧ ਕੋ ਸੁਾਦ
ਆਨ ਸੇਵ ਨਹਿ ਸਫਲ ਕੁਛ ਈਤ ਊਤ ਪਰ ਲੋਕ
ਨਿਹੰਫਲ ਸੇਵਾ ਤਿਸ ਬਿਨਾ ਕਬੀ ਹਰਖ ਕਬੀ ਸੋਕ
ਜਜਨ ਭਜਨ ਮਮ ਖਾਲਸਾ ਖਾਲਸਾ ਪੂਜਬੇ ਜੋਗ
ਦਾਸ ਗੋਬਿੰਦ ਫਤਹ ਖਾਲਸਾ ਦ੍ਰਸ਼ਨ ਪਰਸ ਮਿਟੇ ਰੋਗ

(ਬਾਕੀ ਫੁਟ ਨੋਟ ਦੇਖੋ ਸਫਾ ੪)

ਬੜਿਆਂ ਬੜਿਆਂ ਹੰਕਾਰੀਆਂ ਯੋਧਿਆਂ ਨੂੰ ਕਈ ਵਾਰ ਮਦਾਨੋ ਭਜਾਯਾ ਜਿਸਨੇ
ਬਾਰ ਬਾਰ ਜੋ ਪਰਲੈ ਲਿਆਂਵਦੇ ਸੀ ਪੌਣ ਬੱਦਲਾਂ ਤਾਈਂ ਉਡਾਯਾ ਜਿਸਨੇ
ਸਿਖ ਧਰਮ ਦਾ ਬੜਾ ਪਰਚਾਰ ਕੀਤਾ ਰਾਜ ਪਾਪ ਦਾ ਆਪ ਉਠਾਯਾ ਜਿਸਨੇ
ਵਾਂਗ ਮਾਲੀਆਂ ਬੂਟੀਆਂ ਪਾਲੀਆਂ ਨੇ ਸੋਹਣਾ ਬਾਗ ਪੰਜਾਬ ਵਸਾਯਾ ਜਿਸਨੇ
ਅਪਣੇ ਸਿਰ ਤੇ ਮੁਸੀਬਤਾਂ ਝਲ ਕਰਕੇ ਥੇਹ ਪਿੰਡ ਨੂੰ ਨਵਾਂ ਬਣਾਯਾ ਜਿਸਨੇ
ਕਾਬਲ ਵਾਲੀਆਂ ਕਿੱਕਰਾਂ ਪੁਟ ਨਿੰਮਾਂ ਬਾਗ ਅੰਬਾਂਦਾ ਭਾਰਤ ਦਾ ਲਾਯਾ ਜਿਸਨੇ
ਬੜਿਆਂ ਸਿਖਾਂ ਸ਼ਹੀਦਾਂ ਪਿਆਰਿਆਂ ਦੇ ਲਹੂ ਸੰਦਾ ਹੈ ਪਾਣੀ ਲਗਾਯਾ ਜਿਸਨੇ
ੜੀ ਸਿੰਘ ਬਹਾਦਰਾਂ ਵਰਗਿਆਂ ਦੇ ਨਾਲ ਖੂਨ ਦੇ ਬਿਰਛ ਵਧਾਯਾ ਜਿਸਨੇ
ਹਥੀਂ ਆਪਣੀ ਬੱਕਰਾ ਪਾਲ ਕਰਕੇ ਲੈ ਕਸਾਈਆਂ ਦੇ ਹਥ ਫੜਾਯਾ ਜਿਸਨੇ

(੩ ਸਫੇ ਦਾ ਬਾਕੀ ਨੋਟ)

ਮੇਰੀ ਇਸ਼ਟ ਅਰ ਨੇਸ਼ਟਾ ਖਾਲਸਾ ਸਾਧੂ ਜਨ ਧਿਆਨ
ਦਰਸ਼ਨ ਪਰਸਨ ਖਾਲਸਾ ਮੁਕਤਿ ਰੂਪ ਸਤ ਜਾਨ
ਆਤਮਾ ਰਸ ਜੋ ਜਾਨ ਹੀ ਸੋ ਹੈ ਖਾਲਸਾ ਦੇਵ
ਪ੍ਰਭ ਮੇ, ਮੋ ਮੈਂ, ਤਾਸ ਮੈਂ, ਰੰਚਕ ਨਾਹ ਨ ਭੇਵ

ਸਤਿਗੁਰ ਆਪ ਨਮੋ ਖਾਲਸੇ ਦੀਨਾ ਦੁਤੀਆ ਰੂਪ ਸਤਿਗੁਰ ਗੁਰ ਗ੍ਰੰਥਾ
ਬੋਲਨ ਸਤਿਗੁਰ ਸ਼ਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ
ਗੁਨਾਨਬਾਦ ਪੁਨ ਸਿਫਤ ਸਲਾਹਨ ਊਠਤ ਬੈਠਤ ਸੈਨ ਕਰੰਥਾ
ਪਾਵਨ ਪੰਥ ਖਾਲਸਾ ਪ੍ਰਗਟਿਓ ਚਾਰ ਬਰਨ ਆਸ਼੍ਰਮ ਸ਼ੁਭ ਪੰਥਾ
ਇਨ ਕੇ ਦਰਸ਼ਨ ਸਤਿਗੁਰ ਕੇ ਦਰਸ਼ਨ ਬੋਲਨ ਗੁਰ ਸ਼ਬਦ ਗੁਰ ਗ੍ਰੰਥਾ
ਦ੍ਵਾਦਸ ਰੂਪ ਸਤਿਗੁਰ ਏਕ ਹੀ ਅਤ ਦ੍ਵਾਦਸ ਭਾਨ ਪ੍ਰਗਟੇ ਹਰ ਸੰਤਾ
ਪ੍ਰਤੱਖਜ ਕਲਾ ਪਾਰਬ੍ਰਹਮ ਧਣੀਛੇ ਗ੍ਰੰਥ ਪੰਥ ਖਾਲਸਾ ਵਰਤੰਤਾ
ਦਾਸ ਗੋਬਿੰਦ ਫਤਹ ਸਤਿਗੁਰ ਕੋ ਖਾਲਸਾ ਗ੍ਰੰਥ ਗੁਰ ਰੂਪ ਬਦੰਤਾ
ਅਕਾਲ ਪੁਰਖ ਦੀ ਆਗਿਆ ਪਾਏ ਪ੍ਰਗਟ ਭਇਓ ਯਾ ਰੂਪ ਮੁਨਵਰ ਕੋ
ਜਟਾ ਜੂਟ ਨਖ ਸਿਖ ਕਰ ਪਾਵਨ ਭਗਤ ਸੂਰ ਦੋਊ ਰੂਪ ਨਰਵਰ ਕੋ
ਚੱਕ੍ਰਵੈ ਪਦ ਦਾਤ ਧੁਤੈ ਪਾਇਓ ਧਰਮਰਾਜ ਭੂਚਤ ਗਿਰਵਰ ਕੋ
ਉਦੇ ਅਸਤ ਸਮੁੰਦ੍ਰ ਪ੍ਰਜੰਤੰ ਅਬਚਲ ਰਾਜ ਮਿਲਿਓ ਸੁਰ ਪੁਰ ਕੋ
ਪੰਥ ਖਾਲਸਾ ਭਇਓ ਪੁਨੀਤਾ ਪ੍ਰਭ ਆਗਿਆ ਕਰ ਉਦਿਤ ਭਏ
ਮਿਟਿਓ ਦ੍ਵੈਤ ਜਗਤ ਉਪਾਧਨ ਅਸੁਰ ਮਲੇਛ ਸਨ ਮੂਲ ਗਏ
ਧਰਮ ਪੰਥ ਖਾਲਸਾ ਪ੍ਰਚੁਰ ਭਉ ਸਤ ਸ੍ਰੀ ਰੂਪ ਪ੍ਰੰਨਜ ਰੂਪ ਜਏ
ਕਛ ਕੇਸ ਕ੍ਰਿਪਾਨ ਤ੍ਰੈ ਮੁੰਦ੍ਰਾ ਗੁਰ ਭਗਤਾਂ ਰਾਮਦਾਸ ਭਏ

ਰਖ ਡੋਗਰੇ ਆਪਣੇ ਰਾਜ ਅੰਦਰ ਬੇੜਾ ਆਪਨਾ ਆਪ ਡੁਬਾਯਾ ਜਿਸਨੇ
ਨਾਲ ਸਿਦਕ ਦੇ ਆਪਣਾ ਦਲ ਸਾਰਾ ਹੋੜ੍ਹ ਅਟਕ ਦੇ ਵਿਚੋਂ ਲੰਘਾਯਾ ਜਿਸਨੇ
ਬੜੇ ਗਿਲਜਿਆਂ ਮਾਣੂਆਂ ਖਾਣਿਆਂ ਨੂੰ ਕਾਬਲ ਤਕ ਭਜਾਯਾ ਨਸਾਯਾ ਜਿਸਨੇ
ਸਤਲੁਜ ਤੋਂ ਲੈ ਜਮਰੌਦ ਤੀਕਣ ਖੁਲੇ ਦਿਲ ਹੈ ਘੋੜਾ ਦੁੜਾਯਾ ਜਿਸਨੇ
ਪਈਆਂ ਰੈਂਹਦੀਆਂ ਭਾਜੜਾਂ ਨਿਤ ਸੀਆਂ ਜਗਤ ਨਾਲ ਅਰਾਮ ਬਹਾਯਾ ਜਿਸਨੇ
ਰਾਮਬਾਗ, ਗੁਬਿੰਦ ਗੜ੍ਹ ਨਾਮ ਰਖੇ ਆਪਣਾ ਨਾਮ ਹੈ ਨਹੀਂ ਰਖਾਯਾ ਜਿਸਨੇ
ਹੌਲੇ ਹੌਲੇ ਸਭ ਸਿਖਾਂ ਦਾ ਰਾਜ ਸਾਰਾ ਆਪਣੇ ਰਾਜ ਦੇ ਨਾਲ ਮਿਲਾਯਾ ਜਿਸਨੇ
ਅਪਣੇ ਤੇਜ ਪਰਤਾਪ ਦੇ ਨਾਲ ਲੋਕੋ ਬੜਿਆਂ ਬੜਿਆਂ ਨੂੰ ਅਗੇ ਨਿਵਾਯਾ ਜਿਸਨੇ
ਇਕ ਗੁਰੂ ਅਕਾਲ ਬਗੈਰ ਪਿਆਰੇ ਕਿਸੇ ਅਗੇ ਨ ਮੱਥਾ ਝੁਕਾਯਾ ਜਿਸਨੇ
ਮੈਂ ਗੁਰੂ ਦਾ ਦਾਸ ਇਹ ਰਾਜ ਗੁਰ ਦਾ ਐਸੇ.ਨਿੰਮ੍ਰਤਾ ਨਾਲ ਸੁਣਾਯਾ ਜਿਸਨੇ
ਪਾਤਸ਼ਾਹ ਮਹਾਰਾਜ ਕੰਹਾ ਕਰਕੇ ਨਹੀਂ ਆਪਨਾ ਆਪ ਜਤਾਯਾ ਜਿਸਨੇ
ਕਾਣਾ ਆਖਿਆਂ ਗੁਸਾ ਨਾ ਰਤਾ ਕੀਤਾ ਸਗੋਂ ਦੇ ਇਨਾਮ ਹਸਾਯਾ ਜਿਸਨੇ
ਚੰਗੀ ਤਰਾਂ ਲਾਹੌਰ ਦੇ ਵਿਚ ਬਹਿਕੇ ਰਾਜ ਕਰ ਆਨੰਦ ਮਨਾਯਾ ਜਿਸਨੇ
ਡਾਕੂ ਚੋਰਾਂ ਨੂੰ ਪੁਛਿਆ ਤਾੜਿਆ ਹੈ ਐਵੇਂ ਕਿਸੇ ਨੂੰ ਨਹੀਂ ਬੁਲਾਯਾ ਜਿਸਨੇ
ਹਰ ਇਕ ਦੇ ਦਿਲ ਦਾ ਹਾਲ ਸਾਰਾ ਅੰਤਰਜਾਮੀਆਂ ਵਾਂਗ ਬਤਾਯਾ ਜਿਸਨੇ
ਐਂਵੇ ਬੇ ਗੁਨਾਹਿਆਂ ਫਾਬਿਆਂ ਨੂੰ ਹੁਕਮ ਦੇਕੇ ਤੁਰਤ ਛੁਡਾਯਾ ਜਿਸਨੇ
ਬਾਰਾਂ ਜੱਥਿਆ ਨੂੰ ਤੋੜਕੇ ਪਿਆਰਿਓ ਜੀ ਇਕ ਸਿਖਾਂ ਦਾ ਰਾਜ ਬਣਾਯਾ ਜਿਸਨੇ
ਦਸਾਂ ਓਸਦਾ ਹਾਲ ਮੈਂ ਬਿਸ਼ਨ ਸਿੰਘਾ ਆਕੇ ਸਿਖਾਂ ਨੂੰ ਸੁਖ ਕੁਗਾਯਾ ਜਿਸਨੇ

{ ੨ ਮੱਘਰ ਵਦੀ ੫ ਸੰਮਤ ੧੮੩੭ ਬਿਕ੍ਰਮੀ. ੧੯ ਘੜੀ ੧੩ ਪਲ
ਦਿਨ ਚੜ੍ਹੇ ਮੰਗਲਵਾਰ ਚੰਗੀ ਸਾਇਤ ਵਿਚ ਮਹਾਰਾਜਾ
ਰਣਜੀਤ ਸਿੰਘ ਜੀ ਨੇ ਜਨਮ ਲਿਆ }

ਰਾਜ ਕੌਰ ਦੀ ਕੁਖੋਂ ਰਣਜੀਤ ਸਿੰਘ ਨੇ ਮਹਾਂ ਸਿੰਘ ਦੇ ਘਰ ਅਵਤਾਰ ਲੀਤਾ
ਗੁਜਰਾਂ ਵਾਲੇ ਦੇ ਵਿਚ ਨੇ ਹੋਇ ਪਰਗਟ ਮਹਾਂ ਸਿੰਘ ਅਨੰਦ ਅਪਾਰ ਕੀਤਾ
ਏਸ ਖੁਸ਼ੀ ਦੇ ਵਿੱਚ ਹੀ ਮਹਾਂ ਸਿੰਘ ਨੇ ਦਾਨ ਗਰੀਬਾਂ ਨੂੰ ਕਈ ਹਜ਼ਾਰ ਕੀਤਾ
ਮਹਾਂ ਸਿੰਘ ਦਾ ਪੁੱਤ੍ਰ ਇਹ ਬਿਸ਼ਨ ਸਿੰਘਾ ਪ੍ਰਗਟ ਗੁਰਾਂ ਨੇ ਬੜਾ ਬਲਕਾਰ ਕੀਤਾ

{ ਮਹਾਂ ਸਿੰਘ ੫ ਵਿਸਾਖ ਸੰ: ੧੮੪੭ ਬਿਕ੍ਰਮੀ ਨੂੰ ਜਹ
ਚਲਾਣਾ ਕਰ ਗਏ ਤਾਂ ਰਣਜੀਤ ਸਿੰਘ ਰਾਜਾ ਬਣਿਆਂ }

ਏਸ ਝੂਠੇ ਸੰਸਾਰ ਨੂੰ ਛੋਡ ਕਰਕੇ ਮਹਾਂ ਸਿੰਘ ਪਰਲੋਕ ਪਧਾਰ ਗਏ
ਮਹਾਂ ਸਿੰਘ ਦੇ ਪਿਛੋਂ ਰਣਜੀਤ ਸਿੰਘ ਜੀ ਸਾਰੇ ਮੁਲਕ ਦੇ ਬਣ ਸਰਕਾਰ ਗਏ
ਮਹਾਰਾਜ ਰਣਜੀਤ ਸਿੰਘ ਦੇ ਸਾਰੇ ਤਾਬੇਦਾਰ ਨੇ ਹੋਇ ਸਰਦਾਰ ਗਏ
ਵਡੇ ਵਡੇ ਸਰਦਾਰ ਵੀ ਬਿਸ਼ਨ ਸਿੰਘਾ ਏਸ ਬਾਲਕ ਤੋਂ ਆਕੇ ਹਾਰ ਗਏ

{ ਸੰ: ੧੮੫੪ ਬਿ: ਨੂੰ ਸਦਾਕੌਰ ਰਣਜੀਤ ਸਿੰਘ ਦੀ ਸੱਸ ਨੇ ਜੱਸਾ ਸਿੰਘ ਰਾਮਗੜ੍ਹੀਏ ਦੀ ਬਾਬਤ ਰਣਜੀਤ ਸਿੰਘ ਨੂੰ ਲਿਖਿਆ }

ਸਦਾ ਕੌਰ ਨੇ ਕਿਹਾ ਰਣਜੀਤ ਸਿੰਘ ਨੂੰ ਮੇਰੀ ਸੁਣ ਇਹ ਗਲ ਤੂੰ ਚੰਦ ਵਾਰੀ
ਜੱਸਾ ਸਿੰਘ ਦੁਖਾਉਂਦਾ ਬਹੁਤ ਮੈਨੂੰ ਇਸਦੇ ਭੰਨ ਤੂੰ ਆਕੇ ਦੰਦ ਵਾਰੀ
ਧੀ ਦੇ ਮੈਂ ਪੁਤ ਬਣਾਇਆ ਤੈਨੂੰ ਰਹੇਂ ਜੀਉਂਦਾ ਕਰ ਅਨੰਦ ਵਾਰੀ
ਜੱਸਾ ਸਿੰਘ ਸਤਾਉਂਦਾ ਨਿੱਤ ਮੈਨੂੰ ਇਹਨੂੰ ਕਰ ਤੂੰ ਆਕੇ ਬੰਦ ਵਾਰੀ
ਤੇਰੇ ਪਿਓ ਦਾ ਕਹਿਣਾ ਮੈਂ ਮੰਨ ਕਰਕੇ ਇਸਦਾ ਮੋੜਿਆ ਦੇਸ ਬੁਲੰਦ ਵਾਰੀ
ਐਪਰ ਜੀਉਂਣ ਨਾ ਦੇਂਦਾ ਇਹ ਬਿਸ਼ਨ ਸਿੰਘਾ ਮੈਨੂੰ ਏਹ ਨਾ ਗਲ ਪਸੰਦ ਵਾਰੀ

{ ਮਹਾਰਾਜ ਨੇ ਸੱਸ ਦੇ ਆਖੇ ਲੱਗਕੇ ਜੱਸਾ ਸਿੰਘ ਰਾਮਗੜ੍ਹੀਏ ਤੇ ਚੜ੍ਹਾਈ ਕਰਕੇ ਜਾਣਾ ਤੇ ਹਾਰ ਖਾਕੇ ਆਉਣਾ }

ਸਦਾਕੌਰ ਦਾ ਆਖਿਆ ਮੰਨ ਕਰਕੇ ਆਯਾ ਚੜ੍ਹ ਰਣਜੀਤ ਸਿੰਘ ਖਾਰ ਖਾਕੇ
ਕਿਲੇਮਜਾਣੀ ਵਿਚ ਘੇਰਿਆ ਜੱਸਾਸਿੰਘ ਨੂੰ ਓੜਕ ਆਯਾ ਰਣਜੀਤਸਿੰਘ ਹਾਰ ਖਾਕੇ
ਇਕ ਮਹੀਨਾ ਲੜਾਈ ਸੀ ਹੁੰਦੀ ਰਹੀ ਅੰਤ ਆਯਾ ਮਹਾਰਾਜਾ ਹੀ ਮਾਰ ਖਾਕੇ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਦੌੜ ਆਯਾ ਹੈ ਗੁੱਸਾ ਅਪਾਰ ਖਾਕੇ

[ਪਿਛਲਾ ਜਮਾਨਸ਼ਾਹ ਦਾ ਹਾਲ]

ਪਿਛੇ ਕਹੇ ਪ੍ਰਸੰਗ ਮੈਂ ਬੜੇ ਭਾਰੇ ਸ਼ਾਹ ਜਮਾਨ ਪੰਜਾਬ ਤੇ ਆਯਾ ਸੀਗਾ
ਮੁਰਦੇ ਖਾਣਿਆਂ ਗਿਲਜਿਆਂ ਪਾਪੀਆਂ ਨੇ ਸਾਰੇ ਦੇਸ ਨੂੰ ਬੁਰਾ ਸਤਾਯਾ ਸੀਗਾ
ਨਾਲ ਸਾਹਚੀ ਰਲਕੇ ਗਿਲਜਿਆਂ ਨੇ ਜੀਉਂਦੇ ਲੋਕਾਂ ਨੂੰ ਤਲਕੇ ਖਾਯਾ ਸੀਗਾ
ਸ਼ਾਹ ਜਮਾਨ ਨੇ ਓੜਕ ਦੀ ਵਾਰੀ ਆਕੇ ਡੇਰਾ ਵਿੱਚ ਲਾਹੌਰ ਦੇ ਲਾਯਾ ਸੀਗਾ
ਸ਼ਾਹ ਜਮਾਨ ਦੀ ਫੌਜ ਨੇ ਤੰਗ ਕਰਕੇ ਗਰੀਬਾਂ ਲੋਕਾਂ ਨੂੰ ਮਾਰ ਮੁਕਾਯਾ ਸੀਗਾ
ਓੜਕ ਸਿੰਘਾਂ ਲਾਹੌਰੋਂ ਜਮਾਨ ਸ਼ਾਹ ਨੂੰ ਤੰਗ ਕਰਕੇ ਬੁਰਾ ਭਜਾਯਾ ਸੀਗਾ
ਮਹਾਰਾਜ ਜਮਾਨ ਨੂੰ ਆਉਂਦਿਆਂ ਹੀ ਗੁਜਰਾਂਵਾਲੇ ਦੇ ਵਿਚ ਟਿਕਾਯਾ ਸੀਗਾ
ਓੜਕ ਕੰਢੇ ਝਨਾਓ ਦੇ ਪਾਤਸ਼ਾਹ ਨੂੰ ਬੁਰਾ ਘੇਰਾ ਆ ਸਿੰਘਾਂ ਨੇ ਪਾਯਾ ਸੀਗਾ
ਪਾਤਸ਼ਾਹ ਨੂੰ ਤਦੋਂ ਰਣਜੀਤ ਸਿੰਘ ਨੇ ਪੰਥ ਖਾਲਸੇ ਕੋਲੋਂ ਬਚਾਯਾ ਸੀਗਾ
ਭੱਜੇ ਹੋਏ ਨੂੰ ਮਾਰਨਾ ਨਹੀਂ ਚੰਗਾ ਐਸੇ ਆਖਕੇ ਆਪ ਛੁਡਾਯਾ ਸੀਗਾ
ਪਾਤਸ਼ਾਹ ਜਮਾਨ ਨੇ ਓਸ ਵੇਲੇ ਬੜਾ ਗੁਣ ਮਹਾਰਾਜ ਦਾ ਗਾਯਾ ਸੀਗਾ
ਸ਼ਾਹ ਜਮਾਨ ਨੇ ਸਿੰਘਾਂ ਤੋਂ ਬਚ ਕਰਕੇ ਡੇਰਾ ਵਿਚ ਪਸ਼ੌਰ ਲਗਾਯਾ ਸੀਗਾ
ਬਾਰਾਂ ਤੋਪਾਂ ਝਨਾਉਂਦੇ ਵਿਚ ਰਹੀਆਂ ਮਹਾਰਾਜ ਨੂੰ ਹਾਲ ਸੁਣਾਯਾ ਸੀਗਾ
ਮਹਾਰਾਜ ਰਣਜੀਤ ਸਿੰਘ ਸੁਣ ਕਰਕੇ ਦੇਵਾ ਸਿੰਘ ਨੂੰ ਹੁਕਮ ਅਲਾਯਾ ਸੀਗਾ
ਤੋਪਾਂ ਕੱਢਕੇ ਸ਼ਾਹ ਦੀਆਂ ਦੇ ਆਓ ਮਹਾਰਾਜੇ ਨੇ ਆਪ ਬਤਾਯਾ ਸੀਗਾ
ਅੱਠ ਤੋਪਾਂ ਨੂੰ ਕੱਢਕੇ ਦੇਵਾ ਸਿੰਘ ਨੇ ਝੱਟ ਕਾਬਲ ਦੇ ਵਿਚ ਪਹੁੰਚਾਯਾ ਸੀਗਾ

ਚਾਰ ਤੋਪਾਂ ਦਰਯਾ ਦੇ ਵਿਚ ਰਹੀਆਂ ਬੁਰਾ ਗਾਰੇ ਨੇ ਆ ਦਬਾਯਾ ਸੀਗਾ
ਦੇਵਾ ਸਿੰਘ ਤੇ ਪਾਤਸ਼ਾਹ ਖੁਸ਼ੀ ਹੋਯਾ ਸਿਰੋਪਾਓ ਦੇ ਵਿਦਾ ਕਰਾਯਾ ਸੀਗਾ
ਨਾਲੇ ਰਾਜ ਲਾਹੌਰ ਦਾ ਬਿਸ਼ਨ ਸਿੰਘਾ ਮਹਾਰਾਜ ਨੂੰ ਲਿਖ ਫੜਾਯਾ ਸੀਗਾ

{ ਲਾਹੌਰ ਦੇ ਚੌਧਰੀਆਂ ਨੇ ਲਾਹੌਰ ਦੇ ਤਿੰਨਾਂ ਹਾਕਮਾਂ ਸ੍ਰਦਾਰਾਂ ਤੋਂ ਤੰਗ ਹੋਕੇ ਮਹਾਰਾਜਾ ਰਣਜੀਤ ਸਿੰਘ ਨੂੰ ਲਿਖਣਾ }

ਤਿੰਨ ਹਾਕਮ ਲਾਹੌਰ ਦੇ ਵਿਚ ਹੋਏ ਸਾਰੇ ਲੋਕਾਂ ਨੂੰ ਬੁਰਾ ਸਤਾ ਰਹੇ
ਸਾਰੇ ਚੌਧਰੀ ਸਤ ਸਰਦਾਰਾਂ ਕੋਲੋਂ ਮਹਾਰਾਜ ਨੂੰ ਹਾਲ ਸੁਣਾ ਰਹੇ
ਤੁਸੀ ਆਓ ਲਾਹੌਰ ਦੇ ਵਿਚ ਜਲਦੀ ਅਸੀ ਦੁਖੀ ਹੋ ਝਟ ਲੰਘਾ ਰਹੇ
ਖੁਲ੍ਹੇ ਬੂਹੇ ਲਾਹੌਰ ਦੇ ਬਿਸ਼ਨ ਸਿੰਘਾ ਅਸੀ ਆਪ ਨੂੰ ਸਾਫ ਬਤਾ ਰਹੇ

[ਸੰਃ ੧੮੫੫ ਬਿਃ ਨੂੰ ਮਹਾਰਾਜੇ ਨੇ ਲਾਹੌਰ ਤੇ ਧਾਵਾ ਕਰਨਾ]

ਗੁਜਰਾਂ ਵਾਲੇ ਤੋਂ ਫੌਜ ਨੂੰ ਨਾਲ ਲੈਕੇ ਮਹਾਰਾਜ ਲਾਹੌਰ ਨੂੰ ਚੜ੍ਹ ਆਏ
ਅਮ੍ਰਿਤਸਰ ਵਟਾਲੇ ਨੂੰ ਅਸਾਂ ਜਾਣਾ ਉਤੋਂ ਇਹ ਬਹਾਨਾਂ ਨੇ ਕਰ ਆਏ
ਸਦਾਕੌਰ ਨੂੰ ਆਪਣੇ ਨਾਲ ਲੀਤਾ ਵਾਗਾਂ ਹੈਣ ਲਾਹੌਰ ਨੂੰ ਫੜ ਆਏ
ਅਮ੍ਰਿਤਸਰੋਂ ਇਸ਼ਨਾਨ ਕਰ ਬਿਸ਼ਨ ਸਿੰਘਾ ਫੇਰ ਕਦਮ ਲਾਹੌਰ ਨੂੰ ਧਰ ਆਏ

{ ਹਾੜ ਸੁਦੀ ੫ ਸੰਃ ੧੮੫੬ ਬਿਃ ਨੂੰ ਰਣਜੀਤ ਸਿੰਘ ਨੇ ਲਾਹੌਰ ਨੂੰ ਫਤੇ ਕਰਕੇ ਦਾਖਲ ਹੋਣਾ }

ਮਹਾਰਾਜੇ ਰਣਜੀਤ ਸਿੰਘ ਫੌਜ ਨੂੰ ਲੈ ਘੇਰੇ ਝੱਟ ਲਾਹੌਰ ਨੂੰ ਪਾਇ ਨੇ ਜੀ
ਆਕੀ ਕਿਲੇ ਦੇ ਵਿਚ ਸਰਦਾਰ ਹੋਏ ਫੌਜੀ ਲੜਨਲਈਬਾਹਰ ਨੂੰ ਆਇ ਨੇ ਜੀ
ਪਹਿਲੇ ਦਿਲੀ ਦਰਵਾਜੇ ਦੇ ਅਗੇ ਆਕੇ ਮਹਾਰਾਜੇ ਨੇ ਜੰਗ ਮਚਾਇ ਨੇ ਜੀ
ਚੇਤ ਸਿੰਘ ਵੀ ਅੰਦਰੋਂ ਹੋਯਾ ਤਕੜਾ ਪੈਹਰੇ ਆਪਣੇ ਲਾਇ ਲਗਾਇ ਨੇ ਜੀ
ਮਹਾਰਾਜੇ ਰਣਜੀਤ ਸਿੰਘ ਓਸ ਵੇਲੇ ਸ਼ਾਹੀ ਫੌਜ ਨੂੰ ਹੁਕਮ ਸੁਣਾਇ ਨੇ ਜੀ
ਬੂਹੇ ਵਲ ਲੁਹਾਰੀ ਦੇ ਦੌੜ ਚਲੋ ਇਹ ਸਭ ਨੂੰ ਭੇਤ ਬਤਾਇ ਨੇ ਜੀ
ਸਦਾਕੌਰ ਸਮੇਤ ਰਣਜੀਤ ਸਿੰਘ ਨੇ ਝੱਟ ਪੱਟ ਹੀ ਘੋੜੇ ਦੁੜਾਇ ਨੇ ਜੀ
ਲੈਕੇ ਬਾਈ ਹਜ਼ਾਰ ਸਵਾਰ ਭਾਰੇ ਬੂਹੇ ਝੱਟ ਲੁਹਾਰੀ ਨੂੰ ਧਾਇ ਨੇ ਜੀ
ਮੁਹਕਮ ਦੀਨ ਨੇ ਬੂਹਾ ਹੈ ਖੋਲ੍ਹ ਦਿਤਾ ਫੌਜੀ ਅੰਦਰ ਮਹਾਰਾਜ ਲੰਘਾਇ ਨੇ ਜੀ
ਫਤੇ ਪਾ ਮਹਾਰਾਜ ਨੇ ਬਿਸ਼ਨ ਸਿੰਘਾ ਡੇਰੇ ਵਿਚ ਲਾਹੌਰ ਦੇ ਲਾਇ ਨੇ ਜੀ

{ ਮਹਾਰਾਜੇ ਨੇ ਲਾਹੌਰ ਦਾ ਰਾਜ ਸੰਭਾਲਣਾ ਤੇ ਚੌਧਰੀਆਂ ਅਮੀਰਾਂ ਲੋਕਾਂ ਨੇ ਨਜਰਾਂ ਲੈਕੇ ਮਿਲਣਾ }

ਚੇਤ ਸਿੰਘ ਨੂੰ ਕਿਲੇ ਤੋਂ ਕੱਢ ਕਰਕੇ ਲਿਆ ਰਾਜ ਮਹਾਰਾਜ ਸੰਭਾਲ ਪਜਾਰੇ
ਸਾਰੇ ਚੌਧਰੀ ਨਾਲੇ ਅਮੀਰ ਸਾਰੇ ਮਿਲੇ ਨਜਰਾਂ ਲੈ ਕਮਾਲ ਪਜਾਰੇ
ਮਹਾਰਾਜ ਨੇ ਖਿਲਤ ਦੁਸ਼ਾਲੇ ਦੇਕੇ ਕੀਤਾ ਸਭਨਾਂ ਨੂੰ ਹੈ ਨਿਹਾਲ ਪਜਾਰੇ

ਲੋਕਾਂ ਕਿਹਾ ਮਹਾਰਾਜ ਨੂੰ ਬਿਸ਼ਨ ਸਿੰਘਾ ਰਖੇ ਤੁਸਾਂ ਨੂੰ ਕੈਂਮ ਅਕਾਲ ਪਜਾਰੇ

{ ਲਾਹੌਰ ਦੇ ਫਤੇ ਕਰਨ ਦੀ ਖ਼ਬਰ ਸੁਣਕੇ ਜੱਸਾ ਸਿੰਘ ਆਦਿਕ ਸਾਰੇ ਸਰਦਾਰ ਈਰਖਾ ਕਰਨ ਲਗ ਪਏ ਅਰ ਕੱਠੇ ਹੋਕੇ ਲਾਹੌਰ ਤੇ ਚੜ੍ਹ ਆਏ }

ਲੇ ਵਿੱਚ ਲਾਹੌਰ ਰਣਜੀਤ ਸਿੰਘ ਜੀ ਪੱਕੇ ਕਰਕੇ ਪੈਰ ਜਮਾ ਬੈਠੇ
ਬਾਰਾਂ ਮਿਸਲਾਂ ਦੇ ਸਾਰੇ ਸਰਦਾਰ ਜੇਹੜੇ ਇਹ ਖਬਰ ਸੁਣ ਚਿਤ ਜਲਾ ਬੈਠੇ
ਹੱਕ ਬੱਕੇ ਹੋ ਹਥਾਂ ਨੂੰ ਮਲਣ ਲਗੇ ਅਤੇ ਬਹੁਤ ਕਚੀਚੀਆਂ ਖਾ ਬੈਠੇ
ਜੱਸਾ ਸਿੰਘ ਤਾਂ ਬਹੁਤ ਹੀ ਢੰਗ ਹੋਏ ਐਵੇਂ ਮਨ ਨੂੰ ਅੱਗ ਲਗਾ ਬੈਠੇ
ਓੜਕ ਸਾਰੇ ਸਰਦਾਰ ਹੀ ਕੱਠੇ ਹੋਕੇ ਅਮ੍ਰਿਤਸਰ ਆ ਡੇਰੇ ਨੇ ਲਾ ਬੈਠੇ
ਭੰਗੀ ਸਿੰਘ ਗੁਲਾਬ ਦੇ ਪਾਸ ਸਾਰੇ ਬਿਸ਼ਨ ਸਿੰਘ ਸਰਦਾਰ ਨੇ ਆ ਬੈਠੇ

[ਤਥਾ]

ਜੱਸਾ ਸਿੰਘ ਤਾਂ ਆਪ ਬਿਮਾਰ ਹੈਸੀ ਜੋਧ ਸਿੰਘ ਪੁਤ ਏਸਦਾ ਚੜ੍ਹ ਆਯਾ
ਅਮ੍ਰਿਤਸਰੋਂ ਗੁਲਾਬ ਸਿੰਘ ਤਿਆਰ ਹੋਕੇ ਧਾਵਾ ਹੈ ਲਾਹੌਰ ਤੇ ਕਰ ਆਯਾ
ਸਾਹਿਬ ਸਿੰਘ ਗੁਜਰਾਤ ਤੋਂ ਚੜ੍ਹ ਕਰਕੇ ਝੱਟ ਪੱਟ ਹੀ ਵਾਂਗਾਂ ਹੈ ਫੜ ਆਯਾ
ਜੋਧ ਸਿੰਘ ਹੈ ਆਯਾ ਵਜ਼ੀਰਬਾਦੋਂ ਰੋੜ੍ਹਾਂ ਵਾਲਾ ਗੁਰਬਖਸ਼ ਸਿੰਘ ਸੜ ਆਯਾ
ਹੋਰ ਦੀਨ ਨਜ਼ਾਮੂ ਕਸੂਰ ਵਲੋਂ ਪਾਸ ਪਿੰਡ ਭੁਸੀਲ ਦੇ ਵੜ ਆਯਾ
ਨੌਂ ਕੋਹ ਲਾਹੌਰੋਂ ਭੁਸੀਲ ਹੈਗਾ ਏਥੇ ਬਿਸ਼ਨ ਸਿੰਘ ਫੌਜ ਦਾ ਹੜ ਆਯਾ

[ਇਹ ਖ਼ਬਰ ਸੁਣਕੇ ਰਣਜੀਤ ਸਿੰਘ ਨੇ ਅਫਸੋਸ ਕਰਨਾ]

ਬੜਾ ਲਸ਼ਕਰ ਸਰਦਾਰਾਂ ਦਾ ਲੜਨ ਆਯਾ ਮਹਾਰਾਜ ਸੁਣ ਬੜਾ ਹੈਰਾਨ ਹੋਯਾ
ਮੇਰੇ ਪਾਸ ਸਮਾਨ ਨ ਜੰਗ ਸੰਦਾ ਮੇਰਾ ਲਸ਼ਕਰ ਵੀ ਗੁੱਸੇ ਮਹਾਨ ਹੋਯਾ
ਮੈਂ ਕਿਸੇ ਨੂੰ ਸ਼ੈਹਰ ਨ ਲੁੱਟਣ ਦਿਤਾ ਬੜਾ ਇਹ ਕੁਪੇਚ ਹੈ ਆਨ ਹੋਯਾ
ਓਸੇ ਵਕਤ ਹੀ ਆਨਕੇ ਬਿਸ਼ਨ ਸਿੰਘਾ ਮਹਾਰਾਜ ਦੀ ਮੱਦਤ ਭਗਵਾਨ ਹੋਯਾ

{ ਕੁਦਰਤ ਨਾਲ ਮਹਾਰਾਜ ਨੂੰ ਲਾਹੌਰ ਵਿਚੋਂ ਪੁਰਾਣਾਂ ਮੁਸਲਮਾਨਾਂ ਦੇ ਵੇਲੇ ਦਾ ਖਜਾਨਾਂ ਮਿਲਗਿਆ }

ਇਕ ਬੁੱਢੇ ਨੇ ਆਨ ਰਣਜੀਤ ਸਿੰਘ ਨੂੰ ਬੜਾ ਭਾਰਾ ਖਜਾਨਾ ਲਭਾ ਦਿੱਤਾ
ਮਹਾਰਾਜ ਹੈ ਬੜਾ ਅਨੰਦ ਹੋਯਾ ਸਾਰਾ ਫੌਜ ਨੂੰ ਹੈ ਵਰਤਾ ਦਿੱਤਾ
ਦੋ ਮਹੀਨੇ ਦਾ ਕਰਜਾ ਜੋ ਫੌਜ ਦਾ ਸੀ ਮਹਾਰਾਜ ਨੇ ਸਾਰਾ ਹੈ ਲਾਹ ਦਿੱਤਾ
ਕੁਝ ਗੱਫਾ ਉਸ ਬੁੱਢੇ ਨੂੰ ਮਹਾਰਾਜੇ ਖੁਸ਼ੀ ਹੋਇਕੇ ਆਪ ਫੜਾ ਦਿੱਤਾ
ਏਸ ਧਨ ਦੇ ਹੌਸਲੇ ਬੜਾ ਭਾਰਾ ਮਹਾਰਾਜ ਦਾ ਦਿਲ ਵਧਾ ਦਿੱਤਾ
ਮਹਾਰਾਜ ਨੂੰ ਆਪ ਹੀ ਬਿਸ਼ਨ ਸਿੰਘਾ ਮਹਾਰਾਜ ਨੇ ਆ ਬਚਾ ਦਿੱਤਾ

[੧੩ ਮੱਘਰ ਸੰ: ੧੮੫੭ ਬਿ: ਨੂੰ ਭੁਸੀਲ ਪਿੰਡ ਪਾਸ ਦੋਹਾਂ ਦਾ ਜੰਗ]

ਫੌਜ ਆਪਣੀ ਤੇ ਸਦਾ ਕੌਰ ਦੀ ਲੈ ਮਹਾਰਾਜ ਲਾਹੌਰ ਤੋਂ ਚੜ੍ਹੇ ਆਕੇ
ਨੌਂ ਕੋਹ ਲਾਹੌਰ ਤੋਂ ਅਗੇ ਜਾਕੇ ਡੇਰੇ ਪਾਸ ਭੁਸੀਲ ਦੇ ਕਰੇ ਆਕੇ
ਓਧਰ ਭੰਗੀ ਗੁਲਾਬ ਸਿੰਘ ਸਣੇ ਸਾਰੇ ਚਾਰ ਦਿਨ ਸਰਦਾਰ ਨੇ ਲੜੇ ਆਕੇ
ਹੋਈ ਹਾਰ ਨ ਕਿਸੇ ਦੀ ਬਿਸ਼ਨ ਸਿੰਘਾ ਸਾਰੇ ਲੜੇ ਸਰਦਾਰ ਨੇ ਬੜੇ ਆਕੇ

[ਗੁਲਾਬ ਸਿੰਘ ਭੰਗੀਂ ਨੇ ਸ਼ਰਾਬ ਪੀਕੇ ਮਰਨਾ]

ਚੌਥੇ ਦਿਨ ਗੁਲਾਬ ਸਿੰਘ ਜੰਗ ਕਰਦਾ ਵਿਚ ਤੰਬੂ ਦੇ ਰਾਤ ਨੂੰ ਵੜ ਗਿਆ
ਨਸ਼ਾ ਪੀਕੇ ਐਸਾ ਨਿਢਾਲ ਸੁਤਾ ਮਾਨੋਂ ਹੁਣੇ ਹੀ ਕੂਚ ਹੈ ਕਰ ਗਿਆ
ਐਸਾ ਪਿਆ ਲੰਮਾਂ ਸੁਤਾ ਉਠਿਆ ਨਾ ਬੜਾ ਨਸ਼ਾ ਸਰਦਾਰ ਨੂੰ ਚੜ ਗਿਆ
ਬੇੜ੍ਹਾ ਗਰਕ ਸ਼ਰਾਬ ਦਾ ਬਿਸ਼ਨ ਸਿੰਘਾ ਮਾਰੇ ਬਿਨਾ ਗੁਲਾਬ ਸਿੰਘ ਮਰ ਗਿਆ

[ਸਰਦਾਰਾਂ ਦੀ ਹਾਰ ਰਣਜੀਤ ਸਿੰਘ ਦੀ ਫਤੇ]

ਨਸ਼ਾ ਪੀ ਕੇ ਮੋਯਾ ਗੁਲਾਬ ਸਿੰਘ ਜਾਂ ਜੋਧ ਸਿੰਘ ਵਗੈਰਾ ਸਭ ਧਾ ਗਏ
ਮਹਾਰਾਜ ਤੋਂ ਖੌਫ ਖਾ ਬੜਾ ਭਾਰਾ ਘੋੜੇ ਕਈ ਸਰਦਾਰ ਦੁੜਾ ਗਏ
ਕਈ ਮੰਨਕੇ ਹਾਰ ਸਰਦਾਰ ਭਾਰੇ ਮਹਾਰਾਜ ਦੀ ਪੈਰੀਂ ਨੇ ਆ ਪਏ
ਸ਼ਰਨ ਆਏ ਸਰਦਾਰ ਸਭ ਦੇਖ ਕਰਕੇ ਮਹਾਰਾਜ ਨੇ ਗਲ ਲਗਾ ਲਏ
ਨੌਕਰ ਰਖ ਲਏ ਓਹ ਸਰਦਾਰ ਸਾਰੇ ਮਹਾਰਾਜ ਨੇ ਮਰਨੋਂ ਬਚਾ ਲਏ
ਓੜਕ ਜਿੱਤਕੇ ਰਣ ਰਣਜੀਤ ਸਿੰਘ ਨੇ ਡੇਰੇ ਵਿਚ ਲਾਹੌਰ ਦੇ ਲਾ ਲਏ
ਮਹਾਰਾਜ ਤੋਂ ਸਾਰੇ ਹੀ ਫੌਜੀਆਂ ਨੇ ਬੜੇ ਬੜੇ ਇਨਾਮ ਨੇ ਪਾ ਲਏ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਬੜੇ ਹੌਸਲੇ ਹੈਣ ਵਧਾ ਲਏ

{ਫੱਗਣ ਸੁਦੀ ੭ ਸੰ: ੧੯੫੭ ਬਿ: ਨੂੰ ਰਾਣੀ ਰਾਜਕੌਰ
ਦੇ ਪੇਟੋਂ ਮਹਾਰਾਜਾ ਰਣਜੀਤ ਸਿੰਘ ਦੇ ਘਰ
ਖੜਗ ਸਿੰਘ ਜੰਮਿਆਂ}

ਰਾਜਕੌਰ ਨਕਾਇੰਣ ਦੇ ਪੇਟ ਵਿਚੋਂ ਏਸੇ ਸਾਲ ਹੀ ਆਕੇ ਬਾਲ ਹੋਯਾ
ਬਾਲ ਜੰਮਿਆਂ ਆਪਣੇ ਘਰ ਸੁਣਕੇ ਮਹਾਰਾਜ ਹੈ ਖੁਸ਼ੀ ਕਮਾਲ ਹੋਯਾ
ਖੜਗ ਸਿੰਘ ਹੈ ਓਸਦਾ ਨਾਮ ਧਰਿਆ ਗ੍ਰੀਬ ਗੁਰਬਾ ਵੀ ਸਭ ਨਿਹਾਲ ਹੋਯਾ
ਧਨ ਵੰਡਿਆ ਸਭ ਨੂੰ ਬਿਸ਼ਨ ਸਿੰਘਾ ਅਜ ਆਪ ਅਕਾਲ ਦਿਆਲ ਹੋਯਾ

{੧ ਵੈਸਾਖ ਸੰ: ੧੯੫੮ ਬਿ: ਨੂੰ ਸਰਦਾਰ ਰਣਜੀਤ ਸਿੰਘ ਨੂੰ ਖਾਲਸੇ
ਵਲੋਂ ਸਰਕਾਰ ਤੇ ਮਹਾਰਾਜ ਗੀ ਦਾ ਖਿਤਾਬ ਮਿਲਣਾਂ}

ਸਾਰੇ ਸੰਤ ਗੁਰਦ੍ਵਾਰੀਏ ਪੰਥ ਸਾਰਾ ਮਹਾਰਾਜ ਨੂੰ ਆ ਸ਼ਿਤਾਬ ਮਿਲਿਆ
ਆਕੇ ਸ਼ੈਹਰ ਲਾਹੌਰ ਦਰਬਾਰ ਲਾਯਾ ਪੰਥ ਖਾਲਸਾ ਬੇ ਹਿਸਾਬ ਮਿਲਿਆ
ਹੋਰ ਰਾਜੇ ਮਹਾਰਾਜੇ ਵੀ ਆਇ ਸਾਰੇ ਮਹਾਰਾਜ ਨੂੰ ਸਾਰਾ ਪੰਜਾਬ ਮਿਲਿਆ
ਮਹਾਰਾਜ ਨੂੰ ਪੰਥ ਤੋਂ ਬਿਸ਼ਨ ਸਿੰਘਾ ਮਹਾਰਾਜਗੀ ਤਦੋਂ ਖਿਤਾਬ ਮਿਲਿਆ

[ਮਹਾਰਾਜ ਨੇ ਆਪਣਾ ਸਿੱਕਾ ਚਲਾਉਣਾ]

ਏਸੇ ਸਾਲ ਮਹਾਰਾਜ ਰਣਜੀਤ ਸਿੰਘ ਨੇ ਸਿੱਕਾ ਆਪਣਾ ਚਾ ਚਲਾਯਾ ਹੈ ਜੇ
"ਦੇਗ ਤੇਗੋ ਫਤੇ ਨੁਸਰਤ ਬੇਦ ਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"
ਮਹਾਰਾਜ ਰਣਜੀਤ ਸਿੰਘ ਸਿਨ ਉੱਤੇ ਇਕ ਪਾਸੇ ਇਹ ਬੈਂਤ ਲਿਖਾਯਾ ਹੈ ਜੇ
ਪਾਸੇ ਦੂਸਰੇ ਸੰਮਤ ਤੇ ਨਾਮ ਅਪਣਾ ਮਹਾਰਾਜ ਲਿਖਾਯਾ ਛਪਾਯਾ ਹੈ ਜੇ
ਯਾਰਾਂ ਸੌ ਰੁਪੱਯਾ ਤਿਆਰ ਕਰਕੇ ਗ਼ਰੀਬਾਂ ਲੋਕਾਂ ਨੂੰ ਚਾ ਵਰਤਾਯਾ ਹੈ ਜੇ

[ਮਹਾਰਾਜ ਨੇ ਰਾਜ ਦਾ ਪ੍ਰਬੰਧ ਕਰਨਾ]

ਸਦਰ ਦੀਨ ਤੇ ਕਾਜ਼ੀ ਨਜ਼ਾਮ ਦੀਂ ਨੂੰ ਮਹਾਰਾਜ ਨੇ ਮੁਣਸ਼ੀ ਬਣਾ ਲਿਆ
ਕੋਤਵਾਲ ਕਰ ਬਖਸ਼ ਇਮਾਮ ਤਾਈਂ ਕੋਤਵਾਲੀ ਦੇ ਕੰਮ ਤੇ ਲਾ ਲਿਆ
ਨੂਰਦੀਨ ਹਕੀਮ ਨੂੰ ਰੱਖ ਨੌਕਰ ਮਹਾਰਾਜ ਨੇ ਕੰਮ ਚਲਾ ਲਿਆ
ਚਾਰੋ ਤਰਫ ਲਾਹੌਰ ਦੇ ਬੂਹਿਆਂ ਉੱਤੇ ਪਹਿਰਾ ਫੌਜ ਦਾ ਹੈ ਬਹਾ ਲਿਆ
ਦ੍ਰੋਗੇ ਰਖੇ ਸਫਾਈ ਕਰਾਉਣ ਵਾਲੇ ਰਖੋ ਖੂਬ ਸਫਾਈ ਬਤਾ ਲਿਆ
ਕਰੋ ਸ਼ਹਿਰ ਦਾ ਕੋਟ ਤਿਆਰ ਸਾਰਾ ਮੋਤੀ ਰਾਮ ਨੂੰ ਹੁਕਮ ਸੁਣਾ ਲਿਆ
ਮੋਤੀ ਰਾਮ ਦੀਵਾਨ ਨੂੰ ਮਹਾਰਾਜੇ ਇਕ ਲੱਖ ਰੁਪੱਯਾ ਫੜਾ ਲਿਆ
ਇੰਤਜ਼ਾਮ ਸਭ ਰਾਜ ਦਾ ਬਿਸ਼ਨ ਸਿੰਘਾ ਮਹਾਰਾਜ ਨੇ ਕਰ ਕਰਾ ਲਿਆ

[ਤਥਾ]

ਥਾਨੇਦਾਰ ਅਦਾਲਤੀ ਕਾਇਮ ਕਰਕੇ ਥਾਂ ਥਾਂ ਤੇ ਹੈਨ ਬਹਾ ਦਿੱਤੇ
ਹੁਕਮ ਕਵਾਇਦ ਦਾ ਫੌਜ ਨੂੰ ਦੇ ਦਿੱਤਾ ਜਗ੍ਹਾ ਜਗ੍ਹਾ ਤੇ ਕੰਮ ਚਲਾ ਦਿੱਤੇ
ਚੰਗੇ ਬਾਦਸ਼ਾਹ ਦੇ ਵਾਂਗ ਮਹਾਰਾਜੇ ਲੋਕ ਸੁਖ ਦੇ ਨਾਲ ਵਸਾ ਦਿੱਤੇ
ਸਾਰੇ ਦੇਸ ਪੰਜਾਬ ਤੋਂ ਬਿਸ਼ਨ ਸਿੰਘਾ ਮਹਾਰਾਜ ਫਸਾਦ ਹਟਾ ਦਿੱਤੇ

[ਕਵੀ]

ਮਹਾਰਾਜ ਤਾਂ ਭਾਵੇਂ ਅਨਪੜ੍ਹ ਹੈਸੀ ਐਪਰ ਕੱਢਕੇ ਜੌਹਰ ਦਿਖਾਏ ਐਸੇ
ਪੜ੍ਹੇ ਹੋਏ ਵੀ ਦੇਖਕੇ ਦੰਗ ਹੋਏ ਮਹਾਰਾਜ ਨੇ ਕੰਮ ਚਲਾਏ ਐਸੇ
ਪੜ੍ਹਿਆਂ ਹੋਇਆਂ ਦੀ ਅਕਲ ਵੀ ਰਹਿ ਚੁਕੀ ਇੰਤਜ਼ਾਮ ਨੇ ਕਰ ਵਖਾਏ ਐਸੇ
ਓਹ ਕਿਤੇ ਨਾ ਲਿਖੇ ਨੇ ਬਿਸ਼ਨ ਸਿੰਘਾ ਫੁਰਨੇ ਫੁਰੇ ਮਹਾਰਾਜ ਨੂੰ ਆਏ ਐਸੇ

[ਤਥਾ]

ਸੌ ਬਰਸ ਦੇ ਜੰਗਾਂ ਲੜਾਈਆਂ ਨੇ ਇੰਤਜ਼ਾਮ ਸੀ ਜੇਹੜਾ ਖਰਾਬ ਕੀਤਾ
ਜ਼ਾਲਮ ਹਾਕਮਾਂ ਸਿਲਸਿਲਾ ਤੋੜ ਕਰਕੇ ਸਾਰਾ ਦੇਸ ਖਰਾਬ ਪੰਜਾਬ ਕੀਤਾ
ਸਾਰੇ ਦੇਸ ਦਾ ਥੋੜੇ ਹੀ ਚਿਰ ਅੰਦਰ ਮਹਾਰਾਜ ਪ੍ਰਬੰਧ ਸ਼ਤਾਬ ਕੀਤਾ
ਮਹਾਰਾਜ ਸਰਕਾਰ ਦਾ ਬਿਸ਼ਨ ਸਿੰਘਾ ਏਸੇ ਵਾਸਤੇ ਲੈਣਾ ਖਿਤਾਬ ਕੀਤਾ

[ਮਹਾਰਾਜ ਦੀ ਗੁਜਰਾਤ ਤੇ ਚੜ੍ਹਾਈ]

ਭਾਵੇਂ ਸਿੱਖਾਂ ਸਰਦਾਰਾਂ ਤੇ ਮੁਸਲਮਾਨਾਂ ਅੰਦਰੋਂ ਦੁਸ਼ਮਨੀ ਸਭਨਾ ਨੇ ਭਾਰੀ ਕੀਤੀ
ਮਹਾਰਾਜ ਦੇ ਬਣੇ ਨੇ ਵੈਰੀ ਸਾਰੇ ਐਦੂੰ, ਬਾਹਰੋਂ ਨਾ ਕਿਸੇ ਖੁਆਰੀ ਕੀਤੀ

ਸਾਹਿਬ ਸਿੰਘ ਗੁਜਰਾਤ ਦੇ ਰਹਿਣ ਵਾਲੇ ਏਸ ਬਾਹਰੋਂ ਵੀ ਦੁਸ਼ਮਨੀ ਜਾਰੀ ਕੀਤੀ
ਅੱਜ ਕਲ ਲਾਹੌਰ ਤੇ ਕਰਾਂ ਧਾਵਾ ਇਸਨੇ ਜੰਗ ਦੀ ਬੜੀ ਤਿਆਰੀ ਕੀਤੀ
ਮਹਾਰਾਜ ਰਣਜੀਤ ਸਿੰਘ ਖਬਰ ਸੁਣਕੇ ਆਪਣੀ ਫੌਜ ਤਯਾਰ ਹੈ ਸਾਰੀ ਕੀਤੀ
ਜਾ ਘੇਰਿਆ ਹੈ ਗੁਜਰਾਤ ਤਾਈਂ ਐਸੇ ਲੜੇ ਨਾ ਜਾਨ ਪਿਆਰੀ ਕੀਤੀ
ਬਾਹੀ ਕਿਲੇ ਦੀ ਢਾਹੀ ਹੈ ਮਹਾਰਾਜੇ ਤੋਪਾਂ ਮਾਰ ਲੜਾਈ ਕਰਾਰੀ ਕੀਤੀ
ਮਹਾਰਾਜ ਰਣਜੀਤ ਸਿੰਘ ਨਾਲ ਆਕੇ ਸਾਹਿਬ ਸਿੰਘ ਨੇ ਸੁਲ੍ਹਾ ਲਾਚਾਰੀ ਕੀਤੀ
ਸਾਹਿਬ ਸਿੰਘ ਜੋ ਬੇਦੀ ਕਹਾਉਂਦਾ ਹੈ ਰਾਹੀ ਓਸਦੀ ਹੈ ਤਾਬੇਦਾਰੀ ਕੀਤੀ
ਨਜ਼ਰ ਦਿੱਤਾ ਪੰਜਾਹ ਹਜ਼ਾਰ ਪਹਿਲੋਂ ਸਾਹਿਬ ਸਿੰਘ ਨੇ ਫੇਰ ਸਰਦਾਰੀ ਕੀਤੀ
ਬਖਸ਼ ਦਿੱਤਾ ਸਰਕਾਰ ਨੇ ਬਿਸ਼ਨ ਸਿੰਘਾ ਸਾਹਿਬ ਸਿੰਘ ਜਾਂ ਭੇਟਾ ਸਰਕਾਰੀ ਕੀਤੀ

{ਸੰ: ੧੮੫੯ ਬਿ: ਨੂੰ ਮਹਾਰਾਜ ਨੇ ਸਰਦਾਰ ਦਲ ਸਿੰਘ ਨੂੰ ਆਪਣੇ ਨਾਲੋਂ ਜੋਰਾਵਰ ਅਤੇ ਸਾਹਿਬ ਸਿੰਘ ਵਾਂਗੂੰ ਵਿਗੜਿਆ ਹੋਇਆ ਸਮਝਕੇ ਫਰੇਬ ਵਿਚ ਫਸਾਕੇ ਕੈਦ ਕਰਨਾ}

ਦਲ ਸਿੰਘ ਨੂੰ ਲਿਖਿਆ ਰਣਜੀਤ ਸਿੰਘ ਨੇ ਏਥੇ ਆਣਕੇ ਮੈਨੂੰ ਨਿਹਾਲ ਕਰੋ
ਮੇਰੇ ਬਾਪ ਦੇ ਆਪ ਸੀ ਪਿਆਰੇ ਜੀਕੂੰ ਪਿਆਰ ਉਸ ਤਰਾਂ ਹੀ ਮੇਰੇ ਨਾਲ ਕਰੋ
ਮੈਂ ਚਾਹੁੰਦਾ ਆਪਦੀ ਹਾਂ ਮੱਦਦ ਮੈਨੂੰ ਆਪਣਾ ਜਾਨਣਾ ਬਾਲ ਕਰੋ
ਏਥੇ ਆਣਕੇ ਦਿਹੋ ਦੀਦਾਰ ਮੈਨੂੰ ਏਸ ਦਾਸ ਦੇ ਵਲ ਖਿਆਲ ਕਰੋ
ਦਲ ਸਿੰਘ ਇਹ ਹਾਲ ਸੁਣ ਫੁਲ ਗਿਆ ਕਹਿੰਦਾ ਆ ਲਾਹੌਰ ਸਵਾਲ ਕਰੋ
ਮਹਾਰਾਜੇ ਨੇ ਪਕੜਕੇ ਕੈਦ ਕੀਤਾ ਬਿਸ਼ਨ ਸਿੰਘ ਇਹ ਸੋਚਣਾ ਹਾਲ ਕਰੋ

{ਮਹਾਰਾਜ ਨੇ ਅਕਾਲ ਗੜ੍ਹ ਤੇ ਧਾਵਾ ਕਰਨਾ ਅਤੇ ਦਲ ਸਿੰਘ ਦੀ ਔਰਤ ਨੇ ਮਰਦਾਨਾ ਭੇਸ ਧਾਰਕੇ ਜੰਗ ਕਰਨਾ}

ਦਲ ਸਿੰਘ ਨੂੰ ਕੈਦ ਕਰ ਮਹਾਰਾਜੇ ਗੜ੍ਹ ਅਕਾਲ ਤੇ ਕਰੀ ਚੜ੍ਹਾਈ ਚੰਗੀ
ਦਲ ਸਿੰਘ ਦੀ ਇਸਤ੍ਰੀ ਤਿਆਰ ਹੋਈ ਤਿਆਰੀ ਫੌਜ ਦੀ ਹੈ ਕਰਾਈ ਚੰਗੀ
ਭੇਸ ਧਾਰ ਮਰਦਾਨਾਂ ਸੋ ਲਿਆ ਸਾਰਾ ਏਸ ਔਰਤ ਨੇ ਕਰੀ ਲੜਾਈ ਚੰਗੀ
ਲੈਕੇ ਫੌਜ ਨੂੰ ਔਰਤ ਹੈ ਖੜੀ ਹੋਈ ਕਾੜ ਕਾੜ ਹੈ ਤੋਪ ਚਲਾਈ ਚੰਗੀ
ਨਾਲੇ ਏਸੇ ਹੀ ਔਰਤ ਨੇ ਉਸ ਵੇਲੇ ਸਾਹਿਬ ਸਿੰਘ ਦੀ ਫੌਜ ਬੁਲਾਈ ਚੰਗੀ
ਸਾਹਿਬ ਸਿੰਘ ਵੀ ਆਇਆ ਹੈ ਫੌਜ ਲੈਕੇ ਦੋਹਾਂ ਧਿਰਾਂ ਲੜਾਈ ਮਚਾਈ ਚੰਗੀ
ਦੋਹਾਂ ਧਿਰਾਂ ਦੇ ਆਦਮੀ ਬਹੁਤ ਮੋਏ ਓੜਕ ਫਤੇ ਮਹਾਰਾਜ ਨੇ ਪਾਈ ਚੰਗੀ
ਸਾਹਿਬ ਸਿੰਘ ਜੋ ਬੇਦੀ ਸੀ ਬੜਾ ਭਾਰਾ ਸੁਲਾ ਦੋਹਾਂ ਦੀ ਏਸ ਕਰਾਈ ਚੰਗੀ
ਸਾਹਿਬ ਸਿੰਘ ਪੰਜਾਹ ਹਜ਼ਾਰ ਸਾਰੀ ਮਹਾਰਾਜ ਨੂੰ ਨਜ਼ਰ ਫੜਾਈ ਚੰਗੀ
ਖਰਚਾ ਹਰਜਾ ਸਭ ਜੰਗ ਦਾ ਨਾਲ ਦਿਤਾ ਤਾਬੇਦਾਰੀ ਹੈ ਨਾਲ ਲਿਖਾਈ ਚੰਗੀ
ਬਣੇ ਰਹਿਣਾ ਸਰਕਾਰ ਦੇ ਬਿਸ਼ਨ ਸਿੰਘਾ ਮਹਾਰਾਜ ਨੇ ਗਲ ਸੁਣਾਈ ਚੰਗੀ

[ਬਾਕੀ ਏਹੋ ਪ੍ਰਸੰਗ]

ਮੁੜਕੇ ਆ ਲਾਹੌਰ ਮਹਾਰਾਜ ਜੀ ਨੇ ਦਲ ਸਿੰਘ ਨੂੰ ਕੈਦੋਂ ਭਜਾਇਆਏ
ਗੜ੍ਹ ਅਕਾਲ ਹੀ ਪਹੁੰਚਦਾ ਮਰ ਗਿਆ ਭਾਣਾ ਏਹੋ ਕਰਤਾਰ ਨੂੰ ਭਾਇਆਏ
ਮਹਾਰਾਜ ਲਾਹੌਰ ਤੋਂ ਤੁਰ ਕਰਕੇ ਇਹ ਦੀ ਲਾਹੁਣ ਮੁਕਾਣ ਜੋ ਆਇਆਏ
ਦਲ ਸਿੰਘ ਦੀ ਰਾਣੀ ਤੇ ਦੋ ਪੁਤਰ ਤਿੰਨਾਂ ਤਾਈਂ ਹੀ ਪਕੜ ਬਹਾਇਆਏ
ਤਿੰਨਾਂ ਤਾਈਂ ਮਹਾਰਾਜ ਨੇ ਕੈਦ ਕੀਤਾ ਚਾਰ ਪਿੰਡ ਗੁਜਾਰਾ ਫੜਾਇਆਏ
ਦਲ ਸਿੰਘ ਦਾ ਘਰ ਸਭ ਲੁੱਟ ਕਰਕੇ ਪੰਦਰਾਂ ਲਖ ਰੁਪਯਾ ਕਢਾਇਆਏ
ਹੋਰ ਤੋਪਾਂ ਤੇ ਜੰਗੀ ਸਮਾਨ ਭਾਰਾ ਮਹਾਰਾਜ ਲਾਹੌਰ ਲਿਆਇਆਏ
ਮਹਾਰਾਜ ਰਣਜੀਤ ਸਿੰਘ ਬਿਸ਼ਨ੍ਹ ਸਿੰਘਾ ਕਿਆ ਸੋਹਣਾ ਇਹ ਦਾ ਲਗਾਇਆਏ

[ਕਵੀ]

ਮਹਾਰਾਜ ਨੇ ਵਿਚ ਲਾਹੌਰ ਬਹਿਕੇ ਬੜੇ ਸੋਹਣੇ ਨੇ ਕੰਮ ਚਲਾਇ ਸਾਰੇ
ਰਾਤ ਦਿਨੇ ਹੀ ਸੋਚ ਦਾ ਰਾਜ-ਨੀਤਾਂ ਸਉਣ ਬਹਿਣ ਦੇ ਕੰਮ ਭੁਲਾਇ ਸਾਰੇ
ਵਡੇ ਵਡੇ ਸਰਦਾਰ ਪੰਜਾਬ ਸੰਦੇ ਪਰਖਣ ਲਈ ਮਹਾਰਾਜ ਬੁਲਾਇ ਸਾਰੇ
ਫਤੇ ਸਿੰਘ ਨ ਆਇਆ ਹੈ ਬਿਸ਼ਨ ਸਿੰਘਾ ਹੋਰ ਦੌੜੇ ਸਰਦਾਰ ਨੇ ਆਇ ਸਾਰੇ

[ਮਹਾਰਾਜ ਨੇ ਫਤੇ ਸਿੰਘ ਨੂੰ ਧਰਮ ਦਾ ਭਰਾ ਬਣਾਯਾ]

ਪਿਓ ਮਰ ਗਿਆ ਹੈ ਫਤੇ ਸਿੰਘ ਸੰਦਾ ਫਤੇ ਸਿੰਘ ਬਹਾਨਾ ਬਣਾਇਆ ਇਹ
ਮੈਂ ਆਪ ਮੁਕਾਣ ਹੀ ਲਾਹ ਆਤਾਂ ਮਹਾਰਾਜ ਲਾਹੌਰ ਤੋਂ ਆਇਆ ਇਹ
ਦਲ ਸਿੰਘ ਦੇ ਵਾਂਗ ਨ ਕਰੇ ਮੈਨੂੰ ਫਤੇ ਸਿੰਘ ਨੇ ਵੀ ਖੌਫ ਖਾਇਆ ਇਹ
ਫਤੇ ਸਿੰਘ ਨੇ ਆਪ ਰਣਜੀਤ ਸਿੰਘ ਨੂੰ ਪਿੰਡੋਂ ਦੂਰ ਹੀ ਪਰੇ ਬਹਾਇਆ ਇਹ
ਮਹਾਰਾਜ ਵੀ ਗਲ ਇਹ ਸਮਝ ਗਿਆ ਤੁਰੂ ਗੰਥ ਤੇ ਹਥ ਆ ਲਾਇਆ ਇਹ
ਪੱਗ ਬਦਲ ਕੇ ਦੋਹਾਂ ਨੇ ਬਿਸ਼ਨ ਸਿੰਘਾ ਆਪੋ ਵਿਚ ਪਿਆਰ ਵਧਾਇਆ ਇਹ

{ਮਹਾਰਾਜ ਨੇ ਆਪਣੀ ਸੱਸ ਸਦਾ ਕੌਰ ਦਾ ਇਲਾਕਾ
ਸੰਸਾਰ ਚੰਦ ਰਾਜੇ ਤੋਂ ਛੁਡਾ ਦੇਣਾ}

ਸਦਾ ਕੌਰ ਦਾ ਦੇਸ ਸੰਸਾਰ ਚੰਦ ਨੇ ਦਬਾ ਦਬ ਹੈ ਸਾਰਾ ਦਬਾ ਲਿਆ
ਫਤੇ ਸਿੰਘ ਨੂੰ ਨਾਲ ਲੈ ਮਹਾਰਾਜੇ ਸਾਰਾ ਸੱਸ ਦਾ ਦੇਸ ਛੁਡਾ ਲਿਆ
ਡਰਦੇ ਅਗੋਂ ਹੀ ਭੱਜ ਸੰਸਾਰ ਚੰਦ ਨੇ ਖਬਰੇ ਕਿਧਰ ਹੈ ਮੂੰਹ ਲੁਕਾ ਲਿਆ
ਨਜਰਾਂ ਲੈਕੇ ਲੋਕਾਂ ਤੋਂ ਬਿਸ਼ਨ ਸਿੰਘਾ ਡੇਰਾ ਆ ਲਾਹੌਰ ਲਗਾ ਲਿਆ

[ਮਹਾਰਾਜ ਨੇ ਧਨੀ ਪੋਠੋਹਾਰ ਨੂੰ ਸੋਧਣਾ]

ਪੋਠੋਹਾਰ ਤੇ ਧਨੀ ਦੇ ਤੁਰਕਾਂ ਕੋਲੋਂ ਹਿੰਦੂ ਵੀੜਿਆਂ ਨੇ ਦੁਖ ਉਠਾਇਆ ਏ
ਬਾਰ ਬਾਰ ਲਾਹੌਰ ਦੇ ਵਿਚ ਆਕੇ ਮਹਾਰਾਜ ਨੂੰ ਦੁਖ ਸੁਣਾਇਆਏ
ਮਹਾਰਾਜ ਰਣਜੀਤ ਸਿੰਘ ਫੌਜ ਲੈਕੇ ਪੋਠੋਹਾਰ ਤੇ ਧਨੀ ਨੂੰ ਧਾਇਆਏ
ਸਭਨਾਂ ਜ਼ਾਲਮਾਂ ਤੁਰਕਾਂ ਨੂੰ ਸੋਧ ਕਰਕੇ ਮਹਾਰਾਜ ਜੀ-ਈਨ ਮਨਾਇਆਏ
ਘੋੜਾ ਚਾਰ ਸੌ ਤੁਰਕਾਂ ਤੋਂ ਨਜਰ ਲੀਤਾ ਸਾਰੇ ਲੋਕਾਂ ਨੂੰ ਸੁਖੀ ਵਸਾਇਆਏ

ਫੇਰ ਤੁਰੇ ਲਾਹੌਰ ਨੂੰ ਬਿਸ਼ਨ ਸਿੰਘਾ ਪੋਠੋਹਾਰੋਂ ਕਮਾਈ ਕਮਾਇਆਏ

[ਮਹਾਰਾਜ ਨੇ ਪਿੰਡ ਭੱਟੀਆਂ ਨੂੰ ਫਤੇ ਕਰਨਾ]

ਪਿੰਡ ਭੱਟੀਆਂ ਦੇ ਜ਼ੁਲਮ ਸੁਣ ਕਰਕੇ ਮਹਾਰਾਜ ਰਣਜੀਤ ਸਿੰਘ ਧਾ ਪਏ
ਫਤੇ ਸਿੰਘ ਨੂੰ ਆਪਣੇ ਨਾਲ ਲੀਤਾ ਘੇਰੇ ਕਿਲੇ ਚਿਤੌੜ ਨੂੰ ਪਾ ਲਏ
ਦੇਵਾ ਸਿੰਘ ਤਾਂ ਅਗੋਂ ਹੀ ਨਸ ਗਿਆ ਜੱਸਾ ਸਿੰਘ ਨੇ ਹੱਥ ਵਿਖਾ ਲਏ
ਓੜਕ ਕਿਲਾ ਮਹਾਰਾਜ ਜੀ ਫ਼ਤੇ ਕਰਕੇ ਫਤੇ ਸਿੰਘ ਨੂੰ ਵਿਚ ਬਹਾ ਗਏ
ਚਨਿਓਟ ਹੈ ਆਪਣੇ ਪਾਸ ਰੱਖੀ ਸਤ ਪਿੰਡ ਗੁਜ਼ਾਰਾ ਫੜਾ ਗਏ
ਅਜੇ ਘੋੜੇ ਤੋਂ ਉਤਰੇ ਨ ਬਿਸ਼ਨ ਸਿੰਘਾ ਐਧਰ ਹੋਰ ਸੁਨੇਹੇ ਨੀ ਆ ਗਏ

[ਮਹਾਰਾਜ ਦੀ ਕਸੂਰ ਤੇ ਚੜ੍ਹਾਈ]

ਮੁਸਲੇਮਾਨ ਨਜ਼ਾਮ, ਕਸੂਰ ਵਾਲੇ ਮਹਾਰਾਜ ਦਾ ਦੇਸ ਦਬਾ ਲਿਆ
ਇਹ ਰਾਹ ਦੇ ਵਿਚੇ ਹੀ ਆਣ ਕਿਸੇ ਮਹਾਰਾਜ ਨੂੰ ਹਾਲ ਸੁਣਾ ਲਿਆ
ਰਤਾ ਸਾਹ ਵੀ ਲਿਆ ਨ ਮਹਾਰਾਜੇ ਘੇਰਾ ਆ ਕਸੂਰ ਨੂੰ ਪਾ ਲਿਆ
ਅਗੋਂ ਉਠ ਨਜ਼ਾਮ ਵੀ ਬਿਸ਼ਨ ਸਿੰਘਾ ਲੜਨ ਭਿੜਨ ਦਾ ਸਾਜ ਬਣਾ ਲਿਆ

[ਤਥਾ]

ਤੋਪਾਂ ਤੀਰਾਂ ਬੰਦੂਕਾਂ ਦੀ ਦੋਹਾਂ ਵਲੋਂ ਪੰਜ ਦਿਨ ਹੈ ਬੜੀ ਲੜਾਈ ਰਹੀ
ਵਧ ਵਧ ਕੇ ਲੜੇ ਜਵਾਨ ਸਾਰੇ ਕਸਰ ਕਿਸੇ ਦੇ ਵਲੋਂ ਨ ਕਾਈ ਰਹੀ
ਦੋਹਾਂ ਧਿਰਾਂ ਨੇ ਬਸ ਨ ਰਤਾ ਕੀਤੀ ਰਾਤ ਦਿਨੇ ਲੜਾਈ ਮਚਾਈ ਰਹੀ
ਮਹਾਰਾਜ ਨੇ ਆਖਿਆ ਬਿਸ਼ਨ ਸਿੰਘਾ ਫਤੇ ਅਸਾਂ ਦੇ ਹਥ ਜੇ ਆਈ ਰਹੀ

[ਤਥਾ]

ਛੇਵੇਂ ਦਿਨ ਤਲਵਾਰਾਂ ਨੂੰ ਖਿੱਚ ਕਰਕੇ ਛਾਲਾਂ ਮਾਰਕੇ ਸਿਖ ਨੇ ਜਾ ਪਏ
ਮੂੰਹ ਭੰਨ ਪਠਾਣਾਂ ਦਾ ਖਾਲਸੇ ਨੇ ਵਧ ਵਧ ਕੇ ਹਥ ਵਿਖਾ ਲਏ
ਕੁੱਦ ਕੁੱਦ ਕਰਕੇ ਜਿਦੰ ਜਿਦ ਕਰਕੇ ਸਿਖਾਂ ਲੰਮੇ ਪਠਾਣ ਨੇ ਪਾ ਲਏ
ਲਹੂ ਨਾਲ ਹੀ ਧਰਤੀ ਗੁਲਾਲ ਹੋਈ ਦਿਨ ਅਜ ਕਿਆਮਤ ਦੇ ਆ ਗਏ
ਓੜਕ ਹਾਰ ਪਠਾਣ ਕਸੂਰ ਵਾਲੇ ਸ਼ੈਹਰ ਵਲ ਨੇ ਘੋੜੇ ਦੁੜਾ ਗਏ
ਪਿਛੋਂ ਸਿਖ ਆ ਚੜ੍ਹੇ ਨੇ, ਮੋਢਿਆਂ ਤੇ ਸਾਰੇ ਹੈਂਣ ਪਠਾਣ ਦਬਾ ਲਏ
ਜੇਹੜੇ ਕਿਲੇ ਦੇ ਵਿਚ ਨੇ ਵੜੇ ਆਕੇ ਉਹਨਾਂ ਆਪਣੇ ਆਪ ਬਚਾ ਲਏ
ਫੜ ਫੜ ਪਠਾਣ ਤਮਾਮ ਸਿੰਘਾਂ ਬਾਕੀ ਤੇਗ ਦੇ ਹੇਠੋਂ ਲੰਘਾ ਲਏ
ਵੜੇ ਸ਼ੈਹਰ ਦੇ ਵਿਚ ਆ ਸਿੰਘ ਸਾਰੇ ਮਾਰ ਮਾਰਕੇ ਤੁਰਕ ਉਡਾ ਲਏ
ਸ਼ੈਹਰ ਲੁੱਟ ਲਿਆ ਕਤਲਾਮ ਕੀਤਾ ਬੜੇ ਕਹਿਰ ਦੇ ਗੋਲੇ ਬਰਸਾ ਲਏ
ਬਾਈ ਦਿਨ ਬਰਸਾਈ ਹੈ ਅੱਗ ਸਿਖਾਂ ਲੁੱਟ ਪੁੱਟ ਕੇ ਮਾਲ ਉਠਾ ਲਏ
ਓੜਕ ਕਿਲੇ ਨੂੰ ਪੌੜੀਆਂ ਲਾ ਕਰਕੇ ਸਿਖ ਉਤੇ ਮਹਾਰਾਜ ਚੜ੍ਹਾ ਲਏ
ਛੇਕੜ ਆਪ ਨਜ਼ਾਮ ਦੀਂ ਆ ਕਰਕੇ ਅਪਣੇ ਸਭ ਗੁਨਾਹ ਬਖਸ਼ਾ ਲਏ

ਮਹਾਰਾਜ ਦੀ ਪੈਰੀਂ ਹੈ ਪਿਆ ਆਕੇ ਹਥ ਜੋੜ ਖਿਰਾਜ ਫੜਾ ਲਏ
ਦਿਤਾ ਪੰਜੀ ਹਜ਼ਾਰ ਸਲਾਨਾ ਲਿਖਕੇ ਅਗੋ ਵਾਸਤੇ ਹਾਲ ਸੁਣਾ ਲਏ
ਤਾਬੇਦਾਰ ਮੈਂ ਆਪਦਾ ਹਾਂ ਬਣਿਆਂ ਹਥ ਜੋੜਕੇ ਵਾਸਤੇ ਪਾ ਲਏ
ਮਹਾਰਾਜ *ਕਸੂਰ ਤੋਂ ਚਲ ਕਰਕੇ ਅਮ੍ਰਿਤਸਰ ਨੇ ਡੇਰੇ ਲਗਾ ਲਏ

[ਸੰਸਾਰ ਚੰਦ ਬਜਵਾੜੇ ਵਾਲੇ ਤੇ ਫੇਰ ਚੜ੍ਹਾਈ]

ਸੁਣਕੇ ਹਾਲ ਖਰਾਬ ਸੰਸਾਰ ਚੰਦ ਦਾ ਮਹਾਰਾਜ ਨੇ ਫੇਰ ਹੈ ਧਾਈ ਕੀਤੀ
ਦੱਬ ਬੈਠਾ ਬਜਵਾੜੇ ਹੁਸ਼ਆਰ ਪੁਰ ਨੂੰ ਮਹਾਰਾਜ ਨੇ ਤਾਂ ਚੜ੍ਹਾਈ ਕੀਤੀ
ਨੱਸ ਉਠਿਆ ਓੜਕ ਸੰਸਾਰ ਚੰਦ ਹੈ ਐਵੇਂ ਥੋੜੀ ਹੀ ਜੇਹੀ ਲੜਾਈ ਕੀਤੀ
ਮਹਾਰਾਜ ਇਲਾਕਾ ਸਭ ਸਾਂਭ ਉਸਦਾ ਉਸਦੇ ਦੇਸ ਦੀ ਸਭ ਸਫਾਈ ਕੀਤੀ
ਏਥੋਂ ਚੱਲ ਫਗਵਾੜੇ ਦੇ ਵਿਚ ਜਾਕੇ ਮਹਾਰਾਜ ਨੇ. ਹੋਰ ਕਮਾਈ ਕੀਤੀ
ਬੜਾ ਲਿਆ ਖਜਾਨਾ ਫਗਵਾੜੇ ਵਿਚੋਂ ਫੇਰ ਲੋਕਾਂ ਤੋਂ ਸੁਖੀ ਹੈ ਮਾਈ ਕੀਤੀ
ਚੂਹੜ ਮੱਲ ਦੀ ਨੂੰਹ ਏਹ ਰੰਡੀ ਹੈਸੀ; ਇਸਨੇ ਕੋਲ ਮਹਾਰਾਜ ਦੁਹਾਈ ਕੀਤੀ
ਇਸਨੂੰ ਗੰਗਾ ਮਹਾਰਾਜ ਪਹੁੰਚਾ ਦਿੱਤਾ ਬਿਸ਼ਨ ਸਿੰਘ ਵਧੀਕੀ ਨਾ ਕਾਈ ਕੀਤੀ

[ਰਣਜੀਤ ਸਿੰਘ ਨੇ ਮੋਰਾਂ ਵੇਸਵਾ ਅਨੰਦ ਪੜ੍ਹਾਕੇ ਲਿਆਂਦੀ]

ਸੋਲਾਂ ਸਾਲ ਦੀ ਮੋਰਾਂ ਇਕ ਵੇਸਵਾ ਸੀ ਮਹਾਰਾਜ ਅਨੰਦ ਪੜ੍ਹਾ ਆਂਦੀ
ਮਹਾਰਾਜ ਨੇ ਚੰਗੀ ਪਸੰਦ ਕਰਕੇ ਮੁਸਲਮਾਨੀ ਹੈ ਅੰਮ੍ਰਿਤ ਛਕਾ ਆਂਦੀ
ਪੰਥ ਖਾਲਸਾ ਧਰਮ ਅਨੁਸਾਰ ਪਜਾਰੇਂ ਮਹਾਰਾਜ ਨੇ ਆਪ ਵਿਆਹ ਆਂਦੀ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਮੋਰਾਂ ਵੇਸਵਾ ਦਾਸੀ ਬਣਾ ਆਂਦੀ

[ਸੰ: ੧੮੬੧ ਬਿ: ਵਿਸਾਖੀ ਦੇ ਪੁਰਬ ਉੱਤੇ ਮਹਾਰਾਜ ਗੰਗਾ ਉੱਤੇ ਗਏ]

ਠਾਰਾਂ ਸੌ ਇਕਾਠ ਨੂੰ ਮਹਾਰਾਜੇ ਗੰਗਾ ਉੱਤੇ ਹੈ ਜਾ ਇਸ਼ਨਾਨ ਕੀਤਾ
ਗੰਗਾ ਉੱਤੇ ਵਿਸਾਖੀ ਦੇ ਪੁਰਬ ਉੱਤੇ ਮਹਾਰਾਜ ਨੇ ਬੜਾ ਹੈ ਦਾਨ ਕੀਤਾ
ਗਰੀਬ ਗੁਰਬਿਆਂ ਪਾਂਡਿਆਂ ਬ੍ਰਾਹਮਣਾ ਨੂੰ ਸਵਾ ਲੱਖ ਦਾ ਦਾਨ ਹੈ ਆਨ ਕੀਤਾ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਖੁਸ਼ੀ ਪਾਂਡ੍ਰਿਆਂ ਤਾਈਂ ਮਹਾਨ ਕੀਤਾ

[ਸੰ: ੧੮੬੧ ਬਿ: ਨੂੰ ਮਹਾਰਾਜ ਦੀ ਫੇਰ ਕਸੂਰ ਤੇ ਚੜ੍ਹਾਈ]

ਕੁਤਬਦੀਨ ਭਰਾ ਨਜ਼ਾਮ ਦੀਂ ਨੂੰ ਕਾਫਰ ਜ਼ਾਣਕੇ ਮਾਰ ਮੁਕਾਇਆ ਹੈ
ਕਾਫਰ ਹਿੰਦੂ ਦੀ ਏਸਨੇ ਈਂਨ ਮੰਨੀ ਡੰਨ ਇਹ ਭਰਾ ਤੇ ਲਾਇਆ ਹੈ
ਏਸ ਗਲ ਨੂੰ ਸੁਣ ਰਣਜੀਤ ਸਿੰਘ ਜੀ ਦਬਾ ਦਬ ਕਸੂਰ ਤੇ ਆਇਆ ਹੈ
ਫਤੇ ਸਿੰਘ ਨੂੰ ਆਪਣੇ ਨਾਲ ਲੀਤਾ ਸ਼ਪਾ ਸ਼ਪ ਆ ਜੰਗ ਮਚਾਇਆ ਹੈ
ਇਕ ਮਹੀਨਾ ਲੜਾਈ ਹੈ ਹੁੰਦੀ ਰਹੀ ਸਿੱਖਾਂ ਵਧਕੇ ਹੱਥ ਵਿਖਾਇਆ ਹੈ

---

*ਇਸ ਕਸੂਰ ਦੇ ਜੰਗ ਵਿਚ ਦੋ ਹਜ਼ਾਰ ਪਠਾਣ ਨਜ਼ਾਮ ਦੀਨ ਦਾ ਅਤੇ ਪੰਜ ਸੌ ਸਿੰਘ ਮਹਾਰਾਜ ਦੇ ਸ਼ਹੀਦ ਹੋਏ ਸਨ।

ਦਿਨ ਪੈਂਤਾਲੀ ਏਹ ਆਣਕੇ ਜੰਗ ਅੜਿਆ ਓੜਕ ਤੁਰਕਾਂ ਨੂੰ ਸਿੱਖਾਂ ਭਜਾਯਾ ਹੈ
ਵੜੇ ਵਿਚ ਕਸੂਰ ਦੇ ਸਿੱਖ ਸਾਰੇ ਸਿੱਖਾਂ ਤੁਰਕਾਂ ਨੂੰ ਮਾਰ ਮੁਕਾਇਆ ਹੈ
ਆਕੀ ਕੀਤਾ ਪਠਾਣਾ ਨੇ ਕਿਲਾ ਸਾਰਾ ਵਖਤ ਬੁਰਾ ਆ ਸਿੰਘਾਂ ਨੇ ਪਾਇਆ ਹੈ
ਅੰਨ ਦਾਣਾ ਹੈ ਸਿੱਖਾਂ ਨੇ ਬੰਦ ਕੀਤਾ ਪਹਿਰਾ ਚਾਰ ਚੁਫੇਰੇ ਲਗਾਇਆ ਹੈ
ਜਦੋਂ ਭੁਖ ਦਾ ਦੁਖ ਹੈ ਆਣ ਹੋਇਆ ਮਾਰ ਘੋੜਿਆਂ ਨੂੰ ਤੁਰਕਾਂ ਖਾਇਆ ਹੈ
ਤੋਬਾ ਤੋਬ ਹੈ ਸ਼ਹਿਰ ਦੇ ਵਿਚ ਹੋਈ ਐਸਾ ਸਿੰਘਾਂ ਨੇ ਹੱਥ ਉਠਾਇਆ ਹੈ
ਮਾਰ ਮਾਰ ਕੇ ਤੋਪਾਂ ਅਪਾਰ ਓਧਰ ਕਿਲਾ ਸਾਰਾ ਮਹਾਰਾਜ ਨੇ ਢਾਹਿਆ ਹੈ
ਬੱਸ ਕਿਲੇ ਦੇ ਵਿਚ ਵੀ ਸਿੱਖ ਆਏ ਚਾ ਜੰਗ ਦਾ ਸਿੰਘਾਂ ਨੇ ਲਾਇਆ ਹੈ
ਕੁਤ੍ਬਦੀਨ ਨੇ ਮੰਨ ਕੇ ਹਾਰ ਓਦੋਂ ਮਹਾਰਾਜ ਨੂੰ ਸਿਰ ਨਿਵਾਇਆ ਹੈ
ਮਹਾਰਾਜ ਨੇ ਬੜਾ ਸ਼ਰਮਿੰਦਾ ਕੀਤਾ ਕਾਫਰ ਕੋਲ ਤੂੰ ਸਿਰ ਨਿਵਾਇਆ ਹੈ
ਅੱਠ ਲੱਖ ਰੁਪੱਯਾ ਹੈ ਲਿਆ ਸਾਰਾ ਹਰਜਾ ਖਰਚਾ ਤੇ ਦੰਡ ਗਿਣਾਇਆ ਹੈ
ਦੇਣਾ ਤੀਹ ਹਜ਼ਾਰ ਸਲਾਨਾ ਸਾਰਾ ਅੱਗੇ ਵਾਸਤੇ ਇਹ ਸੁਣਾਇਆ ਹੈ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਦੇਖੋ ਤੁਰਕ ਨੂੰ ਦਾਸ ਬਨਾਇਆ ਹੈ

## [ਮਹਾਰਾਜ ਦੀ ਮੁਲਤਾਨ ਉੱਤੇ ਚੜ੍ਹਾਈ]

ਏਸੇ ਸਾਲ ਦੁਸਹਿਰੇ ਦੇ ਦਿਨਾਂ ਉੱਤੇ ਜਦੋਂ ਹਿੰਦੂਆਂ ਸਾਂਗ ਬਣਾ ਦਿਤੇ
ਹਨੂਮਾਨ ਤੇ ਨਾਰਦ ਤੇ ਰਾਮ ਲਛਮਨ ਬੜੇ ਸੋਹਣੇ ਨੇ ਸਾਂਗ ਸਜਾ ਦਿਤੇ
ਓਧਰ ਤਾਜ਼ੀਏ ਕੱਢੇ ਨੇ ਮੁਸਲਮਾਨਾਂ ਝਗੜੇ ਵਿਚ ਬਜਾਰ ਦੇ ਪਾਂ ਦਿਤੇ
ਪਿਆ ਵਿਚ ਬਜਾਰਾਂ ਦੇ ਬੜਾ ਰੌਲਾ ਤੁਰਕਾਂ ਧੁੰਮ ਦੇ ਧੁੰਮ ਚਲਾ ਦਿਤੇ
ਰਾਮ ਲਛਮਣ ਜੋ ਮੁੰਡੇ ਸੀ ਬਣੇ ਹੋਏ ਤੁਰਕਾਂ ਮਾਰਕੇ ਓਹ ਮੁਕਾ ਦਿਤੇ
ਦੁਖੀ ਹੋ ਮੁਲਤਾਨ ਦੇ ਹਿੰਦੂਆਂ ਨੇ ਮਹਾਰਾਜ ਨੂੰ ਹਾਲ ਸੁਣਾ ਦਿਤੇ
ਓਸੇ ਵਕਤ ਸਕੰਦਰ ਮਹਾਰਾਜ ਜੀ ਨੇ ਦਬਾ ਦਬ ਨੇ ਦਲ ਚੜ੍ਹਾ ਦਿਤੇ
ਲੋਕ ਅਗੇ ਹੀ ਡਰਨ ਮਹਾਰਾਜ ਕੋਲੋਂ ਹੁਣ ਸਖਤ ਨੇ ਹੁਕਮ ਅਲਾ ਦਿਤੇ
ਮਹਾਰਾਜ ਨੇ ਐਸਾ ਹੈ ਹੁਕਮ ਦਿਤਾ ਸਾਰੇ ਦੇਸ ਦੇ ਤੁਰਕ ਡਰਾ ਦਿਤੇ
ਕਈਆਂ ਤੰਬਿਆਂ ਵਿਚ ਪਿਸ਼ਾਬ ਕੀਤੇ ਥਰ ਥਰ ਨੇ ਤੁਰਕ ਕੰਬਾ ਦਿਤੇ
ਕਈਆਂ ਪਿੰਡਾਂ ਨੇ ਉੱਜੜਕੇ ਉਸ ਵੇਲੇ ਡੇਰੇ ਜੰਗਲਾਂ ਵਿਚ ਲਗਾ ਦਿਤੇ
ਓੜਕ ਜਾ ਮੁਲਤਾਨ ਨੂੰ ਮਹਾਰਾਜੇ ਬਸ ਤੋਪਾਂ ਦੇ ਮੋਰਚੇ ਲਾ ਦਿਤੇ
ਤਕੜਾ ਹੋਕੇ ਅਗੋਂ ਨਵਾਬ ਲੜਿਆਂ ਵਧ ਵਧਕੇ ਹਥ ਵਿਖਾ ਦਿਤੇ
ਤਿਨ ਦਿਨ ਹੈ ਤੋਪਾਂ ਦੀ ਅੱਗ ਬਰਸੀ ਓੜਕ ਸਿਖਾਂ ਪਠਾਣ ਭਜਾ ਦਿਤੇ
ਚੌਥੇ ਦਿਨ ਮੁਲਤਾਨ ਨੂੰ ਫਤੇ ਕੀਤਾ ਸਿਖਾਂ ਮਾਰ ਪਠਾਣ ਉਡਾ ਦਿਤੇ
ਸੱਤ ਸੌ ਪਠਾਣ ਮਦਾਨ ਅੰਦਰ ਐਨ ਸਾਫ ਨੇ ਸਿੰਘਾਂ ਵਿਛਾ ਦਿਤੇ
ਦੋ ਸੌ ਹੈ ਸਿੰਘ ਸ਼ਹੀਦ ਹੋਇਆ ਸਿੰਘਾਂ ਫਤੇ ਦੇ ਵਾਜੇ ਵਜਾ ਦਿਤੇ
ਮੁਸਲਮਾਨ ਸੁਕਮਾਂਜ ਕਰ ਖਾਲਸੇ ਨੇ ਬਸ ਮਿਟੀ ਦੇ ਨਾਲ ਰੌਲਾ ਦਿਤੇ

ਤੋਬਾ ਤੋਬਾ ਕਰ ਸਭ ਪਠਾਨ ਉਠੇ ਸਿੰਘਾਂ ਕੰਨਾਂ ਨੂੰ ਹਥ ਲੁਵਾ ਦਿਤੇ
ਮਹਾਰਾਜ ਦੀ ਪਿਆ ਨਵਾਬ ਪੈਰੀਂ ਹਾਇ ਮੌਤ ਨੇ ਹਥ ਜੁੜਾ ਦਿਤੇ
ਤਿੰਨ ਲੱਖ ਰੁਪੱਯਾ ਨੁਵਾਬ ਦੇਕੇ ਹੋਰ ਹਰਜੇ ਤੇ ਖਰਚੇ ਫੜਾ ਦਿਤੇ
ਮਹਾਰਾਜ ਨੇ ਬਖਸ਼ ਨੁਵਾਬ ਤਾਈਂ ਡੇਰੇ ਆਨ ਲਾਹੌਰ ਲਗਾ ਦਿਤੇ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਸਾਰੇ ਦੇਸ ਦੇ ਤੁਰਕ ਨਿਵਾ ਦਿਤੇ

[ਮਹਾਰਾਜ ਦੀ ਝੰਗ ਉਤੇ ਚੜ੍ਹਾਈ]

ਸਤ ਹਿੰਦੂਆਂ ਝੰਗ ਨੁਵਾਬ ਪਾਸੋਂ ਮਹਾਰਾਜ ਨੂੰ ਹਾਲ ਸੁਣਾਯਾ ਆਕੇ
ਮਹਾਰਾਜ ਨੇ ਫੌਜ ਨੂੰ ਨਾਲ. ਲੈਕੇ ਬਸ ਝੰਗ ਨੂੰ ਮੋਰਚਾ ਲਾਯਾ ਆਕੇ
ਅਹਿਮਦ ਖਾਂ ਨੇ ਨਾਲ ਰਣਜੀਤ ਸਿੰਘ ਦੇ ਪੰਦ੍ਰਾਂ ਦਿਨ ਹੈ ਜੰਗ ਮਚਾਯਾ ਆਕੇ
ਇਕ ਦਿਨ ਬੰਨ ਕੇ ਸ਼ਿਸਤ ਨਵਾਬ ਪਾਪੀ ਮਹਾਰਾਜ ਤੇ ਗੋਲਾ ਚਲਾਯਾ ਆਕੇ
ਗੋਲਾ ਤੋਪ ਦਾ ਆਣਕੇ ਪਿਆ ਐਸਾ ਮਹਾਰਾਜ ਦਾ ਤੰਬੂ ਉਡਾਯਾ ਆਕੇ
ਮਹਾਰਾਜ ਨੂੰ ਗੁਰਾਂ ਨੇ ਓਸ ਵੇਲੇ ਹਥ ਦੇਕੇ ਆਪ - ਬਚਾਯਾ ਆਕੇ
ਮਹਾਰਾਜ ਨੇ ਗੁੱਸੇ ਦੇ ਵਿਚ ਆਕੇ ਓਸੇ ਵੇਲੇ ਹੀ ਹੱਲਾ ਬੁਲਾਯਾ ਆਕੇ
ਵੜੇ ਸ਼ਹਿਰ ਦੇ ਵਿਚ ਨੇ ਸਿੱਖ ਸਾਰੇ ਬੁਰਾ ਤੁਰਕਾਂ ਤੇ ਵਖਤ ਹੈ ਪਾਯਾ ਆਕੇ
ਅਹਿਮਦ ਖਾਂ ਮੁਲਤਾਨ ਨੂੰ ਭੱਜ ਗਿਆ ਬਾਕੀ ਤੁਰਕਾਂ ਨੂੰ ਸਿੰਘਾਂ ਦਬਾਯਾ ਆਕੇ
ਬਿਨਾਂ ਹਿੰਦੂਆਂ ਤੋਂ ਸਭ ਕਤਲ ਕੀਤੇ ਐਸਾ ਸਿੰਘਾਂ ਨੇ ਹੱਥ ਵਿਖਾਯਾ ਆਕੇ
ਮਾਲ ਮੁਲਕ ਨਵਾਬ ਦਾ ਸਾਂਭ ਕਰਕੇ ਦਖਲ ਆਪਣਾ ਕਰਿਆ ਕਰਾਯਾ ਆਕੇ
ਛਤੇ ਕਰਕੇ ਝੰਗ ਨੂੰ ਬਿਸ਼ਨ ਸਿੰਘਾ ਮਹਾਰਾਜ ਮੁਲਤਾਨ ਨੂੰ ਧਾਯਾ ਆਕੇ

{ਰਸਤੇ ਵਿਚ ਉੱਚ ਪਿੰਡ ਦੇ *ਉੱਚ ਦੇ ਪੀਰ ਸੱਯਦ ਸੁਲਤਾਨ ਖਾਂ
ਰਈਸ ਤੋਂ ਮਹਾਰਾਜ ਨੇ ਨਜ਼ਰ ਲੈਣੀ}

ਉੱਚ ਪਿੰਡ ਜਾਂ ਆਏ ਰਣਜੀਤ ਸਿੰਘਜੀ ਪਹਿਲੋਂ ਆਕੜਿਆ ਆ ਸੁਲਤਾਨ ਅੱਗੇ
ਕੰਬ ਉਠਿਆ ਉੱਚ ਦਾ ਪੀਰ ਅੱਗੋਂ ਜਦੋਂ ਤੋਪਾਂ ਦੇ ਗੋਲੇ ਨੇ ਦਗਣ ਲੱਗੇ
ਇਕ ਲੱਖ ਰੁਪੱਯਾ ਸੋ ਨਜ਼ਰ ਦਿੱਤਾ ਰੰਗ ਹੋਏ ਸੁਲਤਾਨ ਦੇ ਆਣ ਬੱਗੇ
ਮਹਾਰਾਜ ਨੇ ਓਸਨੂੰ ਠਗਿਆ ਹੈ ਬਿਸ਼ਨ ਸਿੰਘ ਜਿਨ ਲੋਕ ਤਮਾਮ ਠੱਗੇ

[ਮੁਲਤਾਨ ਦੇ ਸੂਬੇ ਨੇ ਅਹਿਮਦ ਖਾਂ ਦੀ ਮਹਾਰਾਜ ਨਾਲ ਸੁਲ੍ਹਾ ਕਰਾ ਦੇਣੀ]

ਮਹਾਰਾਜ ਰਣਜੀਤ ਸਿੰਘੇ ਸ਼ੇਰ ਨੇ ਜਾਂ ਇਹ ਉੱਚ ਦਾ ਪੀਰ ਨਵਾ ਲਿਆ
ਕੰਬ ਉਠਿਆ ਤੁਰਕਾਂ ਦਾ ਦੇਸ ਸਾਰਾ ਅਹਿਮਦ ਖਾਂ ਵੀ ਚਰਨਾਂ ਤੇ ਆ ਪਿਆ
ਅਹਿਮਦ ਖਾਂ ਨੂੰ ਸੂਬਾ ਮੁਲਤਾਨ ਵਾਲਾ ਮਹਾਰਾਜ ਦੇ ਕੋਲੋਂ ਬਚਾ ਗਿਆ
ਮਹਾਰਾਜ ਨੂੰ ਸੂਬਾ ਮੁਲਤਾਨ ਵਾਲਾ ਹਰਜਾ ਆਪ ਵੀ ਕੁਝ ਫੜਾ ਗਿਆ

---

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਮਾਛੀਵਾੜੇ ਤੋਂ ਜਦ ਉੱਚ ਦੇ ਪੀਰ ਬਣਕੇ ਨਿਕਲੇ ਸਨ ਤਾਂ ਏਥੋਂ ਦੇ ਹੀ ਪੀਰ ਸਦਾਏ ਸਨ।

ਅਹਿਮਦ ਖਾਂ ਤੋਂ ਵੀ ਇਕ ਲੱਖ ਲੈਕੇ ਅਗੇ ਵਾਸਤੇ ਇਹ ਲਿਖਾ ਲਿਆ
ਦੇਣਾਂ ਸੱਠ ਹਜ਼ਾਰ ਸਾਲਾਨਾ ਸਾਰਾ ਮਹਾਰਾਜ ਨੇ ਇਹ ਮਨਾ ਲਿਆ
ਉਸਦਾ ਰਾਜ ਦੇ ਓਸਨੂੰ ਬਿਸ਼ਨ ਸਿੰਘਾ ਡੇਰਾ ਆਣ ਲਾਹੌਰ ਲਗਾ ਲਿਆ

[ਮਹਾਰਾਜ ਨੇ ਹੋਰ ਫੌਜ ਭਰਤੀ ਕਰਨੀ ਅਤੇ ਸ਼ਸਤ੍ਰਾਂ ਦੇ ਕਾਰਖਾਨੇ ਖੋਲਣੇ]

ਏਸੇ ਸਾਲ ਸਰਕਾਰ ਨੇ ਸੋਚ ਕਰਕੇ ਸਿੱਖ ਬਹੁਤ ਹੀ ਭਰਤੀ ਨੇ ਕਰ ਲਏ
ਤੋਪਾਂ ਬਹੁਤ ਢਲਵਾ ਢਲਵਾ, ਕਰਕੇ ਕਾਰਖਾਨੇ ਮਹਾਰਾਜ ਨੇ ਭਰ ਲਏ
ਹੋਰ ਸ਼ਸਤ੍ਰ ਕਈ ਤਰਾਂ ਦੇ ਮਹਾਰਾਜੇ ਮੋਹਣੇ ਸੋਹਣੇ ਬਣਵਾਕੇ ਧਰ ਲਏ
ਫੌਜਾਂ ਸ਼ਸਤ੍ਰਾਂ ਨਾਲ ਹੀ ਬਿਸ਼ਨ ਸਿੰਘਾ ਭਰ ਆਪਣੇ ਦਰ ਤੇ ਘਰ ਲਏ

{ਮਹਾਰਾਜ ਨੇ ਗੁਲਾਬ ਸਿੰਘ ਭੰਗੀ ਦੀ ਔਰਤ ਸੁੱਖਾਂ ਪਾਸੋਂ
ਭੰਗੀਆਂ ਵਾਲੀ ਤੋਪ ਮੰਗਣੀ}

ਜਮ ਜਮ ਤੋਪ ਲਾਹੌਰ ਦੇ ਵਿਚ ਜੇਹੜੀ ਘਰ ਅਜੈਬ ਦੇ ਅਗੇ ਸੁਹਾ ਰਹੀ
ਯੂਨੀਵਰਸਟੀ ਦੇ ਸਾਹਮਣੇ ਪਈ ਹੋਈ ਤੋਪ ਭੰਗੀਆਂ ਵਾਲੀ ਕਹਾ ਰਹੀ
ਪਹਿਲੋਂ ਭੰਗੀਆਂ ਦੀ ਇਹ ਤੋਪ ਹੈਸੀ ਅੰਮ੍ਰਿਤਸਰ ਦੇ ਵਿਚ ਸੀ ਆ ਰਹੀ
ਸੁੱਖਾਂ ਕੋਲੋਂ ਹੈ ਮੰਗੀ ਰਣਜੀਤ ਸਿੰਘ ਨੇ ਬਿਸ਼ਨ ਸਿੰਘ ਇਉਂ ਅਗੋਂ ਸੁਣਾ ਰਹੀ

[ਜਵਾਬ ਰਾਣੀ ਸੁੱਖਾਂ]

ਸੁੱਖਾਂ ਆਖਿਆ ਅਗੋਂ ਰਣਜੀਤ ਸਿੰਘ ਨੂੰ ਤੂੰ ਬੜਾ ਹੈ ਜ਼ੁਲਮ ਉਠਾ ਲਿਆ
ਮੈਨੂੰ ਅਗੇ ਹੀ ਤੂੰ ਹੈ ਦੁਖੀ ਕੀਤਾ ਮੁਲਕ ਮੇਰਾ ਤੂੰ ਸਾਰਾ ਦਬਾ ਲਿਆ
ਹੈ ਹੈ ਲੋਂਹੜਾ ਵੇ ਕਾਣੇ ਕੁਟੀਚਰਾ ਵੇ ਮੁਲਕ ਮੇਰਾ ਤੂੰ ਲੁੱਟ ਕੇ ਖਾ ਲਿਆ
ਹੁਣ ਭਾਂਡੇ ਵੀ ਘਰ ਦੇ ਮੰਗਨਾ ਏਂ ਬਿਸ਼ਨ ਸਿੰਘ ਇਉਂ ਸਖਤ ਸੁਣਾ ਲਿਆ

{ਮਾਘ ਸੰਨ ੧੮੬੧ ਬਿ: ਨੂੰ ਮਹਾਰਾਜ ਨੇ ਅੰਮ੍ਰਿਤਸਰ
ਭੰਗੀਆਂ ਤੋਂ ਲੈਣਾ}

ਨਾਲ ਲੈ ਮਹਾਰਾਜ ਨੇ ਫਤੇ ਸਿੰਘ ਨੂੰ ਅੰਮ੍ਰਿਤਸਰ ਨੂੰ ਮੋਰਚਾ ਲਾਇਆ ਏ
ਅਗੋਂ ਸੁੱਖਾਂ ਵੀ ਚਾਰ ਦਿਨ ਲੜੀ ਡਾਢਾ ਤਕੜੀ ਹੋਕੇ ਜੰਗ ਮਚਾਇਆ ਏ
ਫਤੇ ਸਿੰਘ ਦੀ ਫੌਜ ਨੇ ਜੋਰ ਦੇਕੇ ਲੋਹਗੜ ਦੇ ਕੋਟ ਨੂੰ ਢਾਹਿਆ ਏ
ਵੜੇ ਸ਼ੈਹਰ ਦੇ ਵਿਚ ਨੇ ਸਿਖ ਸਾਰੇ ਘੇਰਾ ਆਕੇ ਕਿਲੇ ਨੂੰ ਪਾਇਆ ਏ
ਕਿਲਾ ਭੰਗੀਆਂ ਦਾ ਸਿੰਘਾਂ ਫਤੇ ਕੀਤਾ ਪੈਰ ਆਪਣੇ ਵਿਚ ਜਮਾਇਆ ਏ
ਪੁਤਰ ਸਣੇ ਹੀ ਸੁੱਖਾਂ ਨੂੰ ਮਹਾਰਾਜੇ ਧੱਕਾ ਦੇਕੇ ਬਾਹਰ ਕਢਾਇਆ ਏ
ਮਾਂ ਪੁਤਰ ਜਾਂ ਕਿਲੇ ਤੋਂ ਬਾਹਰ ਨਿਕਲੇ ਓਦੋਂ ਮੀਂਹ ਵੀ ਜ਼ੋਰ ਦਾ ਆਇਆ ਏ
ਉਤੇ ਦੁਖ ਦੇ ਦੁਖ ਆ ਪਿਆ ਭਾਰਾ ਜਦੋਂ ਰੱਬ ਨੇ ਮੀਂਹ ਬਰਸਾਇਆ ਏ
ਆਪਣੇ ਪੁਤ੍ਰ ਸਮੇਤ ਹੀ ਓਸ ਵੇਲੇ ਬੜਾ ਸੁੱਖਾਂ ਨੇ ਦੁਖ ਉਠਾਇਆ ਏ
ਯਾਰਾਂ ਵਰ੍ਹਿਆਂ ਦਾ ਪੁਤ੍ਰ ਸੀ ਛੋਟਾ ਜੇਹਾ ਓਹਨੂੰ ਗਲ ਦੇ ਨਾਲ ਲਗਾਇਆ ਏ
ਫਿਰੀ ਭਿੱਜਦੀ ਸ਼ਹਿਰ ਦੇ ਵਿਚ ਸਾਰੇ ਡਰਦੇ ਕਿਸੇ ਨ ਕੋਲ ਬਹਾਇਆ ਏ

ਮਹਾਰਾਜ ਦਾ ਖੌਫ ਸੀ ਬੜਾ ਭਾਰਾ ਦਿਸ ਲਈ ਕਿਸੇ ਨੇ ਮੂੰਹ ਨਾ ਲਾਇਆ ਏ
ਪਾਤਸ਼ਾਹ ਨੂੰ ਛਿਨ ਦੇ ਵਿਚ ਦੇਖੋ ਸਚੇ ਰੱਬ ਕੰਗਾਲ ਬਨਾਇਆ ਏ
ਨੰਗੀ ਪੈਰੀਂ ਲੈ ਮਾਂ ਤੇ ਪੁਤਰ ਤਾਈਂ ਸਾਰੇ ਸ਼ਹਿਰ ਦੇ ਵਿਚ ਰੁਲਾਇਆ ਏ
ਦਰ ਦਰ ਤੋਂ ਧੱਕੇ ਨੇ ਪਏ ਆਕੇ ਰੱਬ ਕੁਝ ਦਾ ਕੁਝ ਵਿਖਾਇਆ ਏ
ਓੜਕ ਦੋਹਾਂ ਹੀ ਮਾਂ ਤੇ ਪੁਤ੍ਰ ਤਾਈਂ ਜੋਧ ਸਿੰਘ ਨੇ ਕੋਲ ਬੁਲਾਇਆ ਏ
ਰਾਮਗੜ੍ਹੀਏ ਦੀ ਬੜੀ ਹਵੇਲੀ ਹੈਸੀ ਆਦਰ ਦੇਕੇ ਅੰਦਰ ਬਠਾਇਆ ਏ
ਸੁੱਕੇ ਕਪੜੇ ਨਾਲੇ ਪਹਿਰਾਏ ਦਿਤੇ ਨਾਲੇ ਅੰਨ ਪਕਾਇ ਖੁਆਇਆ ਏ
ਪੁਤ੍ਰ ਸੁੱਖਾਂ ਦਾ ਲੈ ਗੁਰਦਿਤ ਸਿੰਘ ਨੂੰ ਫੇਰ ਨਾਲ ਮਹਾਰਾਜ ਮਿਲਾਇਆ ਏ
ਮਹਾਰਾਜ ਦੇ ਚਰਨੀ ਗੁਰਦਿਤ ਸਿੰਘ ਨੇ ਆਪਣਾ ਆਕੇ ਸਿਰ ਨਿਵਾਇਆ ਏ
ਜੋਧ ਸਿੰਘ ਨੇ ਆਖ ਸਰਕਾਰ ਤਾਈਂ ਪੰਜ ਪਿੰਡ ਜਗੀਰ ਦਿਵਾਇਆ ਏ
ਮਾਲ ਮੁਲਕ ਮਹਾਰਾਜ ਨੇ ਭੰਗੀਆਂ ਦਾ ਕਬਜ਼ੇ ਆਪਣੇ ਕਟਿਆ ਕਰਾਇਆ ਏ
ਦਾਨ ਦਿਤਾ ਨਿਹੰਗਾਂ ਪੁਜਾਰੀਆਂ ਨੂੰ ਬਹੁਤ ਕੁਝ ਦਰਬਾਰ ਚੜ੍ਹਾਇਆ ਏ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਫੇਰ ਆ ਲਾਹੌਰ ਵਸਾਇਆ ਏ

[ਆਪਣੀ ਸੱਸ ਦੀ ਮੱਦਦ ਕਰਨੀ]

ਸਦਾ ਕੌਰ ਦੇ ਨਾਲ ਸੰਸਾਰ ਚੰਦ ਨੇ ਫੇਰ ਉੱਠਕੇ ਬੜਾ ਫਸਾਦ ਕੀਤਾ
ਮਹਾਰਾਜ ਰਣਜੀਤ ਸਿੰਘ ਜਾ ਕਰਕੇ ਸਾਰਾ ਓਸਦਾ ਮੁਲਕ ਬਰਬਾਦ ਕੀਤਾ
ਮਾਰ ਕੁੱਟ ਕੇ ਰਾਜੇ ਸਜੰਗ ਤਾਈਂ ਅਪਣੀ ਸੱਸ ਦਾ ਦੇਸ ਅਬਾਦ ਕੀਤਾ
ਓਦੋਂ ਗਏ ਮਹਾਰਾਜ ਸੀ ਬਿਸ਼ਨ ਸਿੰਘਾ ਸਦਾ ਕੌਰ ਨੇ ਜਦੋਂ ਸੀ ਯਾਦ ਕੀਤਾ

[ਕਵੀ]

ਠਾਰਾਂ ਸੌ ਇਕਾਹਠ ਨੂੰ ਮਹਾਰਾਜੇ ਬੜਾ ਭਾਰਾ ਇਕ *ਲਸ਼ਕਰ ਬਣਾ ਲਿਆ

---

*ਹੁਕਮ ਸਿੰਘ ਚਿਮਨੀ ਨੂੰ ਤੇ ਗੌਂਸੇ ਖਾਂ ਨੂੰ ਤੋਪਖਾਨਿਆਂ ਦੇ ਅਤੇ ਦੋ ਦੋ ਸੌ ਅਸਵਾਰ ਉੱਤੇ ਅਫਸਰ ਕੀਤਾ, ਹਰੀ ਸਿੰਘ ਨਲੂਏ ਨੂੰ ਜੋ ਪਹਿਲੇ ਮਹਾਰਾਜੇ ਦਾ ਮੁਸਾਹਿਬ ਸੀ ਅੱਠ ਸੌ ਪੈਦਲ ਅਸਵਾਰ ਦੀ ਸਰਦਾਰੀ ਦਿੱਤੀ ਅਤੇ ਭਾਈ ਸਾਹਿਬ ਦਾ ਖਿਤਾਬ ਦਿੱਤਾ ਕਿਉਂਕਿ ਮਹਾਰਾਜ ਨੇ ਓਸਦੀ ਮਾਂ ਦਾ ਦੁਧ ਪੀਤਾ ਹੋਇਆ ਸੀ, ਦੇਸਾ ਸਿੰਘ ਮਜੀਠੀਏ ਨੂੰ ੪੦੦ ਅਸਵਾਰ ਦਾ, ਸ਼ੇਖ ਅਬਦੁੱਲੇ ਨੂੰ ੨੦੦੦ ਅਸਵਾਰ ਦਾ ਸਰਦਾਰ ਬਣਾਇਆ, ਮਿਲਖਾ ਸਿੰਘ ਨੂੰ ੮੦੦ ਅਸਵਾਰ ਦੇਕੇ ਰਾਵਲਪਿੰਡੀ ਤੇ ਨੌਧ ਸਿੰਘ ਨੂੰ ੪੦੦ ਅਸਵਾਰ ਦੇਕੇ ਪਿੰਡੀਘੇਪ ਹਾਕਮ ਕਾਇਮ ਕੀਤਾ। ਅਤਰ ਸਿੰਘ ਧਾਰੀ ਨੂੰ ੫੦੦ ਅਸਵਾਰ ਦਾ ਰਸਾਲਦਾਰ, ਕਿਰਪਾ ਸਿੰਘ ਨੂੰ ੧੦੦੦ ਪੈਦਲ ਦਾ ਜ਼ੁਮੇਦਾਨ, ਨਿਹਾਲ ਸਿੰਘ ਅਟਾਰੀ ਵਾਲੇ ਨੂੰ ਤੇ ਬਾਜ ਸਿੰਘ ਨੂੰ ਪੰਜ ਪੰਜ ਸੌ ਸਿਪਾਹੀ ਦੀ ਸਰਦਾਰੀ ਦਿੱਤੀ।

(ਬਾਕੀ ਫੁਟਨੋਟ ਦੇਖੋ ਸਫਾ ੧੯)

ਬਾਰਾਂ ਮਿਸਲਾਂ ਕੋਲੋਂ ਵੀ ਲਈ ਮੱਦਦ ਬੜਾ ਦਲ ਹੈ ਸੱਦ ਸਦਾ ਲਿਆ
ਹੋਰ ਛੋਟਿਆਂ ਵਡਿਆਂ ਰਾਜਿਆਂ ਨੂੰ ਪਾਸ ਆਪਣੇ ਹੈ ਬੁਲਾ ਲਿਆ
ਬੜੇ ਬੜੇ ਜਵਾਨਾ ਦਾ ਬਿਸ਼ਨ ਸਿੰਘਾ ਕੱਠਾ ਦਲ ਹੈ ਕਰ ਕਰਾ ਲਿਆ

[ਮਹਾਰਾਜ ਨੇ ਸੰ: ੧੮੬੨ ਬਿ: ਨੂੰ ਪਸ਼ੌਰ ਵੱਲ ਦੌਰਾ ਕਰਨਾ]

ਦੌਰਾ ਕਰਨ ਪਸ਼ੌਰ ਨੂੰ ਮਹਾਰਾਜੇ ਬੜਾ ਆਪਣਾ ਦਲ ਚੜ੍ਹਾ ਲਿਆ
ਮੁਸਲਮਾਨਾਂ ਸਭ ਹਾਕਮਾਂ ਵਡਿਆਂ ਨੂੰ ਮਹਾਰਾਜ ਨੇ ਹੈ ਸੁਣਾ ਲਿਆ
ਈਨ ਮੰਨੋਂ ਸਰਕਾਰ ਲਾਹੌਰ ਸੰਦੀ ਸਭ ਨੂੰ ਵੱਜ ਕੇ ਹੈ ਅਲਾ ਲਿਆ
ਰਹੋ ਹੋਕੇ ਖਾਲਸੇ ਪੰਥ ਸੰਦੇ ਮਹਾਰਾਜ ਨੇ ਆਪ ਬਤਾ ਲਿਆ
ਬੁਰਾ ਹਾਲ ਨਹੀਂ ਹੋਵੇਗਾ ਤੁਸਾਂ ਸੰਦਾ ਸਭ ਨੂੰ ਇਹ ਲਿਖਾ ਪੁਚਾ ਲਿਆ
ਬਾਦਸ਼ਾਹੀ ਸੀ ਕਾਬਲ ਦੀ ਹੋਈ ਢਿੱਲੀ ਸਭ ਨੇ ਸੁਣਦਿਆਂ ਮੰਨ ਮਨਾ ਲਿਆ
ਏਸੇਤਰਾਂ ਸਰਕਾਰ ਨੇ ਦੇਸ ਸਾਰਾ ਮੁਸਲਮਾਨਾਂ ਦਾ ਹੈ ਨਿਵਾ ਲਿਆ
ਨਜ਼ਰਾਂ ਸਾਰਿਆਂ ਤੁਰਕਾਂ ਤੋਂ ਲੈ ਕਰਕੇ ਫੇਰਾ ਹੈ ਮੁਲਤਾਨ ਨੂੰ ਪਾ ਲਿਆ
ਮੁਜ਼ੱਫਰ ਖਾਂ ਨਵਾਬ ਮੁਲਤਾਨ ਵਾਲੇ ਅੱਗੋਂ ਆਕੇ ਸਿਰ ਝੁਕਾ ਲਿਆ
ਮਹਿਤਮ ਪਿੰਡ ਮੁਲਤਾਨ ਤੋਂ ਸੱਤ ਕੋਹ ਜੋ ਓਥੇ ਆਕੇ ਡੇਰਾ ਲਗਾ ਲਿਆ
ਦੇਕੇ ਦਸ ਹਜ਼ਾਰ ਮਹਾਰਾਜ ਤਾਈਂ ਪਿੱਛਾ ਆਪਣਾ ਨਵਾਬ ਛੁਡਾ ਲਿਆ
ਸਾਰੇ ਮੁਲਕ ਦਾ ਮਾਮਲਾ ਮਹਾਰਾਜੇ ਏਸੇ ਸਾਲ ਹੀ ਹੋਰ ਵਧਾ ਲਿਆ
ਝੰਗ ਵਾਲ ਤੋਂ ਸੱਠ ਹਜ਼ਾਰ ਦੀ ਥਾਂ ਇਕ ਲੱਖ ਸਲਾਨਾ ਮੰਗਾ ਲਿਆ
ਦੌਰਾ ਕਰ ਮਹਾਰਾਜ ਨੇ ਬਿਸ਼ਨ ਸਿੰਘਾ ਡੇਰਾ ਆ ਲਾਹੌਰ ਹੈ ਲਾ ਲਿਆ

[ਜਸਵੰਤ ਰਾਇ ਹੁਲਕਰ ਇੰਦੌਰ ਵਾਲੇ ਨੇ ਅੰਗ੍ਰੇਜ਼ਾਂ ਤੋਂ ਹਾਰਨਾ]

ਹਾਰ ਕਰ ਜਸਵੰਤ ਅੰਗ੍ਰੇਜ਼ਾਂ ਕੋਲੋਂ ਅੰਮ੍ਰਿਤਸਰ ਨੂੰ ਆਉਣਾ ਚਾਹੁੰਦਾ ਹੈ
ਫੌਜੀ ਪੰਦ੍ਹਾਂ ਹਜ਼ਾਰ ਸਵਾਰ ਬਾਂਕੇ ਪਿਆ ਆਪਣੇ ਨਾਲ ਲਿਆਉਂਦਾ ਹੈ
ਲਾਰਡ ਲੇਕ ਸਾਹਿਬ ਬੰਞਾ ਲੈ ਕੰਪੂ ਮਰ.ਰ ਮਗਰ ਹੀ ਭੱਜਿਆ ਆਉਂਦਾ ਹੈ
ਬਿਪਤਾ ਪਈ ਜਸਵੰਤ ਨੂੰ ਬਿਸ਼ਨ ਸਿੰਘਾ ਮਹਾਰਾਜ ਦੀ ਆਸ ਤਕਾਉਂਦਾ ਹੈ

---

(੧੮ ਸਫੇ ਦਾ ਬਾਕੀ ਫੁਟਨੋਟ)

ਏਸੇਤਰਾਂ ਅਨੇਕ ਸਰਦਾਰ ਬਦਲੇ, ਬਣਾਏ ਮੁਲਕ ਦਾ ਇੰਤਜ਼ਾਮ ਕਾਇਮ ਕੀਤਾ। ਜੱਸਾ ਸਿੰਘ ਭੰਗੀ ਤੇ ਚੇਤ ਸਿੰਘ ਭੰਗੀ ਤੋਂ ੧੦੦ ਅਸਵਾਰ, ਫਤੇ ਸਿੰਘ ਆਹਲੂ-ਵਾਲੀਏ ਤੋਂ ੨੦੦, ਸਾਹਿਬ ਸਿੰਘ ਗੁਜਰਾਤ ਵਾਲੇ ਪਾਸੋਂ ੧੫੦, ਘਨਈਏ ਸਰਦਾਰ ਪਾਸੋਂ ੫੦੦, ਨਕਈਆਂ ਤੋਂ ੪੦੦ ਹੋਰ ਮਾਝੇ ਦੇ ਸਭ ਸਰਦਾਰਾਂ ਪਾਸੋਂ ੮੦੦੦, ਦੁਆਬੇ ਦੇ ਸਰਦਾਰਾਂ ਪਾਸੋਂ ੭੦੦੦, ਪਹਾੜੀ ਰਾਜਿਆਂ ਤੋਂ ੫੦੦੦ ਏਸੇਤਰਾਂ ਜੈਸਾ ਜੈਸਾ ਕੋਈ ਜਗੀਰਦਾਰ ਸੀ ਸਭਨਾਂ ਤੋਂ ਆਪਣੀ ਨੌਕਰੀ ਵਿਚ ਅਸਵਾਰ ਲੈਕੇ ਇਕ ਬੜਾ ਭਾਰਾ ਲਸ਼ਕਰ ਮਹਾਰਾਜ ਨੇ ਆਪਣਾ ਬਣਾਇਆ।

National Library, Calcutta-27



{ ਪਹਿਲੇ ਮਹਾਰਾਜ ਪਾਸ ਲਾਰਡ ਲੇਟ ਲਾਟ ਬਾਹਿਬ ਵੱਲੋਂ ਰਾਜਾ ਭਾਗ ਸਿੰਘ ਆਇਆ }

ਲਾਟ ਸਾਹਿਬ ਦੀ ਤਰਫ ਤੋਂ ਭਾਗ ਸਿੰਘ ਜੀ ਪਹਿਲੇ ਪਾਸ ਸਰਕਾਰ ਦੇ ਆਗਿਆ
ਹਾਲ ਸਾਰਾ ਜਸਵੰਤ ਦਾ ਖੋਲ ਕਰਕੇ ਮਹਾਰਾਜ ਨੂੰ ਹੈ ਸੁਣਾ ਲਿਆ
ਤੁਸਾਂ ਮੱਦਦ ਜਸਵੰਤ ਨੂੰ ਨਹੀਂ ਦੇਣੀ ਮਹਾਰਾਜ ਨੂੰ ਹੈ ਮਨਾ ਲਿਆ
ਬਿਸ਼ਨ ਸਿੰਘ ਵਕੀਲ ਜਸਵੰਤ ਸੰਦਾ ਏਧਰ ਚਰਨੀ ਮਹਾਰਾਜ ਦੀ ਆ ਪਿਆ

[ਜਸਵੰਤ ਰਾਉ ਦਾ ਵਕੀਲ]

ਕੋਲ ਆ ਵਕੀਲ ਜਸਵੰਤ ਸੰਦਾ ਮਾਹਰਾਜ ਨੂੰ ਹਾਲ ਸੁਣਾਉਂਦਾ ਹੈ
ਹਾਰ ਕਰ ਅੰਗ੍ਰੇਜ਼ਾਂ ਤੋਂ ਹੁਲਕਰ ਵਾਲਾ ਮੱਦਤ ਆਪਦੀ ਮੰਗਿਆ ਚਾਹੁੰਦਾ ਹੈ
ਕਿਰਪਾ ਕਰੋ ਤੇ ਅਸਾਂ ਨੂੰ ਦਿਓ ਮੱਦਤ ਸਾਨੂੰ ਬਹੁਤ ਅੰਗ੍ਰੇਜ਼ ਸਤਾਉਂਦਾ ਹੈ
ਆਸ ਆਪਦੀ ਰਖਕੇ ਬਿਸ਼ਨ ਸਿੰਘਾ ਮੇਰਾ ਰਾਜਾ ਵੀ ਨਸਿਆ ਆਉਂਦਾ ਹੈ

[ਜਵਾਬ ਮਹਾਰਾਜ]

ਬਾਤ ਸਾਰੀ ਵਕੀਲ ਦੀ ਸੁਣ ਕਰਕੇ ਮਹਾਰਾਜ ਜਵਾਬ ਸ਼ਿਤਾਬ ਦਿਤਾ
ਹਾਰੇ ਹੋਇ ਤਾਂ ਕਦੇ ਨਾ ਜਿੱਤ ਦੇ ਨੇ ਤੁਸਾਂ ਕਰ ਹੈ ਕੰਮ ਖਰਾਬ ਦਿਤਾ
ਰਾਜਨੀਤ ਦੀ ਸੋਚ ਕੇ ਗਲ ਸਾਰੀ ਮਹਾਰਾਜ ਨੇ ਇਉਂ ਜਵਾਬ ਦਿਤਾ

"ਵਕਤੋਂ ਘੁੱਥੀ ਡੂਮਣੀ ਗਾਵੇ ਆਲ ਪਤਾਲ
ਹੋਰ:—
ਬੂਹੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ"

ਕੀਤੀ ਗਲ ਇਹ ਤੁਸਾਂ ਨੇ ਬਿਸ਼ਨ ਸਿੰਘਾ ਆਖ ਇਸਤਰਾਂ ਸ਼ੇਰ ਪੰਜਾਬ ਦਿਤਾ

[ਤਥਾ]

ਇਕ ਮਹੀਨਾਂ ਜੇ ਕਰਦਿਓ ਖਬਰ ਪਹਿਲੋਂ ਮੈਂ ਤੁਸਾਂ ਨੂੰ ਫਲ ਬਚਾ ਲੈਂਦਾ
ਮਗਰ ਤੁਸਾਂ ਦੇ ਪਏ ਅੰਗ੍ਰੇਜ਼ ਜੇਹੜੇ ਮੈਂ ਢੰਗ ਦੇ ਨਾਲ ਹਟਾ ਲੈਂਦਾ
ਦੋਹਾਂ ਧਿਰਾਂ ਦੀ ਸੁਲਾ ਕਰਾ ਕਰਕੇ ਬੜੇ ਨਾਲ ਅਰਾਮ ਬਹਾ ਲੈਂਦਾ
ਬਣ ਸਕਦਾ ਕੀ ਹੁਣ ਬਿਸ਼ਨ ਸਿੰਘਾ ਮਹਾਰਾਜ ਹੈ ਅਗੋਂ ਸੁਣਾ ਲੈਂਦਾ

{ ਓੜਕ ਨੂੰ ਮਹਾਰਾਜ ਨੇ ਵਕੀਲ ਦੀ ਅਧੀਨਗੀ ਦੀ ਬੇਨਤੀ ਸੁਣਕੇ ਅੰਮ੍ਰਿਤਸਰ ਆਉਂਣਾ ਤੇ ਜਸਵੰਤ ਰਾਇ ਨੂੰ ਅਤੇ ਸਿਆਣਿਆਂ ੨ ਸਿੱਖਾਂ ਨੂੰ ਕੋਲ ਬੁਲਾਉਂਣਾ }

ਓੜਕ ਮੰਨਕੇ ਅਰਜ਼ ਵਕੀਲ ਸੰਦੀ ਅਮ੍ਰਿਤਸਰ ਮਹਾਰਾਜ ਨੇ ਆ ਗਏ
ਸਿਆਣੇ ਸਿਆਣੇ ਸਰਦਾਰ ਮਹਾਰਾਜ ਜੀ ਨੇ ਆਪਣੇ ਕੋਲ ਨੇ ਨਾਲੇ ਬੁਲਾ ਲਏ
ਨਾਲੇ ਸੱਦ ਜਸਵੰਤ ਨੂੰ ਕੋਲ ਅਪਣੇ ਸਾਰੇ ਨਫੇ ਨੁਕਸਾਨ ਸੁਣਾ ਲਏ
ਓਧਰ ਬਿਆਸਾ ਤੇ ਆਕੇ ਬਿਸ਼ਨ ਸਿੰਘਾ ਲਾਟ ਸਾਹਿਬ ਨੇ ਡੇਰੇ ਲਗਾ ਲਏ

3092 [ਗੋਰਿਆਂ ਦੀ ਫੌਜ] 13.5.56 Rs 7.50

ਦੇਖ ਬਿਆਸਾ ਦਰਿਆ ਦੇ ਕੰਢੇ ਉਤੇ ਦਬਾ ਦਬ ਅੰਗ੍ਰੇਜ਼ ਨੇ ਆ ਰਹੇ
ਪੱਕੇ ਕੱਦ ਵਾਲੇ ਗੋਰੇ ਰੰਗ ਵਾਲੇ ਕਿਆ ਸੋਹਣੇ ਨੇ ਰੂਪ ਸੁਹਾ ਰਹੇ
ਏਧਰ ਓਧਰ ਤਮਾਮ ਹੀ ਪਲਟਨਾਂ ਨੇ ਚੁਪ ਚਾਪ ਹੀ ਸਾਰੇ ਨੇ ਜਾ ਰਹੇ
ਜੀਕੂੰ ਕੰਧ ਤੇ ਮੂਰਤੀਆਂ ਹੁੰਦੀਆਂ ਨੇ ਈਕੂੰ ਸਾਰੇ ਅੰਗ੍ਰੇਜ਼ ਨੇ ਧਾ ਰਹੇ
ਦੇਖ ਸਾਫ ਜ਼ਮੀਨ ਤੋਂ ਅਗੇ ਪਿਛੇ ਇਕੋ ਜੇਹਾ ਨੇ ਕਦਮ ਉਠਾ ਰਹੇ
ਕਿਆ ਸੋਹਣੇ ਪਿਆਰੇ ਇਹ ਲਗਦੇ ਨੇ ਜੋਹੜੇ ਨਾਲ ਨੇ ਵਾਜੇ ਵਜਾ ਰਹੇ
ਤੁਰੇ ਨੱਕ ਦੀ ਸੇਧ ਤੇ ਸਾਫ ਜਾਂਦੇ ਕਿਆ ਸੋਹਣਾ ਤਮਾਸ਼ਾ ਵਿਖਾ ਰਹੇ
ਵੇਖ ਲੋਕ ਪੰਜਾਬ ਦੇ ਬਿਸ਼ਨ ਸਿੰਘਾ ਵਿਚ ਮੂੰਹ ਦੇ ਉਂਗਲਾਂ ਪਾ ਰਹੇ

[ਪੁਰਾਣੇ ਜ਼ਮਾਨੇ ਦੀ ਫੌਜ]

ਮੁਗਲਾਂ ਅਤੇ ਪਠਾਣਾਂ ਮਰਹਟਿਆਂ ਦੀ ਦੇਖੀ ਹੋਈ ਸੀ ਲੋਕਾਂ ਨੇ ਧਾੜ ਜਾਂਦੀ
ਨਾਲੇ ਸਿਖਾਂ ਦੀ ਫੌਜ ਵੀ ਦੇਖ ਚੁਕੇ ਤੁਰੀ ਜਾਂਦੀ ਜੋ ਖੇਤ ਲਿਤਾੜ ਜਾਂਦੀ
ਨਾਲੇ ਦੇਖੀ ਸੀ ਫੌਜ ਦੁਰਾਨੀਆਂ ਦੀ ਜਾਂਦੀ ਜਾਂਦੀ ਜੋ ਪਿੰਡ ਉਜਾੜ ਜਾਂਦੀ
ਫੌਜ ਪਿਛਲਿਆਂ ਲੋਕਾਂ ਪੁਰਾਣਿਆਂ ਦੀ ਜਾਂਦੀ ਜਾਂਦੀ ਹੀ ਲੋਕਾਂ ਨੂੰ ਮਾਰ ਜਾਂਦੀ
ਜੇਹੜਾ ਮਿਲਿਆ ਸੋ ਓਸਨੂੰ ਮਾਰ ਦਿਤਾ ਤੁਰੀ ਜਾਂਦੀਹੀ ਕਰਦੀ ਇਹ ਕਾਰ ਜਾਂਦੀ
ਇਹ ਫੌਜ ਹਨੇਰੀ ਸੀ ਬਿਸ਼ਨ ਸਿੰਘਾ ਜਾਂਦੀ ਜਾਂਦੀ ਹੀ ਬਿਰਛ ਉਖਾੜ ਜਾਂਦੀ

[ਤਥਾ]

ਕੌਣ ਆਖਦਾ ਏਸ ਨੂੰ ਫੌਜ ਹੈਸੀ ਇਹ ਤਾਂ ਜਮ ਦੀ ਸੂਰਤ ਵਿਖਾ ਜਾਂਦੀ
ਰੌਲਾ ਮਚਦਾ ਜਿਥੋਂ ਦੀ ਲੰਘਦੀ ਸੀ ਘਰ ਘਰ ਸੀ ਪਿਟਣੇ ਪਾ ਜਾਂਦੀ
ਹਰ ਇਕ ਨੂੰ ਕੁਝ ਨਾ ਸੁਝਦਾ ਸੀ ਥਾਂ ਥਾਂ ਤੇ ਪਲੈਂ ਸੀ ਆ ਜਾਂਦੀ
ਇਹ ਫੌਜ ਪੁਰਾਣਿਆਂ ਰਾਜਿਆਂ ਦੀ ਲੁੱਟ ਪੁੱਟ ਸੀ ਲੋਕਾਂ ਨੂੰ ਖਾ ਜਾਂਦੀ
ਏਸ ਫੌਜ ਨੂੰ ਜਦੋਂ ਕੋਈ ਦੇਖਦਾ ਸੀ ਅੱਖਾਂ ਅਗੇ ਹਨੇਰੀ ਸੀ ਛਾ ਜਾਂਦੀ
ਫੌਜ ਪਿਛਲੇ ਜਮਾਨੇ ਦੀ ਬਿਸ਼ਨ ਸਿੰਘਾ ਸਾਰੇ ਰਾਹ ਸੀ ਕਰਦੀ ਸਫਾ ਜਾਂਦੀ

[ਤਥਾ]

ਲਾਂਗਾ ਟੇਰ ਜਮਾਨਿਆਂ ਪਿਛਲਿਆਂ ਦੇ ਫੌਜੀ ਭੇਡਾਂ ਦੇ ਵਾਂਗ ਸੀ ਦੌੜ ਜਾਂਦੇ
ਸੱਜੇ ਖੱਬਿਓਂ ਵੀ ਕਈਆਂ ਕੋਹਾਂ ਤੀਕਰ ਐਨ ਸਾਫ ਸੀ ਕਰਦੇ ਰੋੜ ਜਾਂਦੇ
ਡੈਣ ਗਿਲਜੇ ਜੋ ਆਦਮੀ ਖਾਂਵਣੇ ਸੀ ਵਾਂਗ ਹਾਥੀਆਂ ਮਾਰਦੇ ਪੌੜ ਜਾਂਦੇ
ਭੈੜੇ ਚੰਦਰੇ ਫੌਜੀ ਓਹ ਬਿਸ਼ਨ ਸਿੰਘਾ ਖਬਰੇ ਕੇਹੜੀ ਸੀ ਕੱਢਦੇ ਕੌੜ ਜਾਂਦੇ

[ਕਵੀ]

ਏਸੇ ਕਰਕੇ ਲੋਕ ਪੰਜਾਬ ਵਾਲੇ ਕੱਠੇ ਆਣਕੇ ਹੈਣ ਮਹਾਨ ਹੋਏ
ਫੌਜ ਸੋਹਣੀ ਅੰਗ੍ਰੇਜ਼ਾਂ ਦੀ ਦੇਖ ਕਰਕੇ ਸਾਰੇ ਲੋਕ ਨੇ ਬੜੇ ਹੈਰਾਨ ਹੋਏ
ਅਗੇ ਕਦੀ ਤਮਾਸ਼ਾ ਇਹ ਵੇਖਿਆ ਨਾ ਅਜ ਨਵੇਂ ਤਮਾਸ਼ੇ ਇਹ ਆਨ ਹੋਏ
ਕਿਆ ਰੰਗ ਸੋਹਣੇ ਕਿਆ ਕੱਦ ਸੋਹਣੇ ਵੇਖ ਵੇਖਕੇ ਲੋਕ ਕੁਰਬਾਨ ਹੋਏ

ਨਾਭੇ ਵਾਲੇ ਪਟਿਆਲੇ ਤੋਂ ਹਾਰ ਕਰਕੇ ਮਹਾਰਾਜ ਨੂੰ ਚਾ ਬੁਲਾਇਆ ਹੈ
ਦੇਣਾ ਕਰ ਪੰਜਾਹ ਹਜਾਰ ਸਾਰਾ ਮੱਦਤ ਵਾਸਤੇ ਆਪ ਸਦਾਯਾ ਹੈ
ਆਪ ਅਗੇ ਹੀ ਜਾਂਵਣਾ ਚਾਹੁੰਦੇ ਸਨ ਇਹ ਤਾਂ ਗੁਰਾਂ ਸਬੱਬ ਬਣਾਇਆ ਹੈ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਬਸ ਮਾਲਵੇ ਨੂੰ ਹੁਣ ਆਇਆ ਹੈ

[ਸਰਕਾਰ ਦਾ ਮਾਲਵੇ ਵਿਚ ਦੌਰਾ]

ਪਹਿਲੇ ਹੱਥ ਜਲੰਧਰ ਮਹਾਰਾਜ ਆਕੇ ਬੁਧ ਸਿੰਘ ਨੂੰ ਹੈ ਦਬਾ ਲਿਆ
ਨਕਦ ਪੰਜੀ ਹਜ਼ਾਰ ਤੇ ਪੰਜ ਘੋੜੇ ਬੁਧ ਸਿੰਘ ਤੋਂ ਇਹ ਹੈ ਆ ਲਿਆ
ਫੇਰ ਲੁਟਿਆ ਜਾ ਨਕੋਦਰ ਤਾਈਂ ਫਤੇ ਸਿੰਘ ਨੂੰ ਨਾਲ ਰਲਾ ਲਿਆ
ਆਸ ਪਾਸ ਫਿਲੌਰ ਦਾ ਸੋਧ ਕਰਕੇ ਡੇਰਾ ਆ ਫਿਲੌਰ ਲਗਾ ਲਿਆ
ਧਰਮ ਸਿੰਘ ਫਿਲੌਰ ਤੋਂ ਮਾਹਰਾਜੇ ਫੈਦਾ ਵੀਹ ਹਜ਼ਾਰ ਉਠਾ ਲਿਆ
ਸੰਮਤ ਸਿੰਘ ਨਸ਼ਾਨਚੀ ਦੀ ਧਰਮੋਂ ਜ਼ਿਲ੍ਹਾ ਜੀਰੇ ਦਾ ਏਸਤੋਂ ਜਾ ਲਿਆ
ਜਗਤ ਸਿੰਘ ਸਰਦਾਰ ਜੋ ਬੂੜੀਏ ਦਾ ਮੁਕਤਸਰ ਹੈ ਏਸਤੋਂ ਚਾ ਲਿਆ
ਹਰੀ ਸਿੰਘ ਤੇ ਦੂਜੇ ਅਲਬੇਲ ਸਿੰਘ ਤੋਂ ਧਰਮ ਕੋਟ ਹੈ ਅਪਣਾ ਬਣਾ ਲਿਆ
ਮਾੜੀ ਕੋਟ ਬੈਰਾੜਾਂ ਤੋਂ ਆ ਕਰਕੇ ਮਹਾਰਾਜ ਨੇ ਹੈ ਛੁੜਾ ਲਿਆ
ਫਰੀਦਕੋਟ ਤੋਂ ਲੈਕੇ ਨਜ਼ਰ ਭਾਰੀ ਮਹਾਰਾਜ ਨੇ ਹੱਥ ਰੰਗਾ ਲਿਆ
ਸੱਤ੍ਰਾਂ ਕੱਤਕ ਅਠਾਰਾਂ ਤ੍ਰੇਹਠ ਅੰਦਰ ਡੇਰਾ ਆਕੇ ਨਾਭੇ ਹੈ ਲਾ ਲਿਆ
ਸੁਲਾ ਕਰਾਕੇ ਨਾਭੇ ਪਟਿਆਲੇ ਸੰਦੀ ਦੋਹਾਂ ਭਾਈਆਂ ਤਾਈਂ ਮਿਲਾ ਲਿਆ
ਰਾਇਕੋਟ ਅਲਿਆਸ ਦੀਆਂ ਰਾਣੀਆਂ ਤੋਂ ਰਾਜ ਖੋਹਕੇ ਵੰਡ ਵੰਡਾ ਲਿਆ
ਅਪਣੇ ਮਿੱਤਰਾਂ ਦੋਸਤਾਂ ਪਿਆਰਿਆਂ ਨੂੰ ਇਹ ਸਾਰਾ ਹੈ ਰਾਜ ਫੜਾ ਲਿਆ
ਦੇਸ ਮਾਲਵਾ ਤਾਰਕੇ ਬਿਸ਼ਨ ਸਿੰਘਾ ਫੇਰਾ ਵਲ ਦੁਆਬੇ ਦੇ ਪਾ ਲਿਆ

{ਮਹਾਰਾਜ ਨੇ ਸੰਸਾਰ ਚੰਦ ਦੇ ਭਾਈ ਫਤੇ ਚੰਦ ਦੀ ਮੱਦਤ ਕਰਨੀ
ਅਤੇ ਗੋਰਖੀਆਂ ਨੂੰ ਭਜਾਉਣਾਂ}

ਫਤੇ ਚੰਦ ਨੇ ਕਿਹਾ ਮਹਾਰਾਜ ਜੀ ਨੂੰ ਮੱਦਤ ਮੈਂ ਗਰੀਬ ਨੂੰ ਆ ਦਿਹੋ
ਅਮਰ ਸਿੰਘ ਜਰਨੈਲ ਜੋ ਗੋਰਖਿਆਂ ਦਾ ਉਸਨੂੰ ਮਾਰਕੇ ਤੁਸੀਂ ਭਜਾ ਦਿਹੋ
ਕਿਲੇ ਕਾਂਗੜੇ ਵਿਚ ਓਹ ਲੜ ਰਿਹਾ ਓਥੋਂ ਚਲਕੇ ਓਹਨੂੰ ਨਸਾ ਦਿਹੋ
ਸਵਾ ਲੱਖ ਮੈਂ ਦਿਆਂਗਾ ਆਪ ਤਾਈਂ ਬੇੜਾ ਡੁੱਬ ਦਾ ਪਾਰ ਲੰਘਾ ਦਿਹੋ

{ਮਹਾਰਾਜ ਇਹ ਸੁਣਕੇ ਛੇਤੀ ਨਾਲ ਕੂਚ ਕਰਕੇ ਗੋਪੀ ਪੁਰ ਦੇਹਰੇ ਤੋਂ
ਬਿਆਸਾ ਲੰਘਕੇ ਰਾਣੀ ਰਾਜੇ ਦੇ ਤਾਲ ਆ ਉਤਰੇ, ਓਧਰੋਂ
ਅਮਰ ਸਿੰਘ ਗੋਰਖੀਏ ਦਾ ਵਕੀਲ ਜੋਰਾਵਰ ਸਿੰਘ ਆਗਿਆ}

ਜੋਰਾਵਰ ਸਿੰਘ ਓਧਰ ਮਹਾਰਾਜ ਅਗੇ ਹਾਜਰ ਹੋਕੇ ਹਾਲ ਬਿਆਨ ਕੀਤਾ
ਕਿਲੇ ਕਾਂਗੜੇ ਵਾਸਤੇ ਪਾਤਸ਼ਾਹੋ ਅਸਾਂ ਆਪਣਾ ਬਹੁਤ ਨੁਕਸਾਨ ਕੀਤਾ
ਚੀਰ ਚੀਰ ਕੇ ਕਈਆਂ ਪਹਾੜਾਂ ਤਾਈਂ ਕਈਆਂ ਕੋਹਾਂ ਤੋਂ ਅਸਾਂ ਪਿਆਨ ਕੀਤਾ

ਸਿਰਫ ਕਾਂਗੜੇ ਵਾਸਤੇ ਬਿਸ਼ਨ ਸਿੰਘਾ ਅਸਾਂ ਅਪਣਾ ਨੁਕਸਾਨ ਮਹਾਨ ਕੀਤਾ

[ਤਥਾ]

ਕੀਤੀ ਕੱਤਰੀ ਅਸਾਂ ਦੀ ਬਹੁਤ ਮੇਹਨਤ ਤੁਸੀ ਘੱਟੇ ਏ ਵਿਚ ਰੁਲਾਓ ਨਾਂ ਜੀ
ਉਸਤੋਂ ਚੌਗਣਾਂ ਲੋ ਰੁਪਯਾ ਸਾਥੋਂ ਫਤੇ ਚੰਦ ਦੀ ਮੱਦਤ ਤੇ ਆਓ ਨਾਂ ਜੀ
ਕਿਲਾ ਕਲ ਨੂੰ ਫਤੇ ਹੈ ਕਰ ਲੈਣਾ ਵਖਤ ਅਸਾਂ ਦੇ ਸਿਰ ਤੇ ਪਾਓ ਨਾਂ ਜੀ
ਸਾਡੀ ਬੇਨਤੀ ਮੰਨ ਲੋ ਬਿਸ਼ਨ ਸਿੰਘਾ ਸਾਨੂੰ ਸਾਫ ਜਵਾਬ ਸੁਣਾਓ ਨਾਂ ਜੀ

[ਜਵਾਬ ਮਹਾਰਾਜ]

ਮੈਂ ਉਸਨੂੰ ਜ਼ਬਾਨ ਹਾਂ ਦੇ ਚੁਕਾ ਮੱਦਤ ਤੁਸਾਂ ਦੀ ਹੁਣ ਮੈਂ ਕਰਾਂਗਾ ਨ
ਉਸਤੋਂ ਚੌਗਣਾ ਲੈ ਰੁਪੱਯਾ ਤੈਥੋਂ ਉਸਦੇ ਨਾਲ ਮੈਂ ਕਦੀ ਵੀ ਲੜਾਂਗਾ ਨ
ਮੈਂ ਤੁਸਾਂ ਨੂੰ ਮਾਰਕੇ ਕੱਢ ਦੇਣਾਂ ਮੈਂ ਤੁਸਾਂ ਤੋਂ ਕਦੀ ਵੀ ਡਰਾਂਗਾ ਨ
ਬਾਂਹ ਓਸਦੀ ਛਡਕੇ ਬਿਸ਼ਨ ਸਿੰਘਾ ਹੁਣ ਤੁਸਾਂ ਦੀ ਬਾਂਹ ਮੈਂ ਫੜਾਂਗਾ ਨ

{ਓੜਕ ਸਰਕਾਰ ਖਾਲਸੇ ਦਾ ਗੋਰਖੀਆਂ ਤੇ ਹੱਲਾ ਅਤੇ ਗੋਰਖੀਆਂ ਭੱਜ ਜਾਣਾ ਮਹਾਰਾਜ ਨੇ ਰਾਜੇ ਪਾਸੋਂ ਨਜਰਾਨਾ ਅਤੇ ਫੌਜ ਦਾ ਖਰਚਾ ਲੈਕੇ ਜਵਾਲਾਮੁਖੀ ਦੇ ਰਸਤੇ ਹੁਸ਼ਯਾਰਪੁਰ ਆਉਣਾ}

ਓੜਕ ਖਾਲਸੇ ਨੇ ਹੱਲਾ ਬੋਲ ਕਰਕੇ ਸਭਨਾਂ ਗੋਰਖੀਆਂ ਤਾਈਂ ਭਜਾ ਦਿਤਾ
ਓਸੇ ਵਕਤ ਮਹਾਰਾਜ ਨੂੰ ਆ ਰਾਜੇ ਸਾਰੀ ਫੌਜ ਦਾ ਖਰਚਾ ਫੜਾ ਦਿਤਾ
ਨਾਲੇ ਹੋਰ ਨਜਰਾਨਾ ਵੀ ਬੜਾ ਦਿਤਾ ਵਿਦਾ ਕਰਕੇ ਸਿਰ ਨਿਵਾ ਦਿਤਾ
ਜਵਾਲਾਮੁਖੀ ਦੇ ਰਾਹ ਮਹਾਰਾਜ ਜੀ ਨੇ ਪੁਰ ਹੁਸ਼ਯਾਰ ਆ ਡੇਰਾ ਲਗਾ ਦਿਤਾ

{ਮਹਾਰਾਜ ਨੂੰ ਲਾਹੌਰ ਤੋਂ ਖੁਸ਼ਖਬਰੀ ਆਉਣੀ ਕਿ ਆਪਦੇ ਘਰ ਦੋ ਸਾਹਿਬਜ਼ਾਦੇ ਪੈਦਾ ਹੋਏ ਹਨ}

ਦੋ ਪੁਤ੍ਰ ਨੇ ਆਪਦੇ ਘਰ ਹੋਏ ਖੁਸ਼ਖਬਰੀ ਲਾਹੌਰੋਂ ਏਹ ਆਈ ਹੈ ਜੇ
ਜੌੜੇ ਜੰਮੇ ਨੇ ਪੁਤ੍ਰ ਮਤਾਬ ਕੌਰਾਂ ਇਹ ਕਿਸੇ ਨੇ ਗਲ ਸੁਣਾਈ ਹੈ ਜੇ
ਧਨ ਵੰਡਿਆ ਬਹੁਤ ਗਰੀਬਾਂ ਤਾਂਈਂ ਮਹਾਰਾਜ ਨੇ ਖੁਸ਼ੀ ਮਨਾਈ ਹੈ ਜੇ
ਦੋ ਪੁਤਰ ਸਰਕਾਰ ਦੇ ਘਰ ਹੋਏ ਇਹ ਗੁਰਾਂ ਨੇ ਵੇਲ ਵਧਾਈ ਹੈ ਜੇ
ਨਾਮ ਵਡੇ ਦਾ ਰਖਿਆ ਸ਼ੇਰ ਸਿੰਘ ਹੈ ਨਾਮ ਛੋਟੇ ਦਾ ਤਾਰਾ ਸਿੰਘ ਭਾਈ ਹੈ ਜੇ
ਮਹਾਰਾਜ ਸਰਕਾਰ ਨੂੰ ਬਿਸ਼ਨ ਸਿੰਘਾ ਦਿਤੀ ਲੋਕਾਂ ਨੇ ਆ ਵਧਾਈ ਹੈ ਜੇ

[ਕਸੂਰ ਆਦਿਕਾਂ ਦੀ ਖਬਰ]

ਏਧਰ ਖਬਰ ਕਸੂਰ ਮੁਲਤਾਨੋਂ ਆਈ ਤੁਰਕ ਲੜਨ ਦਾ ਸਾਜ ਬਣਾ ਰਹੇ
ਅਜ ਕਲ ਲਾਹੌਰ ਤੇ ਪੈਣ ਸਾਰੇ ਗਾਜ਼ੇ ਬੰਨ੍ਹਕੇ ਹੁਮ ਹੁਮਾ ਰਹੇ
ਮੁਸਲਮਾਨ ਤਮਾਮ ਹੀ ਹੋ ਕਠੇ ਬੱਸ ਹੱਥਾਂ ਨੂੰ ਮੈਂਹਦੀਆਂ ਲਾ ਰਹੇ
ਅਸਾਂ ਫਤੇ ਲਾਹੌਰ ਨੂੰ ਕਰ ਲੈਣਾ ਬਿਸ਼ਨ ਸਿੰਘ ਇਹ ਗੱਪਾਂ ਸੁਣਾ ਰਹੇ

[ਮਹਾਰਾਜ ਦਾ ਕਸੂਰ ਤੇ ਤੀਸਰੀ ਵਾਰ ਧਾਵਾ]

ਤੀਜੀ ਵਾਰ ਸਰਕਾਰ ਕਸੂਰ ਉਤੇ ਇਹ ਸੁਣਕੇ ਹਾਲ ਨੇ ਚੜ ਆਏ
ਫੌਜਾਂ ਕਠੀਆਂ ਕਰਕੇ ਐਉਂ ਤੁਰੇ ਮਾਨੋਂ ਇਹ ਨੇ ਸਾਉਣ ਦੇ ਹੜ ਆਏ
ਫਤੇ ਸਿੰਘ ਨੂੰ ਆਪਣੇ ਨਾਲ ਲੀਤਾ ਧਾਵਾ ਵਲ ਕਸੂਰ ਦੇ ਕਰ ਆਏ
ਢੁਕੇ ਪਾਸ ਕਸੂਰ ਦੇ ਬਿਸ਼ਨ ਸਿੰਘਾ ਮਿਆਨੋਂ ਖਿਚ ਤਲਵਾਰਾਂ ਨੇ ਫੜ ਆਏ

[ਕੁਤਬਦੀਨ ਕਸੂਰੀਏ ਵੀ ਤਿਆਰ ਹੋਣਾ]

ਦਲ ਖਾਲਸੇ ਦੇ ਆਏ ਦੇਖ ਕਰਕੇ ਕੁਤਬਦੀਨ ਵੀ ਹੈ ਤਿਆਰ ਹੋਯਾ
ਕੁਤਬਦੀਨ ਦੀਨ ਦਾ ਸ਼ੈਹਰ ਕੰਸੂਰ ਵਿਚੋਂ ਭਾਈਚਾਰਾ ਹੈ ਕੱਠਾ ਅਪਾਰ ਹੋਯਾ
ਗਾਨੇ ਬੰਨ੍ਹਕੇ ਮਰਨ ਤੇ ਮਾਰਨੇ ਨੂੰ ਤੁਰਕ ਕੱਠਾ ਹੈ ਆ ਹਜ਼ਾਰ ਹੋਯਾ
ਏਧਰ ਬਾਹਰ ਕਸੂਰ ਤੋਂ ਬਿਸ਼ਨ ਸਿੰਘਾ ਪੰਥ ਖਾਲਸਾ ਵੀ ਖਬਰਦਾਰ ਹੋਯਾ

[ਸਰਕਾਰ ਖਾਲਸੇ ਅਤੇ ਕਸੂਰੀਆਂ ਪਠਾਣਾਂ ਦਾਂ ਜੰਗ]

ਦੋਹਾਂ ਪਾਸਿਓਂ ਜੰਗ ਤਿਆਰ ਹੋਇਆ ਕਾੜ ਕਾੜ ਨੇ ਤੋਪਾਂ ਚਲਾਉਣ ਲੱਗੇ
ਦੂਰੋਂ ਦੂਰੋਂ ਹੀ ਤੀਰ ਬੰਦੂਕ ਸੰਦਾ ਦੋਵੇਂ ਦਲ ਨੇ ਜੰਗ ਮਚਾਉਣ ਲੱਗੇ
ਤਿੰਨ ਚਾਰ ਦਿਨ ਰਿਹਾ ਹੈ ਹਾਲ ਏਹੋ ਬਾਹਰ ਨਿਕਲ ਹੁਣ ਹੱਥ ਵਖਾਉਣ ਲੱਗੇ
ਦਿਨ ਪੰਜਵੇਂ ਰਲ ਪਠਾਣ ਸਾਰੇ ਬਾਹਰ ਨਿਕਲਕੇ ਕਿਲੇ ਤੋਂ ਆਉਣ ਲੱਗੇ
ਐਲੀ ਐਲੀ ਪੁਕਾਰਦੇ ਤੁਰਕ ਸਾਰੇ ਰਣ ਵਿੱਚ ਨੇ ਖੰਡੇ ਭੁਆਉਣ ਲੱਗੇ
ਸਿੰਘ ਧੂਹ ਭਗੌਤਿਆਂ ਨੂੰ ਆਏ ਮਾਰ ਮਾਰ ਜਵਾਨ ਮੁਕਾਉਣ ਲੱਗੇ
ਬੜੀ ਹੋਈ ਲੜਾਈ ਤਲਵਾਰ ਸੰਦੀ ਵਧ ਵਧਕੇ ਜੋਰ ਲਗਾਉਣ ਲੱਗੇ
ਕਈ ਘੋੜੇ ਜਵਾਨ ਮਦਾਨ ਡਿੱਗੇ ਵਾਢੀ ਵਾਂਗ ਵਿਛਾਈ ਵਿਛਾਉਣ ਲੱਗੇ
ਛੀਵੇਂ ਦਿਨ ਅਕਾਲ ਅਕਾਲ ਕਰਕੇ ਸਿੰਘਾਂ ਸਾਰੇ ਨੇ ਹੱਲਾ ਕਰਾਉਣ ਲੱਗੇ
ਛੇਕੜ ਭੱਜ ਨੇ ਉੱਠੇ ਪਠਾਣ ਸਾਰੇ ਸਿੰਘ ਪਿਛੋਂ ਹੋ ਛੱਕੇ ਛੁਡਾਉਣ ਲੱਗੇ
ਨੱਸੇ ਜਦੋਂ ਪਠਾਣ ਨੇ ਬਿਸ਼ਨ ਸਿੰਘਾ, ਸਿੰਘ ਪਿਛੋਂ ਹੋ ਹਥ ਦਿਖਾਉਣ ਲੱਗੇ

[ਤਥਾ]

ਵੜੇ ਤੁਰਕ ਨੇ ਕਿਲੇ ਦੇ ਵਿਚ ਸਾਰੇ ਆਕੀ ਕਿਲੇ ਨੂੰ ਕਰ ਕਰਾ ਬੈਠੇ
ਸਿੰਘਾਂ ਕਿਲੇ ਨੂੰ ਘੇਰਾ ਹੈ ਪਾ ਲਿਆ ਆਸ ਪਾਸ ਨੇ ਸ਼ੈਹਰ ਦੇ ਆ ਬੈਠੇ
ਰਸਦ ਜਾਵਣੀ ਅੰਦਰ ਹੈ ਬੰਦ ਕੀਤੀ ਪਹਿਰੇ ਚਾਰ ਚੁਫੇਰੇ ਲਗਾ ਬੈਠੇ
ਰਹਿਣ ਵਾਲੇ ਕਸੂਰ ਦੇ ਦੁਖੀ ਹੋਏ ਬੜਾ ਬੜਾ ਨੇ ਦੁਖ ਉਠਾ ਬੈਠੇ
ਜੇਹੜਾ ਲੋਕਾਂ ਦੇ ਪਾਸ ਸੀ ਅੰਨ ਜੰਮਾਂ ਓਹ ਸਾਰਾ ਨੇ ਛਕ ਛਕਾ ਬੈਠੇ
ਕਈ ਬੈਲ, ਘੋੜੇ, ਉਠ, ਅਜਾ, ਸੰਡੇ ਲੋਕ ਮਾਰਕੇ ਸਭ ਨੇ ਖਾ ਬੈਠੇ
ਰਿਹਾ ਦੋ ਮਹੀਨੇ ਹੈ ਹਾਲ ਏਹੋ ਲੋਕ ਡੰਗਰ ਵੀ ਖਾ ਮੁਕਾ ਬੈਠੇ
ਕਈ ਮਰੇ ਨੇ ਭੁਖ ਦੇ ਦੁਖ ਕਰਕੇ ਤ੍ਰਾਹ ਤ੍ਰਾਹ ਦੁਹਾਈਆਂ ਪਾ ਬੈਠੇ
ਬਸ ਸ਼ੈਹਰ ਕਸੂਰ ਦੇ ਰੈਹਣ ਵਾਲੇ ਸਾਰੇ ਜੀਊਣ ਦੀ ਆਸ ਚੁਕਾ ਬੈਠੇ
ਆਇਆ ਤਰਸ ਸਰਕਾਰ ਨੂੰ ਬਿਸ਼ਨ ਸਿੰਘਾ ਸਾਰੇ ਸ਼ਹਿਰ ਢੰਡੋਰਾ ਫਿਰਾ ਬੈਠੇ

{ਮਹਾਰਾਜੇ ਨੇ ਸ਼ਹਿਰ ਦੇ ਲੋਕਾਂ ਅਤੇ ਮੁਸਲਮਾਨਾਂ ਪਠਾਣਾਂ ਲੜਨ ਵਾਲਿਆਂ ਨੂੰ ਆਖਣਾ ਕਿ ਬਾਹਰ ਸਰਕਾਰੀ ਲੰਗਰ ਲਗਾ ਹੋਇਆ ਹੈ ਸ਼ਸਤ੍ਰ ਸੁਟਕੇ ਆ ਜਾਓ}

ਦਿਤਾ ਫੇਰ ਢੰਡੋਰਾ ਹੈ ਸ਼ੈਹਰ ਅੰਦਰ ਸ਼ਸਤ੍ਰ ਸੁਟਕੇ ਬਾਹਰ ਨੂੰ ਧਾਈ ਜਾਓ
ਅਸੀ ਕੁਝ ਨਾ ਆਖਾਂਗੇ ਕਿਸੇ ਤਾਂਈ ਖਾਲੀ ਹਥ ਕਰ ਬਾਹਰ ਨੂੰ ਆਈ ਜਾਓ
ਬਾਹਰ ਲੰਗਰ ਸਰਕਾਰ ਦੇ ਖੁਲੇ ਹੋਏ ਗਰਮ ਗਰਮ ਪ੍ਰਸ਼ਾਦੇ ਆ ਖਾਈ ਜਾਓ
ਕਿਸ ਵਾਸਤੇ ਦੁਖ ਉਠਾਉਂਦੇ ਹੋ ਆਓ ਆਪਣੀ ਜਾਨ ਬਚਾਈ ਜਾਓ

{ਸ਼ਹਿਰ ਦੇ ਲੋਕਾਂ ਨੇ ਮਹਾਰਾਜ ਦੇ ਲੰਗਰੋਂ ਆਕੇ ਪ੍ਰਸ਼ਾਦੇ ਛਕਣੇ ਅਤੇ ਸਿਖਾਂ ਨੇ ਸ਼ਹਿਰ ਨੂੰ ਲੁੱਟਣਾ}

ਇਹ ਹੁਕਮ ਸਰਕਾਰ ਦਾ ਸੁਣ ਕਰਕੇ ਲੋਕ ਕਈ ਨੇ ਸ਼ੈਹਰ ਦੇ ਆ ਗਏ
ਵਾਂਗ ਮੁਰਦਿਆਂ ਦੇ ਨਿਕਲ ਕਬਰਾਂ ਵਿਚੋਂ ਲੋਕ ਕਈ ਪ੍ਰਸ਼ਾਦੇ ਨੇ ਖਾ ਗਏ
ਪਈਆਂ ਭਾਜੜਾਂ ਸ਼ੈਹਰ ਦੇ ਵਿਚ ਆਕੇ ਸਿਖ ਹੱਲਾ ਕਰ ਸ਼ੈਹਰ ਨੂੰ ਧਾ ਗਏ
ਜੇਹੜਾ ਅੜਿਆ ਸੋ ਝੜਿਆ ਮਦਾਨ ਅੰਦਰ ਲੋਕ ਕਈ ਨੇ ਪਿੱਠ ਵਖਾ ਗਏ
ਭੈਣ ਭਾਈ ਨੂੰ ਨਾ ਸਸ ਜਵਾਈ ਨੂੰ ਨਾ ਪੁਤਰ ਮਾਈ ਨੂੰ ਨਾ ਮਿਲਣੇ ਪਾ ਗਏ
ਜਿਧਰ ਜਿਧਰ ਸੀ ਕਿਸੇ ਦਾ ਮੂੰਹ ਹੋਇਆ ਓਧਰ ਓਧਰ ਹੀ ਨਸ ਨਸਾ ਗਏ
ਬੁਰਾ ਸ਼ੈਹਰ ਦਾ ਸਿਖਾਂ ਨੇ ਹਾਲ ਕੀਤਾ ਦੌਲਤ ਲੁੱਟਕੇ ਕਰ ਸਫਾ ਗਏ
ਬਿਸ਼ਨ ਸਿੰਘ ਕਸੂਰ ਨੂੰ ਸੋਧ ਕਰਕੇ ਸਿਖ ਬਹੁਤ ਹੀ ਫੈਦੇ ਉਠਾ ਗਏ

[ਕਸੂਰ ਦੀਆਂ ਬੇਗਮਾਂ]

ਵਡੇ ਵਡੇ ਪਠਾਣਾਂ ਦੀਆਂ ਬੇਗਮਾਂ ਜੋ ਛਡ ਗਈਆਂ ਅਟਾਰੀਆਂ ਧਾ ਧਾ ਕੇ
ਕਈ ਮਾਰੀਆਂ ਸ਼ਰਮ ਵਿਚਾਰੀਆਈਂ ਮਰ ਗਈਆਂ ਕਟਾਰੀਆਂ ਖਾ ਖਾ ਕੇ
ਕਈ ਆਪਣੇ ਹਥੀਂ ਹੀ ਫਾਹ ਲੈਕੇ ਵਿਚ ਪਈਆਂ ਨੇ ਖੂਹਾਂ ਦੇ ਜਾ ਜਾ ਕੇ
ਕਈ ਖਾਲਸੇ ਪੰਥ ਦੇ ਚਰਨ ਉੱਤੇ ਡਿਗ ਪਈਆਂ ਨੇ ਔਰਤਾਂ ਆ ਆ ਕੇ
ਨੰਗੀ ਪੈਰੀਂ ਕਈ ਜੰਗਲਾਂ ਵਿਚ ਗਈਆਂ ਦੁਖ ਬਹੁਤ ਕਸੂਰ ਤੋਂ ਪਾ ਪਾ ਕੇ
ਕਈ ਬਚੀਆਂ ਸਿੰਘਾਂ ਤੋਂ ਬਿਸ਼ਨ ਸਿੰਘਾ ਹਥ ਆਪਣੇ ਕੰਨਾਂ ਨੂੰ ਲਾ ਲਾ ਕੇ

[ਮਹਾਰਾਜ ਨੇ ਕੁਤਬ ਦੀਨ ਨੂੰ ਨਜ਼ਰ ਬੰਦ ਕਰਨਾ]

ਕੁਤਬ ਦੀਨ ਨੂੰ ਫੜਕੇ ਖਾਲਸੇ ਨੇ ਮਹਾਰਾਜ ਦੇ ਪਾਸ ਪਹੁੰਚਾਇਆ ਹੈ
ਨਜ਼ਰ ਬੰਦ ਕਰਕੇ ਮਹਾਰਾਜ ਜੀ ਨੇ ਕੁਤਬ ਦੀਨ ਨੂੰ ਪਾਸ ਬਹਾਇਆ ਹੈ
ਪਾਰ ਸਤਲੁਜ ਮਮਦੋਟ ਦੇ ਦੇਸ ਅੰਦਰ ਕੁਤਬ ਦੀਨ ਨੂੰ ਕੈਦ ਕਰਾਇਆ ਹੈ
ਗੁਜ਼ਾਰੇ ਲਈ ਜਗੀਰ ਮਮਦੋਟ ਦੇਕੇ ਮਹਾਰਾਜ ਨੇ ਸੁਖੀ ਟਿਕਾਇਆ ਹੈ
ਬਾਕੀ ਮੁਲਕ ਤੇ ਮਾਲ ਤਮਾਮ ਇਸਦਾ ਮਹਾਰਾਜ ਨੇ ਆਪ ਦਬਾਇਆ ਹੈ
ਊਠ ਘੋੜੇ ਤੇ ਹਾਥੀ ਤੇ ਮਹੀਆਂ ਗਊਆਂ ਸਾਰਾ ਮਾਲ ਇਹ ਅਗੇ ਲਗਾਇਆ ਹੈ
ਕੁਤਬ ਦੀਨ ਦਾ ਸਾਰਾ ਖਜ਼ਾਨਾ ਨਾਲੇ ਉਤੇ ਗਡਿਆਂ ਚੁਕ ਲਦਾਇਆ ਹੈ

ਸੋਨਾ ਚਾਂਦੀ ਬਰਤਨ ਹੀਰੇ ਮੋਤੀ ਕਪੜਾ ਲੱਦ ਲੱਦ ਲਾਹੌਰ ਚਲਾਇਆ ਹੈ
ਹੋਰ ਤੋਪਾਂ ਬੰਦੂਕਾਂ ਅਸਬਾਬ ਸਾਰਾ ਮਹਾਰਾਜ ਦੇ ਹਥ ਸਭ ਆਇਆ ਹੈ
ਹੋਰ ਫੌਜੀਆਂ ਵੀ ਹਥ ਰੰਗ ਲੀਤੇ ਵਿਚ ਝੋਲਿਆਂ ਮਾਲ ਲੁਕਾਇਆ ਹੈ
ਛਟਾਂ ਭਰ ਲੈ ਗਏ ਨੇ ਘਰ ਸਾਰੇ ਖਾਲੀ ਕਰ ਕਸੂਰ ਵਿਖਾਇਆ ਹੈ
ਇਹ ਬੜਾ ਪੁਰਾਣਾ ਸੀ ਸ਼ੈਹਿਰ ਭਾਰਾ ਇਸਨੂੰ ਕਿਸੇ ਨੇ ਹਥ ਨਾ ਪਾਇਆ ਹੈ
ਕੁਤਬ ਦੀਨ ਨੂੰ ਕੈਦ ਕਰ ਬਿਸ਼ਨ ਸਿੰਘਾ ਇਹ ਹੋਜਦਾ ਕਜੀਆ ਮੁਕਾਇਆ ਹੈ

{ ਮਹਾਰਾਜ ਨੇ ਅਮ੍ਰਿਤਸਰ ਤੋਂ ਹੋਕੇ ਲਾਹੌਰ ਪਹੁੰਚਣਾ ਅਤੇ ਇਕ
ਬੜਾ ਵਡਾ ਦਰਬਾਰ ਲਾਕੇ ਸਾਰੇ ਸਿਖਾਂ ਸਰਦਾਰਾਂ ਫੌਜੀਆਂ
ਨੂੰ ਇਨਾਮ ਤੋਹਫੇ ਤੇ ਅਹੁਦੇ ਬਖਸ਼ਣੇ }

ਮਹਾਰਾਜ ਕਸੂਰ ਤੋਂ ਚਲ ਕਰਕੇ ਅਮ੍ਰਿਤੰਸਰ ਨੂੰ ਕਰ ਪਿਆਨ ਦਿਤੇ
ਸਿਖਾਂ ਨਿਹੰਗਾਂ ਪੁਜਾਰੀਆਂ ਪੰਡਿਤਾਂ ਨੂੰ ਅੰਮ੍ਰਿਤਸਰ ਆ ਬੰਹੁਤ ਹੀ ਦਾਨ ਦਿਤੇ
ਫੇਰ ਪਹੁੰਚ ਲਾਹੌਰ ਦਰਬਾਰ ਲਾਯਾ ਵਡੇ ਛੋਟੇ ਸਭ ਸਿਖਾਂ ਨੂੰ ਮਾਨ ਦਿਤੇ
ਸਭਨਾਂ ਤਾਈਂ ਮਹਾਰਾਜ ਨੇ ਬਿਸ਼ਨ ਸਿੰਘਾ ਬੜੇ ਅਹੁਦੇ ਇਨਾਮ ਮਹਾਨ ਦਿਤੇ

[ਮਾਹਰਾਜ ਦੀ ਮੁਲਤਾਨ ਤੇ ਚੜ੍ਹਾਈ]

ਪੰਦ੍ਹਾਂ ਦਿਨਾਂ ਦੇ ਪਿਛੋਂ ਮਹਾਰਾਜ ਜੀ ਨੇ ਹੈ ਮੁਲਤਾਨ ਦੇ ਵਲ ਚੜ੍ਹਾਈ ਕੀਤੀ
ਫਤੇ ਸਿੰਘ ਨੂੰ ਅਪਣੇ ਨਾਲ ਲੈਕੇ ਮਹਾਰਾਜ ਨੇ ਆਪ ਹੈ ਧਾਈ ਕੀਤੀ
ਜੇਹੜਾਨਿਵਿਆਂਸੋਫਲਿਆਮਹਾਰਾਜਅਗੇਜੇਹੜਾਅੜਿਆਸੋਝੜਿਆਸਫਾਈ ਕੀਤੀ
ਅਗੋਂ ਭੇਜਿਆ ਫਤੇ ਸਿੰਘ ਬਿਸ਼ਨ ਸਿੰਘਾ ਮੁਜਰਫਖਾਂ ਨੂੰ ਨਹੀਂ ਦਨਾਈ ਕੀਤੀ

{ ਮਹਾਰਾਜ ਨੇ ਸਰਦਾਰ ਕਾਨ੍ਹਿਆਂ ਵਾਲੇ ਫਤੇ ਸਿੰਘ ਨੂੰ
ਅਗੋਂ ਭੇਜਕੇ ਮੁਜਫਰਖਾਂ ਨੂੰ ਇਹ ਆਖਿਆ }

ਆਪ ਭੇਜਿਆ ਅਗੋਂ ਮਹਾਰਾਜ ਜੀ ਨੇ ਓਇ ਮੁਜ਼ਫਰਾ ਹੈ ਭੁਲਾਇਆ ਤੂੰ
ਜੇਹੜਾ ਸੁਖਨ ਤੂੰ ਅਸਾਂਦੇ ਨਾਲ ਕੀਤਾ ਓਹ ਭੁਲਾਇਕੇ ਕਾਫਰ ਕਹਾਇਆ ਤੂੰ
ਮੈਂ ਖਾਲਸੇ ਦੀ ਸਦਾ ਈਨ ਮੰਨਾ ਇਹ ਅੈਹਦ ਹੈ ਤੋੜ ਗਵਾਇਆ ਤੂੰ
ਕੁਤਬ ਦੀਨ ਤੇ ਅਹਿਮਦ ਨੂੰ ਚੁਕ ਕਰਕੇ ਇਹ ਸਾਰਾ ਫਸਾਦ ਉਠਾਇਆ ਤੂੰ
ਕੁਤਬ ਦੀਨ ਕਸੂਰੀਆ ਚੁਕ ਕਰਕੇ ਹੈ ਸੱਪਾਂ ਦੇ ਨਾਲ ਲੜਾਇਆ ਤੂੰ
ਅਹਿਮਦ ਖਾਂ ਨੂੰ ਨਾਲੇ ਤੂੰ ਸ਼ਹਨ ਦਿਤੀ ਹੈ ਆਪਣੇ ਪਾਸ ਟਿਕਾਇਆ ਤੂੰ
ਅਸੀ ਚਲ ਲਾਹੌਰ ਨੂੰ ਫਤੇ ਕਰੀਏ ਹਰ ਇਕ ਨੂੰ ਇਹ ਸੁਣਾਇਆ ਤੂੰ
ਇਹ ਬਹੁਤ ਹੀ ਤੂੰ ਹੈ ਬੁਰਾ ਕੀਤਾ ਨਾਲ ਅਸਾਂ ਦੇ ਧ੍ਰੋਹ ਕਮਾਇਆ ਤੂੰ
ਹਛਾ ਆਯਾ ਹੁਣ ਖਾਲਸਾ ਗੱਜਦਾਈ ਜੋ ਕੁਝ ਕੀਤਾ ਸੋ ਚੰਗਾ ਬਣਾਇਆ ਤੂੰ
ਜੇਕਰ ਛੁਟਣਾਈ ਮਿਲ ਬਿਸ਼ਨ ਸਿੰਘਾ ਚਿਰ ਐਡਾ ਕਿਉਂ ਸੁਣਕੇ ਲਾਇਆ ਤੂੰ

[ਸਰਕਾਰ ਖਾਲਸੇ ਦਾ ਮੁਲਤਾਨ ਤੇ ਹੱਲਾ]

ਸੂਬਾ ਇਕ ਵੀ ਗਲ ਇਹ ਮੰਨਿਆਂ ਨਾ ਸ਼ੇਰ ਖਾਲਸੇ ਹੱਲਾ ਬੁਲਾ ਓਠੇ

ਅਜੇ ਸਿੰਘਾਂ ਅਕਾਲ ਅਕਾਲ ਕੀਤੀ ਲੋਕ ਅਗੋਂ ਹੀ ਹੈਂਣ ਘਬਰਾ ਉਠੇ
ਥਰ ਥਰ ਕੰਬ ਨੁਵਾਬ ਦੇ ਪਾਸ ਆਏ ਵਡੇ ਨਿਕੇ ਨੇ ਡਰ ਡਰਾ ਉਠੇ
ਬੂਹੇ ਬੰਦ ਕਰਕੇ ਸਾਰੇ ਸ਼ੈਹਰ ਸੰਦੇ ਇਹ ਨੁਵਾਬ ਨੂੰ ਅਰਜ ਸੁਣਾ ਉਠੇ
ਬਾਹਰੋਂ ਸ਼ੈਹਰ ਨੂੰ ਸਿੰਘਾਂ ਨੇ ਘੇਰਾ ਪਾਇਆ ਸੁੱਤੇ ਹੋਇ ਵੀ ਸਭ ਬਰੜਾ ਉਠੇ
ਰਸਦ ਜਾਵਣੀ ਸ਼ੈਹਰ ਦੀ ਬੰਦ ਹੋਈ ਪੈਹਰੇ ਆਪਣੇ ਸਿੰਘ ਲਗਾ ਉਠੇ
ਪੰਦਰਾਂ ਦਿਨਾਂ ਦੇ ਵਿਚ ਹੀ ਸ਼ੈਹਰ ਵਾਲੇ ਸਾਰੀ ਸ਼ੈਹਰ ਦੀ ਰਸਦ ਮੁਕਾ ਉਠੇ
ਓੜਕ ਪਿਟਣ ਨੇ ਲਗੇ ਨੁਵਾਬ ਅਗੇ ਸੁੱਤੇ ਹੋਏ ਵੀ ਲੋਕ ਨੇ ਆ ਉਠੇ
ਇਹਨਾਂ ਸ਼ੇਰਾਂ ਤੋਂ ਸਾਨੂੰ ਬਚਾ ਰੱਬਾ ਬਾਰ ਬਾਰ ਨੇ ਕਹਿ ਖੁਦਾ ਉਠੇ
ਸਾਰੇ ਚੌਧਰੀ ਰਲਕੇ ਸ਼ੈਹਰ ਸੰਦੇ ਇਹ ਨੁਵਾਜ ਨੂੰ ਅਰਜ ਅਲਾ ਉਠੇ
ਲੈ ਰਖਣਾ ਇਹਨਾ ਬਲਾਈਆਂ ਤੋਂ ਅੱਖਾਂ ਭਰਕੇ ਰੋ ਰੁਆ ਉਠੇ
ਏਹਨਾਂ ਅਗੇ ਵੀ ਸਾਨੂੰ ਬਰਬਾਦ ਕੀਤਾ ਹੁਣ ਫੇਰ ਅਕਾਲ ਗਜਾ ਉਠੇ
ਜੀਕੂੰ ਜਾਣਨਾਂਏ ਰਖ ਬਿਸ਼ਨ ਸਿੰਘਾ ਤੋਬਾ ਤੋਬਾ ਨੇ ਕਰ ਕਰਾ ਉਠੇ

[ਤਥਾ]

ਤੈਨੂੰ ਮੈਨੂੰ ਤੇ ਸਾਨੂੰ ਵੀ ਲੁੱਟ ਲੈਸਨ ਖਾਲੀ ਹਥ ਇਹ ਕਦੀ ਨ ਜਾਵਣੀਗੇ
ਸਾਨੂੰ ਪੱਕਾ ਯਕੀਨ ਹੈ ਖਾਂ ਸਾਹਿਬ ਠੂਠਾ ਅਸਾਂ ਦੇ ਹਥ ਫੜਾਵਣੀਗੇ
ਹਮਾ ਤੁਮਾ ਤੇ ਸਾਰੀ ਇਸ ਰੱਯਤ ਤਾਈਂ ਬੁਰਾ ਘੱਟੇ ਦੇ ਵਿਚ ਰੁਲਾਵਣੀਗੇ
ਲੈ ਮੰਨ ਲੈ ਆਖਿਆ ਬਿਸ਼ਨ ਸਿੰਘਾ ਕਦੋਂ ਕਦੋਂ ਇਹ ਫੇਰ ਸਮਝਾਵਣੀਗੇ

{ ਅੱਧਾ ਰੁਪਯਾ ਨੁਵਾਬ ਨੇ ਪਾਇਆ ਅਤੇ ਅੱਧਾ ਰੁਪਯਾ ਚੰਦਾ ਕਰਕੇ ਸ਼ੈਹਰ ਦੇ ਲੋਕਾਂ ਨੇ ਦਿਤਾ ਤਾਂ ਮਹਾਰਾਜ ਨੂੰ ਖੁਸ਼ੀ ਕਰਕੇ ਤੋਰਿਆ }

ਇਕ ਲੱਖ ਰੁਪਯਾ ਮੁਜਫਰ ਲੈਕੇ ਪੈਰ ਆਪ ਮਹਾਰਾਜ ਦੇ ਫੜੇ ਆਕੇ
ਮਹਾਰਾਜ ਦਿਆਲੂ ਕ੍ਰਿਪਾਲੂ ਐਸੇ ਦੋਸ਼ ਦੂਰ ਸਭ ਤੁਰਕ ਦੇ ਕਰੇ ਆਕੇ
ਏਥੋਂ ਪਾ ਵਹੀਰ ਨੇ ਫੇਰ ਦਿਤਾ ਪੁਰ ਬਹਾਵਲ ਨੂੰ ਸਿੰਘ ਨੇ ਚੜ੍ਹੇ ਆਕੇ
ਮਹਾਰਾਜ ਸਰਕਾਰ ਤੋਂ ਬਿਸ਼ਨ ਸਿੰਘਾ ਤੁਰਕ ਸਾਰੇ ਹੀ ਰਾਹ ਦੇ ਡਰੇ ਆਕੇ

[ਬਹਾਵਲ ਪੁਰ ਦੀ ਚੜ੍ਹਾਈ]

ਪੁਰ ਬਹਾਵਲ ਦੇ ਵੜ ਇਲਾਕੇ ਸਾਰੇ ਦਬਾ ਦਬ ਨੇ ਲੁੱਟ ਮਚਾਈ ਆਏ
ਜੇਹੜਾ ਅੜਿਆ ਸੋ ਝੜਿਆ ਮੈਦਾਨ ਅੰਦਰ ਪਿੰਡ ਪਿੰਡ ਨੇ ਭਾਜੜਾਂ ਪਾਈ ਆਏ
ਜਿਨ ਹਥ ਉਠਾਇਆ ਗਿਰਾਇਆ ਸੋਈਓ ਸ਼ੇਰਾਂ ਵਾਂਗ ਨੇ ਮੂੰਹ ਵਿਖਾਈ ਆਏ
ਬਹੁਤ ਵੱਡੀਆਂ ਗੋਗੜਾਂ ਵਾਲਿਆਂ ਤੋਂ ਦੌਲਤ ਲੁੱਟੀ ਤੇ ਨਾਲੇ ਲੁੱਟਾਈ ਆਏ
ਅਫੜਾ ਦਫੜੀ ਤਮਾਮ ਹੀ ਪੈਗਈ ਸ਼ਪਾ ਸ਼ਪ ਨੇ ਘੋੜੇ ਦੁੜਾਈ ਆਏ
ਪਹੁੰਚੇ ਪੁਰ ਬਹਾਵਲ ਨੇ ਬਿਸ਼ਨ ਸਿੰਘਾ ਸਾਰੇ ਰਾਹ ਦੀ ਕਰ ਸਫਾਈ ਆਏ

[ਮਹਾਰਾਜ ਨੇ ਬਹਾਵਲ ਪੁਰੀਏ ਤੋਂ ਨਜ਼ਰਾਨਾ ਲੈਣਾ]

ਸੁਣਕੇ ਆਈ ਅਵਾਈ ਇਹ ਸਿੰਘਾਂ ਸੰਦੀ ਕੰਬ ਉਠਿਆ ਹੈ ਨੁਵਾਬ ਥਰ ਥਰ

ਖੁਦਾ ਲਾਹੌਲ ਲਾਹੌਲ ਪੜ੍ਹਕੇ ਵਾਂਗ ਕੇਲੇ ਦੇ ਕੰਬਿਆ ਆਣ ਡਰ ਡਰ
ਹਾਲ ਸੁਣ ਮੁਲਤਾਨ ਕਸੂਰ ਸੰਦੇ ਭੁੱਦੇ ਲੱਥੀ ਹੈ ਫੌਜ ਤਮਾਮ ਮਰ ਮਰ
ਲੋਕ ਸ਼ੈਹਰ ਦੇ ਵੀ ਉਠ ਨੱਠਣ ਲਗੇ ਮਹਿਲ ਮਾੜੀਆਂ ਸੁੰਞੀਆਂ ਆਪ ਕਰ ਕਰ
ਪਰਜਾ ਘਾਬਰੀ ਵੇਖ ਨੁਵਾਬ ਸਾਰੀ ਮਹਾਰਾਜ ਦੇ ਚਰਨ ਤੇ ਆ ਪਿਆ
ਤਾਬੇਦਾਰੀ ਮਹਾਰਾਜ ਦੀ ਮੰਨ ਕਰਕੇ ਇਕ ਲੱਖ ਰੁਪਯਾ ਫੜਾ ਲਿਆ
ਮਹਾਰਾਜ ਰਣਜੀਤ ਸਿੰਘ ਆ ਕਰਕੇ ਓੜਕ ਡੇਰਾ ਲਾਹੌਰ ਲਗਾ ਲਿਆ
ਆਕੀ ਰਹੇ ਨ ਕੋਈ ਵੀ ਬਿਸ਼ਨ ਸਿੰਘਾ ਹੁਣ ਰਾਂਜ ਹੈ ਸਿੰਘਾਂ ਦਾ ਆ ਗਿਆ

[ਸੰ: ੧੮੬੪ ਬਿ: ਦਾ ਹਾਲ]

ਏਸੇ ਸਾਲ ਸਰਕਾਰ ਲਾਹੌਰ ਜੀ ਨੇ ਚਾਰ ਪਲਟਣਾਂ ਹੋਰ ਵਧਾ ਲਈਆਂ
ਨਾਲੇ ਨਵੇਂ ਰਸਾਲੇ ਦੋ ਕਰੇ ਭਰਤੀ ਕੁਵਾਇਦਾਂ ਸਭ ਨੂੰ ਹੈਂਣ ਸਿਖਾ ਲਈਆਂ
ਨਵੀਆਂ ਨਵੀਆਂ ਬੰਦੂਕਾਂ ਤੇ ਕਈ ਤੋਪਾਂ ਹੋਰ ਬਹੁਤ ਸਰਕਾਰ ਢਲਵਾ ਲਈਆਂ
ਦੀਨਾ ਨਗਰ ਉਤਾਰ ਕੇ ਫੌਜ ਭਾਰੀ ਨਜਰਾਂ ਰਾਜਿਆਂ ਕੋਲੋਂ ਮੰਗਵਾ ਲਈਆਂ
ਸਦਾ ਕੌਰ ਦੀ ਪਰਜਾ ਪਹਾੜੀ ਰਾਜੇ ਇਹ ਵੀ ਪਰਜਾ ਮਹਾਰਾਜ ਨਿਵਾ ਲਈਆਂ
ਸਦਾ ਕੌਰ ਦੀਆਂ ਸਾਂਮੀਆਂ ਇਹ ਸਭੇ ਮਹਾਰਾਜ ਨੇ ਆਪ ਦਬਾ ਲਈਆਂ
ਸਦਾ ਕੌਰ ਨੇ ਬੜੇ ਉਪਕਾਰ ਕੀਤੇ ਉਹ ਕੀਤੀਆਂ ਸਭ ਭੁਲਾ ਲਈਆਂ
ਮਾੜਾ ਕੀਤਾ ਸਰਕਾਰ ਨੇ ਬਿਸ਼ਨ ਸਿੰਘਾ ਇਹ ਲੋਕਾਂ ਨੇ ਗਲਾਂ ਸੁਣਾ ਲਈਆਂ

[ਮਹਾਰਾਜ ਸਾਹਿਬ ਸਿੰਘ ਪਟਿਆਲੇ ਵਾਲੇ ਅਤੇ ਆਪ ਦੀ ਰਾਣੀ ਆਸ ਕੌਰ]

ਸਾਹਿਬ ਸਿੰਘ ਦਾ ਤੇ ਆਸ ਕੌਰ ਜੀ ਦਾ ਆਪੋ ਵਿਚ ਦੀ ਝਗੜਾ ਮਹਾਨ ਹੋਯਾ
ਜੰਗ ਕਰਦਿਆਂ ਲੜਦਿਆਂ ਭਿੜਦਿਆਂ ਹੀ ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਯਾ
ਰਾਣੀ ਆਖਦੀ ਸੀ ਸਾਡੇ ਘਰ ਅੰਦਰ ਮੇਰੀ ਸੱਸ ਦਾ ਹੁਕਮ ਕਿਉਂ ਆਨ ਹੋਯਾ
ਸਾਹਿਬ ਸਿੰਘ ਸਭ ਮਾਈ ਦੀ ਮੰਨਦਾ ਸੀ ਏਸੇ ਵਾਸਤੇ ਘਰ ਵੈਰਾਨ ਹੋਯਾ
ਇਹ ਰਾਣੀ ਨੂੰ ਗਲ ਨ ਚੰਗੀ ਲਗੇ ਏਸੇ ਲਈ ਸੀ ਘਰ ਦਾ ਘਾਨ ਹੋਯਾ
ਰਾਣੀ ਜਿਤਿਆ ਜੰਗ ਜਾਂ ਬਿਸ਼ਨ ਸਿੰਘਾ ਸਾਹਿਬ ਸਿੰਘ ਸੀ ਆ ਹੈਰਾਨ ਹੋਯਾ

[ਮਹਾਰਾਜੇ ਸਾਹਿਬ ਸਿੰਘ ਨੇ ਆਪਣੀ ਮੱਦਤ ਵਾਸਤੇ ਸਰਕਾਰ ਖਾਂਲਸੇ ਨੂੰ ਸਦਣਾਂ]

ਮਹਾਰਾਜ ਸਰਕਾਰ ਨੂੰ ਓਸ ਵੇਲੇ ਸਾਹਿਬ ਸਿੰਘ ਨੇ ਆਪ ਬੁਲਾਇਆ ਹੈ
ਛੇਠਾ ਮੋਤੀਆਂ ਦਾ ਖਰਚ ਫੌਜ ਸੰਦਾ ਸਾਹਿਬ ਸਿੰਘ ਨੇ ਦੇਣਾ ਸੁਣਾਇਆ ਹੈ
ਮਹਾਰਾਜ ਸੁਨੇਹਾ ਇਹ ਸੁਣ ਕਰਕੇ ਸ਼ਪਾ ਸ਼ਪ ਪਟਿਆਲੇ ਨੂੰ ਆਇਆ ਹੈ
ਫਤੇ ਸਿੰਘ ਨੂੰ ਤੇ ਮੁਹਕਮ ਚੰਦ ਤਾਈਂ ਨਾਲੇ ਦੋਹਾਂ ਨੂੰ ਨਾਲ ਲਿਆਇਆ ਹੈ
ਈਜ਼ੇ ਖਾਂ ਦਾ ਖੋਹ ਇਲਾਕਾ ਸਾਰਾ ਗਰਭਾ ਸਿੰਘ ਨੂੰ ਆਪ ਫੜਾਇਆ ਹੈ
ਨਜ਼ਰਾਂ ਲੈ ਭਦੌੜ ਤੋਂ ਮਹਾਰਾਜੇ ਡੇਰਾ ਆ ਪਟਿਆਲੇ ਲਗਾਇਆ ਹੈ
ਅਗੋਂ ਔਂਦਿਆਂ ਰਾਣੀ ਤੇ ਰਾਜੇ ਹੋਰਾਂ ਆਪਣਾ ਆਪ ਹੀ* ਝਗੜਾ ਮੁਕਾਇਆ ਹੈ

ਸਾਹਿਬ ਸਿੰਘ ਨੇ ਫੇਰ ਸੁਕਾਰ ਤਾਈਂ ਜੋ ਕੁਝ ਦੇਣਾ ਸੀ ਪਲੇ ਆ ਪਾਇਆ ਹੈ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਡੇਰਾ ਵਿਚ ਪਟਿਆਲੇ ਦੇ ਲਾਇਆ ਹੈ

{ ਮਹਾਰਾਜ ਨੇ ਇਕ ਤੋਪ "ਕੜੇ ਖਾਂ" ਨਾਮ ਦੀ ਰਾਜੇ ਪਾਸੋਂ ਮੰਗਣੀ
ਅਤੇ ਟਿੱਕੇ ਕਰਮਸਿੰਘ ਜੀ ਨੇ ਮਹਾਰਾਜ ਦੇ ਗਲੋਂ ਕੰਠਾ ਲਾਉਣਾ }

ਕੜੇ ਖਾਂ ਇਕ ਤੋਪ ਨੂੰ ਮੰਗ ਕਰਕੇ ਮਹਾਰਾਜ ਨੇ ਕੂਚ ਕਰਾ ਲਿਆ
ਰਾਨੀ ਸਾਹਿਬ ਨੇ ਬੜੀ ਦਨਾਈ ਕਰਕੇ ਟਿੱਕੇ ਸਾਹਿਬ ਨੂੰ ਹੈ ਸਿਖਾ ਲਿਆ

---

*ਨਾਭੇ ਤੇ ਜੀਂਦ ਵਲੋਂ ਜਦ ਸਰਕਾਰ ਪ੍ਰਟਿਆਲੇ ਵਾਲੇ ਨਾਲ ਲੜਾਈ ਕਰ ਰਹੇ ਸਨ ਓਸ ਵਕਤ ਦਾ ਹਾਲ।

ਰਾਣੀ ਆਸ ਕੌਰ ਨੇ ਤੋਪਾਂ ਦੇ ਜਮਾਂਦਾਰ ਮੀਰ ਜੁਲਫਕਾਰ ਅਲੀ ਨੂੰ ਆਖਿਆ ਕਿ ਅਜੇਹਾਂ ਗੋਲਾ ਚਲਾ ਸਰਕਾਰ ਖਾਲਸੇ ਦਾ ਵਾਲ ਨਾ ਵਿੰਗਾ ਹੋਵੇ ਅਤੇ ਹਾਥੀ ਦੀ ਅੰਬਾਰੀ ਦਾ ਕਲਸ ਉਡ ਜਾਵੇ, ਜਿਥੇ ਦੂਰ ਹਾਥੀ ਉੱਤੇ ਸਰਕਾਰ ਜੰਗ ਦੇਖ ਰਹੇ ਸਨ ਜਮਾਦਾਰ ਨੇ ਓਹੋ ਕਰ ਦਿਖਾਇਆ, ਮਹਾਰਾਜ ਰਣਜੀਤ ਸਿੰਘ ਜੀ ਦਾ ਵਾਲ ਵਿੰਗਾ ਨ ਹੋਇਆ ਅਤੇ ਹਾਥੀ ਦੀ ਅੰਬਾਰੀ ਦਾ ਕਲਸ ਉਡ ਗਿਆ ਮਹਾਰਾਜ ਬੜੇ ਹੈਰਾਨ ਹੋਏ।

ਮੋਤੀਆਂ ਦਾ ਕੰਠਾ ਦੇਕੇ ਜਦ ਸਰਕਾਰ ਨੂੰ ਵਿਦਜਾ ਕਰਨ ਲਗੇ ਤਾਂ ਸਰਕਾਰ ਨੇ ਆਖਿਆ ਮੈਂ ਮਾਮੀ ਜੀ ਨੂੰ ਮੱਥਾ ਟੇਕਣਾ ਤੇ ਕਿਲਾ ਦੇਖਣਾ ਹੈ, ਮਹਾਰਾਜੇ ਨੇ ਮੰਨ ਲਿਆ। ਮਹਾਰਾਜ ਸਰਕਾਰ ਨੂੰ ਦੀਵਾਨਖਾਨੇ ਵਿਚ ਲੈ ਗਏ ਗਲਾਂ ਕਰਦੇ ਰਹੇ। ਫੇਰ ਮਹਾਰਾਜ ਮਾਈ ਜੀ ਨੂੰ ਮੱਥਾ ਟੇਕਣ ਕੱਲੇ ਹੀ ਮਹਾਰਾਜੇ ਦੇ ਨਾਲ ਜਨਾਨੇ ਮਹਿਲਾਂ ਨੂੰ ਚੱਲੇ ਜਾਂ ਤੀਜੀ ਡੇਉਢੀ ਵਿਚ ਗਏ ਤਾਂ ਮਹਾਰਾਜੇ ਨੇ ਸਰਕਾਰ ਨੂੰ ਜੱਫੇ ਵ੍ਹਿਚ ਭਰਕੇ ਆਖਿਆ ਹੁਣ ਤੇਰਾ ਕੌਣ ਰਾਖਾ ਹੈ ਜੋ ਸਾਡੇ ਉੱਤੇ ਨਾਭੇ ਦੀ ਮੱਦਦ ਚੜ੍ਹ ਆਇਆ ਸੈਂ ? ਮਹਾਰਾਜ ਬੋਲੇ ਮਾਮਾ ਜੀ ਜਦ ਆਪ ਮੇਰੇ ਰਾਖੇ ਹੋ ਤਾਂ ਮੈਨੂੰ ਕਿਸਦਾ ਡਰ ਹੈ। ਮਹਾਰਾਜੇ ਨੇ ਖੁਸ਼ੀ ਹੋਕੇ ਆਖਿਆ ਯਾਦ ਰਖੋ ਕਿ ਕਿਸੇ ਮਿਤਰ ਦੇ ਬੀ ਘਰ ਕੱਲੇ ਨਹੀਂ ਜਾਣਾ। ਅਗੇ ਰਾਣੀ ਨੂੰ ਮੱਥਾ ਜਾ ਟੇਕਿਆ, ਰਾਣੀ ਨੇ ਦੋਹਤੇ ਨੂੰ ਇਕ ਸੋਨੇ ਦੀ ਚਿੜੀ ਦਿੱਤੀ ਅਤੇ ਪੰਜ ਸੌ ਰੁਪਯਾ ਸਿਰ ਵਾਰਨਾ ਕੀਤਾ।

ਬਾਹਰ ਆਏ ਤਾਂ ਇਕ ਕੜੇ ਖਾਂ ਤੋਪ ਜੋ ਬਹੁਤ ਚੰਗੀ ਸੀ ਮੰਗ ਲਈ, ਮਹਾਰਾਜੇ ਆਖਿਆ ਲੈ ਜਾਓ ਫੇਰ ਸਾਡੇ ਘਰ ਆ ਜਾਊ ਓਹੋ ਸੱਚ ਹੋਈ ਉਦੋਂ ਛਾਂ ਲਾਹੌਰ ਲੈ ਗਏ ਜਦ ਸੰ: ੧੯੦੩ ਬਿ: ਨੂੰ ਸਤਲੁਜ ਦੇ ਜੰਗ ਫਤੇ ਹੋਏ ਤੋਂ ਮਹਾਰਾਜੇ ਨਰਿੰਦ੍ਰ ਸਿੰਘ ਨੇ ਅੰਗ੍ਰੇਜ਼ਾਂ ਪਾਸੋਂ ਮੰਗ ਲਈ ਤੇ ਹੁਣ ਓਹ ਤੋਪ ਬਹਾਦਰ ਗੜ੍ਹ ਵਿਚ ਹੈ।

ਤੁਰਨ ਲੱਗਿਆਂ ਆਪ ਮਹਾਰਾਜ ਜੀ ਨੇ ਕਰਮ ਸਿੰਘ ਨੂੰ ਗੋਦ ਬਹਾ ਲਿਆ
ਕਰਮ ਸਿੰਘ ਨੇ ਬੜੇ ਹੁਸ਼ਜਾਰ ਹੋਕੇ ਜੱਫਾ ਗਲ ਮਹਾਰਾਜ ਦੇ ਪਾ ਲਿਆ
ਕੰਠਾ ਛਡਦੇ ਨਾ ਕਹਿੰਦੇ ਲਾਹ ਦਿਓ ਰੋ ਰੋ ਕੇ ਹਾਲ ਵੰਜਾ ਲਿਆ
ਮੇਰਾ ਕੰਠਾ ਇਹ ਤੁਸੀ ਕਿਉਂ ਲੈ ਚਲੇ ਕਰਮ ਸਿੰਘ ਨੇ ਹੈ ਸੁਣਾ ਲਿਆ
ਟਾਲੇ ਟੋਲੇ ਸਰਕਾਰ ਨੇ ਬੜੇ ਕੀਤੇ ਕਈਆਂ ਚੀਜ਼ਾਂ ਨੂੰ ਹੈ ਵਿਖਾ ਲਿਆ
ਐਪਰ ਟਿੱਕੇ ਨੇ ਕੰਠੇ ਨੂੰ ਛਡਿਆ ਨਾ ਓੜਕ ਗਲੋਂ ਸਰਕਾਰਦਿਓਂ ਲਾਹ ਲਿਆ
ਮਹਾਰਾਜ ਨੇ ਬੜੇ ਸ਼ਰਮਿੰਦੇ ਹੋਕੇ ਕੰਠਾ ਟਿੱਕੇ ਨੂੰ ਹੈ ਫੜਾ ਲਿਆ
ਓੜਕ ਆਪ ਸਰਕਾਰ ਨੇ ਬਿਸ਼ਨ ਸਿੰਘਾ ਡੇਰਾ ਆ ਅੰਬਾਲੇ ਲਗਾ ਲਿਆ

{ਮਹਾਰਾਜ ਨੇ ਅੰਬਾਲੇ ਦੇ ਇਲਾਕੇ ਤੋਂ ਨਜ਼ਰਾਂ ਲੈਂਦਿਆਂ ਹੋਇਆਂ ਨਰੈਣਗੜ੍ਹ ਮੀਏਂ ਕਿਸ਼ਨ ਸਿੰਘ ਨਾਹਣ ਵਾਲੇ ਦਾ ਕਿਲਾ ਫਤੇ ਕਰਨਾ}

ਦਯਾ ਕੌਰ ਅੰਬਾਲੇ ਦੀ ਰਾਣੀ ਪਹਿਲੇ ਗੱਫਾ ਅਗੇ ਮਹਾਰਾਜ ਦੇ ਧਰਿਆ ਹੈ
ਲਾਲ ਸਿੰਘ ਤੇ ਭੰਗਾ ਸਿੰਘ ਥਨੇਸਰ ਵਾਲੇ ਗੱਫਾ ਏਨ੍ਹਾਂ ਤੋਂ ਫੇਰ ਆ ਫੜਿਆ ਹੈ
ਕਰਮ ਸਿੰਘ ਸ਼ਾਹਬਾ ਦੀਆ ਗੁਰ ਦਿਤ ਸਿੰਘ ਜੀ ਇਹ ਲਾਡੂਏ ਵਾਲਾ ਵੀ ਝੜਿਆ ਹੈ
ਜੋਧ ਸਿੰਘ ਨਿਵਾਇਆ ਹੈ ਕਲਸੀਆਂ ਦਾ ਛੋਟਾ ਵਡਾ ਕੋਈ ਅਗੇਨ ਅੜਿਆ ਹੈ
ਫਤੇ ਕਰ ਮਹਾਰਾਜ ਇਸ ਦੇਸ ਤਾਈਂ ਫੇਰ ਗੜ੍ਹ ਨਰੈਣ ਤੇ ਚੜ੍ਹਿਆ ਹੈ
ਕਿਸ਼ਨ ਸਿੰਘ ਵੀ ਜ਼ੋਰ ਲਗਾ ਭਾਰਾ ਵੀਹ ਦਿਨ ਆ ਅੰਦਰੋਂ ਲੜਿਆ ਹੈ
ਦੋਹਾਂ ਪਾਸਿਓਂ ਤੋਪਾਂ ਦੀ ਅੱਗ ਬਰਸੀ ਫਤੇ ਕਿਲਾ ਮਹਾਰਾਜ ਨੇ ਕਰਿਆ ਹੈ
ਮੋਹਨ ਸਿੰਘ ਤੇ ਦੇਵਾ ਸਿੰਘ ਕਾਲਿਆਂ ਦਾ ਫਤੇ ਸਿੰਘ ਆ ਏਸ ਥਾਂ ਮਰਿਆ ਹੈ
ਆਹਲੂਵਾਲੀਆ ਜੋ ਫਤੇ ਸਿੰਘ ਹੈਸੀ ਮਹਾਰਾਜ ਤੋਂ ਇਹ ਆ ਤਰਿਆ ਹੈ
ਇਸਨੂੰ ਕਿਲਾ ਸਰਕਾਰ ਨੇ ਦੇ ਦਿਤਾ ਫਤੇ ਸਿੰਘ ਨਰੈਣ ਗੜ੍ਹ ਵੜਿਆ ਹੈ
ਮਹਾਰਾਜ ਸਰਕਾਰ ਤੋਂ ਬਿਸ਼ਨ ਸਿੰਘਾ ਸਾਰਾ ਦੇਸ ਹੀ ਆਕੇ ਡਰਿਆ ਹੈ

[ਮੋਰਿੰਡੇ ਦਾ ਪਰਗਣਾ ਸੋਧਣਾ]

ਧਰਮ ਸਿੰਘ ਦੇ ਪੁਤ ਤੋਂ ਬਾਗਾਂ ਵਾਲਾ ਭਾਗ ਸਿੰਘ ਨੂੰ ਖੋਹ ਫੜਾ ਲਿਆ
ਮਨੀ ਮਾਜਰੇ ਵਾਲੇ ਗੁਪਾਲ ਸਿੰਘ ਤੋਂ ਨਜ਼ਰ ਤੀਹ ਹਜ਼ਾਰ ਹੈ ਆ ਲਿਆ
ਫੇਰ ਆ ਮਨੌਲੀ ਹਣਜੀਤ ਸਿੰਘ ਤੋਂ ਗੱਫਾ ਵੀਹ ਹਜ਼ਾਰ ਉਠਾ ਲਿਆ
ਹਰੀ ਸਿੰਘ ਫਿਰ ਰੋਪੜ ਨਿਵਾਸੀਏ ਤੋਂ ਨਕਦ ਪੰਦਰਾਂ ਹਜ਼ਾਰ ਹੈ ਜਾ ਲਿਆ
ਬਹਲੋਲ ਪੁਰ ਪਰਗਣਾ ਦੇ ਕਰਕੇ ਵੀਰ ਭਾਨ ਨੂੰ ਹਾਕਮ ਬਣਾ ਲਿਆ
ਮੁਹਕਮ ਚੰਦ ਨੂੰ ਹੈ ਸਾਨ੍ਹੇ ਵਾਲ ਦੇਕੇ ਕਾਰਦਾਰ ਹੈ ਆਪਣਾ ਬਹਾ ਲਿਆ

[ਮਹਾਰਾਜ ਦਾ ਰਾਹੋਂ ਤੇ ਧਾਵਾ]

ਇਹ ਖਬਰ ਸਰਕਾਰ ਨੂੰ ਆਣ ਲਗੀ ਤਾਰਾ ਸਿੰਘ ਗੇਬਾ ਰਾਹੋਂ ਮਰ ਗਿਆ
ਏਸੇ ਵਾਸਤੇ ਆਪ ਰਣਜੀਤ ਸਿੰਘ ਜੀ ਛਾਲਾਂ ਮਾਰਦਾ ਰਾਹੋਂ ਤੇ ਚੜ੍ਹ ਪਿਆ

ਮਹਾਰਾਜ ਨੇ ਇਹ ਬਹਾਨਾ ਕੀਤਾ ਸਾਜ ਬਾਜ ਮੁਕਾਣ ਦਾ ਕਰ ਲਿਆ
ਫੌਜ ਸਿੰਘਾਂ ਦੀ ਦੇਖਕੇ ਬਿਸ਼ਨ ਸਿੰਘਾ ਰਤਨ ਕੌਰ ਦਾ ਦਿਲ ਹੈ ਡਰ ਗਿਆ

[ਤਾਰਾ ਸਿੰਘ ਦੀ ਰਾਣੀ ਰਤਨ ਕੌਰ ਦੀ ਬਹਾਦਰੀ]

ਰਤਨ ਕੌਰ ਨੇ ਹੌਸਲਾ ਬੜਾ ਕੀਤਾ ਝੱਟ ਵਿਚ ਮੈਦਾਨ ਦੇ ਆ ਗਈ
ਸ਼ਸਤ੍ਰ ਬਸਤ੍ਰ ਮਰਦਾਵੇਂ ਨੇ ਪਹਿਰ ਲੀਤੇ ਰੂਪ ਹੋਰ ਦਾ ਹੋਰ ਵਟਾ ਗਈ
ਚੰਗੇ ਘੋੜੇ ਦੇ ਉੱਤੇ ਅਸਵਾਰ ਹੋਕੇ ਸਾਰੀ ਫੌਜ ਨੂੰ ਹੁਕਮ ਸੁਣਾ ਗਈ
ਸਾਰੀ ਫੌਜ ਨੂੰ ਆਪਣੇ ਨਾਲ ਲੈਕੇ ਮਹਾਰਾਜ ਨੂੰ ਹੱਥ ਵਿਖਾ ਗਈ
ਰਤਨ ਕੌਰ ਬਹਾਦਰੀ ਬੜੀ ਕਰਕੇ ਮਹਾਰਾਜ ਦੀ ਫੌਜ ਦੁੜਾ ਗਈ
ਰਤਨ ਕੌਰ ਮਹਾਰਾਜ ਤੋਂ ਬਿਸ਼ਨ ਸਿੰਘਾ ਜੰਗ ਜਿੱਤ ਕੇ ਫਤੇ ਹੈ ਪਾ ਗਈ

[ਮਹਾਰਾਜ ਰਣਜੀਤ ਸਿੰਘ ਜੀ]

ਰਤਨ ਕੌਰ ਨੂੰ ਕਿਹਾ ਮਹਾਰਾਜ ਜੀ ਨੇ ਤੁਸਾਂ ਮਾਈ ਜੀ ਨਹੀਂ ਦਾਨਾਈ ਕੀਤੀ
ਤਾਰਾ ਸਿੰਘ ਸੀ ਮੇਰਾ ਉਸਤਾਦ ਭਾਰਾ ਤੁਸਾਂ ਚੰਗੀ ਇਹ ਗੱਲ ਨ ਮਾਈ ਕੀਤੀ
ਸ਼ਸਤ੍ਰ ਵਿਦਿਆ ਓਸਤੋਂ ਮੈਂ ਸਿੱਖੀ ਤਾਂਈਓਂ ਮੈਂ ਇਹ ਬੜੀ ਕਮਾਈ ਕੀਤੀ
ਮੈਂ ਓਨ੍ਹਾਂ ਦੀ ਦੇਣ ਮੁਕਾਣ ਆਯਾ ਤੁਸਾਂ ਔਂਦਿਆਂ ਅਗੋਂ ਲੜਾਈ ਕੀਤੀ
ਤੂੰ ਮਾਂ ਮੇਰੀ ਓਹ ਪਿਤਾ ਮੇਰੇ ਵਾਹ ਪੁਤ ਤੇ ਜੰਗ ਦੀ ਧਾਈ ਕੀਤੀ
ਕਿਹਾ ਆਪ ਸਰਕਾਰ ਨੇ ਬਿਸ਼ਨ ਸਿੰਘਾ ਮੈਂ ਪਹਿਲੋਂ ਵਧੀਕੀ ਨ ਕਾਈ ਕੀਤੀ

[ਜਵਾਬ ਰਾਣੀ ਰਤਨਕੌਰ]

ਹਛਾ ਮਾਂ ਜੇ ਮੈਨੂੰ ਤੂੰ ਜਾਣਨਾਏਂ ਜੋ ਕੁਝ ਦੇਨੀ ਹਾਂ ਲੈਕੇ ਜਾ ਏਥੋਂ
ਛੀ ਲਖ ਰੁਪੱਯਾ ਤੇ ਇਕ ਹਾਥੀ ਪੰਜ ਘੋੜੇ ਇਹ ਲੈਕੇ ਧਾ ਏਥੋਂ
ਸੋਨੇ ਚਾਂਦੀ ਦੇ ਨਾਲ ਇਹ ਮੜੇ ਹਾਥੀ ਲੈ ਏਨ੍ਹਾਂ ਨੂੰ ਹਟ ਪਿਛਾਂਹ ਏਥੋਂ
ਮੇਰੇ ਮਰਨ ਤੋਂ ਬਾਦ ਫਿਰ ਬਿਸ਼ਨ ਸਿੰਘਾ ਲਈਂ ਸਭ ਕੁਝ ਆਣਕੇ ਖਾ ਏਥੋਂ

{ਮਹਾਰਾਜ ਨੇ ਛੀ ਲੱਖ ਰੁਪੱਯਾ ਇਕ ਹਾਥੀ ਪੰਜ ਘੋੜੇ ਸੋਨੇ ਚਾਂਦੀ ਦੇ ਸਾਜ਼ਾਂ ਨਾਲ ਮੜੇ ਹੋਏ ਲੈਕੇ ਫੇਰਵੀ ਰਤਨ ਕੌਰ ਨਾਲ ਲੜਾਈ ਸ਼ੁਰੂ ਕਰ ਦਿਤੀ}

ਮਹਾਰਾਜ ਨੇ ਇਤਨਾ ਮਾਲ ਲੈਕੇ ਫਿਰ ਵੀ ਸ਼ੁਰੂ ਹੈ ਕਰੀ ਲੜਾਈ ਭਾਈ
ਰਤਨ ਕੌਰ ਵੀ ਅੰਦਰੋਂ ਤਿਆਰ ਹੋਈ ਦਬਾ ਦਬ ਹੈ ਤੋਪ ਚਲਾਈ ਭਾਈ
ਦੋ ਪਹਿਰ ਅੰਗਿਆਰਾਂ ਦੀ ਬੜੀ ਭਾਰੀ ਦੋਹਾਂ ਧਿਰਾਂ ਨੇ ਅੱਗ ਬਰਸਾਈ ਭਾਈ
ਕਿਲਾ ਟੁਟਣਾਂ ਸਮਝਿਆ ਬਹੁਤ ਔਖਾ ਮਹਾਰਾਜ ਨੇ ਕਰੀ ਦਨਾਈ ਭਾਈ
ਅਹਿਲਕਾਰ ਨੇ ਸਭ ਵਿਗਾੜ ਲੀਤੇ ਮਹਾਰਾਜ ਇਹ ਕਰੀ ਸਫਾਈ ਭਾਈ
ਖੋਲ੍ਹ ਦਿਤਾ ਦਰਵਾਜਾ ਹੈ ਨੌਕਰਾਂ ਨੇ ਅੰਦਰ ਫੌਜ ਮਹਾਰਾਜ ਦੀ ਆਈ ਭਾਈ
ਮਹਾਰਾਜ ਦੇ ਸਿਖਾਂ ਤਿਲੰਗਿਆਂ ਤੋਂ ਰਾਣੀ ਆਪਣੀ ਜਾਨ ਬਚਾਈ ਭਾਈ
ਅਹਿਲਕਾਰਾਂ ਦੇ ਬਚੇ ਹੈ ਪਿਟਣ ਲੱਗੀ ਪਾ ਪਾ ਕੇ ਉਚੀ ਦੁਹਾਈ ਭਾਈ

ਨਾਲ ਲੈਕੇ ਆਪਣੇ ਪੁੱਤਰਾਂ ਨੂੰ ਬੰਗੇ ਪਿੰਡ ਨੂੰ ਉਠਕੇ ਧਾਈ ਭਾਈ
ਪਿਛੋਂ ਸਾਰੀ ਰਜਧਾਨੀ ਸਰਦਾਰਨੀ ਦੀ ਮਹਾਰਾਜ ਨੇ ਹੈ ਦਬਾਈ ਭਾਈ
ਮਾਲ ਮੁਲਕ ਸਭ ਰਾਣੀ ਦਾ ਜ਼ਬਤ ਕੀਤਾ ਮਹਾਰਾਜ ਨੇ ਦੇਰ ਨ ਲਾਈ ਭਾਈ
ਛਤੇ ਕਰਕੇ ਰਾਹੋਂ ਨੂੰ ਬਿਸ਼ਨ ਸਿੰਘਾ ਮਹਾਰਾਜ ਕਮਾਈ ਕਮਾਈ ਭਾਈ

[ ਤਥਾ ]

ਪੰਜ ਲੱਖ ਸਲਾਨੇ ਦਾ ਮੁਲਕ ਸਾਰਾ ਮਹਾਰਾਜ ਨੇ ਆਪ ਦਬਾ ਲਿਆ
ਪੈਂਤੀ ਲੱਖ ਖਜਾਨੇ ਦੇ ਵਿਚ ਹੈਸੀ ਨਕਦ ਗਿਣਕੇ ਇਹ ਉਠਾ ਲਿਆ
ਹੋਰ ਤੋਪਾਂ ਬੰਦੂਕਾਂ ਸਮਾਨ ਸਾਰਾ ਮਹਾਰਾਜ ਨੇ ਕਰ ਸਫਾ ਲਿਆ
ਲੈਕੇ ਸਾਰਾ ਅਸਬਾਬ ਰਜਧਾਨੀ ਸੰਦਾ ਮਹਾਰਾਜ ਲਾਹੌਰ ਪੁਚਾ ਲਿਆ
ਸਤ ਪਿੰਡ ਗੁਜਾਰਾ ਜਗੀਰ ਸਾਰੀ ਰਤਨ ਕੌਰ ਦੇ ਨਾਮ ਹੈ ਲਾ ਲਿਆ
ਓਹ ਵੀ ਖੋਹ ਸਰਕਾਰ ਨੇ ਅੰਤ ਬਾਕੀ ਠੂਠਾ ਹੱਥ ਦੇ ਵਿਚ ਫੜਾ ਲਿਆ
ਕਾਰਦਾਰਾਂ ਵੀ ਨਿਮਕ ਹਰਾਮੀਆਂ ਦਾ ਖੁਰਾ ਖੋਜ ਮਹਾਰਾਜ ਮਿਟਾ ਲਿਆ
ਅਹਿਲਕਾਰ ਸਭ ਰਾਣੀ ਦੇ ਮਾਰ ਸੁਟੇ ਜਿਨਾਂ ਜ਼ੁਲਮ ਸੀ ਬੜਾ ਕਮਾ ਲਿਆ
ਰਤਨ ਕੌਰ ਨੂੰ ਅੰਤ ਨੂੰ ਬਿਸ਼ਨ ਸਿੰਘਾ ਮਹਾਰਾਜੇ ਕੰਗਾਲ ਬਣਾ ਲਿਆ

[ਮਹਾਰਾਜ ਨੇ ਆਪਨੀ ਸੱਸ ਸਦਾ ਕੌਰ ਦਾ ਇਲਾਕਾ ਦਬਾਉਣਾ]

ਏਸ ਦੌਰੇ ਦੇ ਵਿਚ ਮਹਾਰਾਜ ਜੀ ਨੇ ਬੜਾ ਭਾਰਾ ਆ ਫੈਦਾ ਉਠਾਇਆ ਹੈ
ਵਡੇ ਛੋਟੇ ਸਰਦਾਰਾਂ ਤੋਂ ਲੈ ਨਜ਼ਰਾਂ ਹਰ ਇਕ ਨੂੰ ਆ ਨਿਞਾਇਆ ਹੈ
ਹੁਣ ਗਲ ਸਰਕਾਰ ਨੇ ਓਹ ਕੀਤੀ ਜੀਕੂੰ ਮਾਂ ਨੂੰ ਜੱਟ ਸੁਣਾਇਆ ਹੈ

"ਮਾਂ ਜੇ ਮੈਂ ਹਾਕਮ ਹੋਵਾਂ ਤਾਂ ਪੈਹਲੇ ਤੇਰੀ ਹੀ ਖਬਰ ਲਵਾਂ"

ਜਿਸਦੀ ਮੱਦਤ ਦੇ ਨਾਲ ਸਰਕਾਰ ਜੀ ਨੇ ਐਡਾ ਵਡਾ ਮੁਰਾਤਬਾ ਪਾਇਆ ਹੈ
ਬਸ ਓਹਦਾ ਇਲਾਕਾ ਹੀ ਆ ਸਾਰਾ ਮਹਾਰਾਜ ਨੇ ਆਪ ਦਬਾਇਆ ਹੈ
ਸਦਾ ਕੌਰ ਦੀ ਕਿਰਪਾ ਦੇ ਨਾਲ ਦੇਖੋ ਮਹਾਰਾਜ ਸਰਕਾਰ ਕਹਾਇਆ ਹੈ
ਨਾਲ ਇਸਦੇ ਹੀ ਆਕੇ ਬੁਰਾ ਕੀਤਾ ਮਹਾਰਾਜ ਨੇ ਜ਼ੁਲਮ ਕਮਾਇਆ ਹੈ
ਠਾਣਾ ਚੰਦ ਸੰਸਾਰ ਦਾ ਦੂਰ ਕਰਕੇ ਅਪਣਾ ਠਾਣਾ ਮਹਾਰਾਜ ਬਹਾਇਆ ਹੈ
ਫੇਰ ਚੰਬੇ ਬਸੋਲੀ ਜਸਰੋਟੇ ਆਕੇ ਮਹਾਰਾਜ ਨੇ ਗਫਾ ਉਡਾਇਆ ਹੈ
ਬਿਸ਼ਨ ਸਿੰਘ ਸੁਕਮਾਂਜ ਕਰ ਰਾਹ ਸਾਰਾ ਮਹਾਰਾਜ ਲਾਹੌਰ ਨੂੰ ਆਇਆ ਹੈ

[ਮਹਾਰਾਜ ਨੇ ਲਾਹੌਰ ਦਰਬਾਰ ਲਾਉਣਾ]

ਗਲਾਂ ਚੰਗੀਆਂ ਚੰਗੀਆਂ ਸੋਚ ਕਰਕੇ ਮਹਾਰਾਜ ਲਾਹੌਰ ਦਰਬਾਰ ਲਾਯਾ
ਭਲਾ ਕੇਹੜਾ ਨ ਮੰਨਦਾ ਈਨ ਮੇਰੀ ਇਹ ਸੋਚ ਦਰਬਾਰ ਸਰਕਾਰ ਲਾਯਾ
ਹੁਕਮ ਮੰਨ ਮਹਾਰਾਜ ਦਾ ਸਾਰੇ ਸਿੱਖਾਂ ਮਹਾਰਾਜ ਦਾ ਆ ਦੀਦਾਰ ਪਾਯਾ
ਜੀਊਣਸਿੰਘਸਤਾਲਕੋਟੀਆਨਹੀਂ ਆਯਾਸਾਹਿਬਸਿੰਘ ਗੁਜਰਾਤੀਆ ਨਹੀਂ ਆਯਾ
ਹੋਰ ਸਾਰੇ ਹੀ ਆਏ ਨੇ ਬਿਸ਼ਨ ਸਿੰਘਾ ਏਹਨਾਂ ਉਤੇ ਮਹਾਰਾਜ ਨੇ ਗੁੱਸਾ ਖਾਯਾ

[ਮਹਾਰਾਜ ਨੇ ਸਿਆਲ ਕੋਟ ਫਤੇ ਕਰਨਾ]

ਏਸੇ ਕਰ ਮਹਾਰਾਜ ਨੇ ਗੁੱਸੇ ਹੋਕੇ ਸਿਆਲ ਕੋਟ ਨੂੰ ਘੇਰੇ ਜਾ ਪਾ ਲਏ
ਜੀਊਣ ਸਿੰਘ ਤੇ ਸਾਹਿਬ ਸਿੰਘ ਮੋਹਰ ਸਿੰਘ ਨੂੰ ਨੱਥਾ ਸਿੰਘ ਨੇ ਵਾਸਤੇ ਪਾ ਲਏ
ਤੁਸੀਂ ਨਾਲ ਮਹਾਰਾਜ ਦੇ ਲੜਨ ਲਗੇ ਇਹ ਮੱਥੇ ਪਹਾੜ ਨੂੰ ਲਾ ਲਏ
ਲੜਨਾ ਨਹੀਂ ਮਹਾਰਾਜ ਦੇ ਨਾਲ ਚੰਗਾ ਨੱਥਾ ਸਿੰਘ ਨੇ ਹਾਲ ਸੁਣਾ ਲਏ
ਇਹਨਾਂ ਤਿੰਨਾਂ ਨੇ ਇਕ ਨ ਗਲ਼ ਮੰਨੀ ਜੰਗ ਕਰਨ ਦੇ ਸਾਜ ਬਣਾ ਲਏ
ਜੰਗ ਨਾਲ ਮਹਾਰਾਜ ਦੇ ਛੋ ਦਿਤਾ ਦੋਹਾਂ ਥਿਰਾਂ ਨੇ ਹੱਥ ਵਖਾ ਲਏ
ਪੰਦਰਾਂ ਦਿਨ ਲੜਾਈ ਹੈ ਲੱਗੀ ਰਹੀ ਚਾ ਦੋਹਾਂ ਨੇ ਜੰਗ ਦੇ ਲਾਹ ਲਏ
ਓੜਕ ਤੋਪਾਂ ਨੇ ਕਿਲੇ ਨੂੰ ਢਾਹ ਦਿਤਾ ਜੀਊਣੰ ਸਿੰਘ ਵਗੈਰਾ ਬੰਨ੍ਹਾ ਲਏ
ਮਹਾਰਜ ਸਰਕਾਰ ਨੇ ਕੈਦ ਕਰਕੇ ਬਸ ਵਿੱਚ ਲਾਹੌਰ ਪੁਚਾ ਲਏ
ਨੱਥਾ ਸਿੰਘ ਸ਼ਹੀਦ ਦੇ ਮਹਾਰਾਜੇ ਬੜੇ ਮਰਤਬੇ ਹੋਰ ਵਧਾ ਲਏ
ਨੱਥਾ ਸਿੰਘ ਦੇ ਮੁਲਕ ਨੂੰ ਛੇੜਿਆ ਨਾ ਮੁਲਕ ਓਹਨਾਂ ਦੇ ਸਭ ਦਬਾ ਲਏ
ਮਾਲ ਤਿੰਨਾਂ ਸਰਦਾਰਾਂ ਦਾ ਜ਼ਬਤ ਕਰਕੇ ਮਹਾਰਾਜ ਨੇ ਹਥ ਰੰਗਾ ਲਏ
ਹਾਕਮ ਓਥੋਂ ਦਾ ਹੁਕਮ ਸਿੰਘ ਚਿਮਨੀ ਕੀਤਾ ਫੇਰ ਓਹ ਵੀ ਸਰਕਾਰ ਸਦਾ ਲਏ
ਜੇਹੜੇ ਕੈਦ ਲਾਹੌਰ ਨੇ ਕਰ ਘੱਲੇ ਜੀਊਣ ਸਿੰਘ ਵਗੈਰਾ ਛੁਡਾ ਲਏ
ਏਹਨਾਂ ਤਿੰਨਾਂ ਸਰਦਾਰਾਂ ਨੂੰ ਮਹਾਰਾਜੇ ਚਾਰ ਚਾਰ ਨੇ ਪਿੰਡ ਫੜਾ ਲਏ
ਬਿਸ਼ਨ ਸਿੰਘ ਗੁਜ਼ਾਰਾ ਜਗੀਰ ਦੇਕੇ ਮਹਾਰਾਜ ਨੇ ਕੂਚ ਕਰਾ ਲਏ

[ਮਹਾਰਾਜ ਨੇ ਗੁਜਰਾਤ ਆਦਿਕ ਤੋਂ ਨਜ਼ਰਾਨੇ ਲੈਣੇ]

ਸਿਆਲ ਕੋਟੋਂ ਗੁਜਰਾਤ ਨੂੰ ਮਹਾਰਾਜੇ ਅੱਗੜ ਪਿੱਛੜ ਨੇ ਘੋੜੇ ਦੁੜਾ ਰੱਖੇ
ਸਾਹਿਬ ਸਿੰਘ ਪੰਜਾਹ ਹਜ਼ਾਰ ਗਿਣਕੇ ਥੈਲੇ ਭਰਕੇ ਅਗੇ ਨੇ ਆ ਰੱਖੇ
ਭਲਾ ਜਿਸਦਾ ਦੁਧ ਹੀ ਵਿਕ ਜਾਵੇ ਓਹ ਦਹੀਂ ਨੂੰ ਕਿਉਂ ਜਮਾ ਰੱਖੇ
ਮਹਾਰਾਜ ਤਾਂ ਏਹੋ ਹੀ ਚਾਹੁੰਦੇ ਸਨ ਸਾਹਿਬ ਸਿੰਘ ਜੋ ਗਿਣ ਗਿਣਾ ਰੱਖੇ
ਫੇਰ ਖੱਟ ਅਖਨੂਰ ਨੂੰ ਕੂਚ ਕੀਤਾ ਆਲਮ ਖਾਂ ਵੀ ਥੈਲੇ ਭਰਾ ਰੱਖੇ
ਦੇਕੇ ਤੀਹ ਹਜ਼ਾਰ ਸਰਕਾਰ ਤਾਈਂ ਜਾਨ ਮਾਲ ਨੇ ਸਭ ਬਚਾ ਰੱਖੇ
ਏਸ ਸਫਰ ਦੇ ਵਿੱਚ ਸਰਕਾਰ ਜੀ ਨੇ ਵਡੇ ਛੋਟੇ ਨੇ ਸਭ ਨਿਵਾ ਰੱਖੇ
ਛਤੇ ਪਾਕੇ ਸਭ ਤੋਂ ਬਿਸ਼ਨ ਸਿੰਘਾ ਡੇਰੇ ਵਿਚ ਲਾਹੌਰ ਲਗਾ ਰੱਖੇ

[ਮਹਾਰਾਜ ਨੇ ਖੜਗ ਸਿੰਘ ਸ਼ਾਹਜ਼ਾਦੇ ਨੂੰ ਸ਼ੇਖੂ ਪੁਰੇ ਉਤੇ ਚੜ੍ਹਾਉਣਾ]

ਸ਼ੇਖ ਪੁਰੀਏ ਭੰਗੀਆਂ ਰਾਜਿਆਂ ਨੇ ਸਾਰੇ ਪਰਜਾ ਦੇ ਲੋਕ ਸਤਾ ਛੱਡੇ
ਹਾਲ ਸਿੰਘ ਅਮੀਰ ਅਲਬੇਲ ਸਿੰਘ ਦੇ ਮਹਾਰਾਜ ਨੂੰ ਲੋਕਾਂ ਸੁਣਾ ਛੱਡੇ
ਗੋਸ਼ੇ ਖਾਂ ਦਾ ਤੋਰਿਆ ਤੋਪਖਾਨਾ ਮਹਾਰਾਜ ਨੇ ਗੁਸੇ ਨੇ ਖਾ ਛੱਡੇ
ਚਿਮਨੀ ਹੁਕਮ ਸਿੰਘ ਨਾਲ ਤਿਆਰ ਕਰਕੇ ਡੇਰੇ ਰਾਤ ਹੀ ਕੂਚ ਕਰਾ ਛੱਡੇ
ਖੜਗ ਸਿੰਘ ਦੇ ਤਾਬਿਆਦਾਰ ਕਰਕੇ ਫੌਜੀ ਚਾਰ ਹਜਾਰ ਚੜ੍ਹਾ ਛੱਡੇ

ਬਾਰਾਂ ਦਿਨ ਹੈ ਆ ਲੜਾਈ ਕੀਤੀ ਦੋਹਾਂ ਧਿਰਾਂ ਨੇ ਜੰਗ ਮਚਾ ਛੱਡੇ
ਫਤੇ ਹੁੰਦੀ ਨਾ ਦੇਖੀ ਮਹਾਰਾਜ ਜੀ ਨੇ ਫੌਜੀ ਹੋਰ ਨੇ ਪਿਛੋਂ ਪੁਚਾ ਛੱਡੇ
ਨਾਲ ਭੰਗੀਆਂ ਦੀ ਨਾਲੇ ਤੋਪ ਘਲੀ ਖੜੀ ਕਰਕੇ ਗੋਲੇ ਨੇ ਆ ਛੱਡੇ
ਅਜੇ ਕੁਲ ਸਤਾਰਾਂ ਹੀ ਫੈਰ ਕੀਤੇ ਸਾਰੇ ਧਰਤਿ ਅਸਮਾਨ ਕੰਬਾ ਛੱਡੇ
ਗੁਸਾ ਖਾਕੇ ਗੋਸ਼ੇ ਖਾਂ ਵਰਗਿਆਂ ਨੇ ਦਬਾ ਦਬ ਨੇ ਗੋਲੇ ਚਲਾ ਛੱਡੇ
ਬਾਰਾਂ ਬਾਰਾਂ ਕੋਹ ਚਾਰ ਚੁਫੇਰਿਓਂ ਹੀ ਸਾਰੇ ਰੁਖ ਮਕਾਨ ਉਡਾ ਛੱਡੇ
ਗਰਬ ਛਣ ਗਏ ਸੀ ਓਦੋਂ ਔਰਤਾਂ ਦੇ ਆਸ ਪਾਸ ਦੇ ਪਿੰਡ ਸਭ ਠਾਹ ਛੱਡੇ
ਡੰਗਰ ਭਾਂਡੇ ਵਗੈਰਾ ਜਮੀਨ੍ਹ ਉਤੋਂ ਹੇਠਾਂ ਉਤੇ ਉਲਟਾ ਪੁਲਟਾ ਛੱਡੇ
ਤੋਪ ਭੰਗੀਆਂ ਵਾਲੀ ਨੇ ਬਿਸ਼ਨ ਸਿੰਘਾ ਬਸ ਓਦੋਂ ਦੇ ਲੋਕ ਡਰਾ ਛੱਡੇ

{ ਕਿਲਾ ਫਤੇ ਕਰਕੇ ਸਰਦਾਰਾਂਨੂੰ ਕੈਦ ਕਰਕੇ ਲਾਹੌਰ ਪਹੁੰਚਣਾ ਅਤੇ
ਫੇਰ ਏਹੋ ਇਲਾਕਾ ਸ਼ੇਖੂਪੁਰੇ ਦਾ ਮਹਾਰਾਜੇ ਨੇ ਖੜਗ ਸਿੰਘ ਦੀ ਮਾਂ
ਨਕੈਣ ਨੂੰ ਦੇਕੇ ਇਨਾਂ ਸਰਦਾਰਾਂ ਨੂੰ ਨੌਕਰਾਂ ਸਮੇਤ ਨੌਕਰ ਰਖਕੇ
ਖੜਗ ਸਿੰਘ ਦੀ ਤਾਬਿਜਾਦਾਰੀ ਵਿਚ ਸ਼ੇਖੂਪੁਰੇ ਰਖਣਾ }

ਕਿਲਾ ਫਤੇ ਕਰ ਫੜ ਸਰਦਾਰਾਂ ਤਾਈ ਬਸ ਵਿਚ ਲਾਹੌਰ ਪੁਚਾ ਦਿਤਾ
ਮਹਾਰਾਜੇ ਨੇ ਰਾਣੀ ਤੇ ਖੜਗ ਸਿੰਘ ਨੂੰ ਸ਼ੇਖੂਪੁਰੇ ਦਾ ਰਾਜਾ ਬਣਾ ਦਿਤਾ
ਫੇਰ ਸਿੰਘ ਅਮੀਰ ਅਲਬੇਲ ਸਿੰਘ ਨੂੰ ਸਣੇ ਨੌਕਰਾਂ ਏਥੇ ਬਹਾ ਦਿਤਾ
ਬੈਠ ਛਕੋ ਛਕਾਓ ਖਾਂ ਬਿਸ਼ਨ ਸਿੰਘਾ ਮਹਾਰਾਜ ਨੇ ਆਪ ਸੁਣਾ ਦਿਤਾ

{ ਮਹਾਰਾਜ ਨੇ ਸੰ: ੧੮੬੫ ਬਿ: ਵੈਸਾਖ ਸੁਦੀ ੫ ਨੂੰ ਅੰਮ੍ਰਿਤਸਰ
ਦੇ ਕਿਲੇ ਗੋਬਿੰਦ ਗੜ੍ਹ ਦੀ ਨੀਊਂ ਰਖਣੀਂ }

ਅਮ੍ਰਿਤਸਰ ਦੇ ਵਿਚ ਮਹਾਰਾਜ ਜੀ ਨੇ ਗੋਬਿੰਦ ਗੜ੍ਹ ਇਕ ਕਿਲਾ ਬਣਾਇਆ ਏ
ਫੌਜ ਵੀਹ ਹਜਾਰ ਤੇ ਸੌ ਤੋਪਾਂ ਏਥੇ ਰਹਿਣ ਮਹਾਰਾਜ ਸੁਣਾਇਆ ਏ
ਦਸਵਾਂ ਹਿਸਾ ਖਜ਼ਾਨਾ ਸਭ ਆਮਦਨੀ ਦਾ ਏਥੇ ਰਹੇ ਸਰਕਾਰ ਅਲਾਇਆ ਏ
ਏਸੇ ਸਮੇਂ ਅੰਗ੍ਰੇਜ਼ੀ ਵਕੀਲ ਆਯਾ ਤੋਹਫੇ ਲੈਕੇ ਵਿਦਾ ਕਰਾਇਆ ਏ
ਏਸੇ ਸਮੇਂ ਹੀ ਆਪ ਸਰਕਾਰ ਜੀ ਨੇ ਮੋਤੀਰਾਮ ਦੀਵਾਨ ਬਣਾਇਆ ਏ
ਕੁਤਬ ਦੀਨ ਮਮਦੋਟੀਆ ਇਕ ਹੈਸੀ ਬਾਜ ਸਿੰਘ ਇਕ ਬਾਬੂ ਬਣਾਇਆ ਏ
ਦੇਕੇ ਪੰਜ ਹਜਾਰ ਸਵਾਰ ਭਾਰਾ ਮਹਾਰਾਜ ਨੇ ਆਪ ਬਤਾਇਆ ਏ
ਜਾਓ ਜੰਗ ਮੁਲਤਾਨ ਬਹਾਵਲ ਪੁਰ ਨੂੰ ਏਹਨਾਂ ਸੁਣਕੇ ਹੁਕਮ ਵਜਾਇਆ ਏ
ਏਨਾਂ ਤਿਨਾਂ ਮਹੀਨਿਆਂ ਵਿਚ ਆਕੇ ਏਥੋਂ ਆ ਖਰਾਜ ਉਗਰਾਇਆ ਏ
ਫੇਰ ਬਾਦ ਹੀ ਵਿਚ ਲਾਹੌਰ ਆਕੇ ਮਹਾਰਾਜ ਨੂੰ ਗਿਣ ਫੜਾਇਆ ਏ
ਮੁਹਕਮ ਚੰਦ ਦੁਆਬੇ ਦੇ ਦੇਸ ਵਲੋਂ ਛੀ ਲੱਖ ਰੁਪਿਆ ਲੈ ਆਇਆ ਏ
ਮਾਖੋਵਾਲ ਅਨੰਦਪੁਰ ਫਤੇ ਕਰਕੇ ਹਾਜਰ ਹੋਕੇ ਸਿਰ ਨਿਵਾਇਆ ਏ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਮਾਨ ਦੇਕੇ ਕੋਲ ਬਹਾਇਆ ਏ

[ਖੱਤਰੀ ਭਵਾਨੀ ਦਾਸ ਦਫਤਰੀ ਬਣਿਆ]

ਪਾਤਸ਼ਾਹ ਕਾਬਲ ਸ਼ਾਹ ਸ਼ੁਜਾ ਪਾਸੋਂ ਗੁਸੇ ਹੋ ਭਵਾਨੀ ਹੈ ਆ ਗਿਆ
ਬੜਾ ਲੈਕ ਇਹ ਦਫਤਰੀ ਜਾਨ ਕਰਕੇ ਮਹਾਰਾਜ ਨੇ ਮੁਣਸ਼ੀ ਬਣਾ ਲਿਆ
ਸਾਰਾ ਦਫਤਰ ਮਹਾਰਾਜ ਸਪੁਰਦ ਕੀਤਾ ਦੇਕੇ ਮਾਨ ਹੈ ਪਾਸ ਟਿਕਾ ਲਿਆ
ਭਵਾਨੀਦਾਸ ਦਰਬਾਰ ਦਾ ਕੰਮ ਸਾਰਾ ਸੋਹਣਾ ਕੈਦੇ ਅਨੁਸਾਰ ਚਲਾ ਲਿਆ
ਅੰਮ੍ਰਤਸਰ ਸੀ ਪਹਿਲੇ ਖਜਾਨਾ, ਰਹਿੰਦਾ ਹੁਣ ਵਿਚ ਲਾਹੌਰ ਮੰਗਾ ਲਿਆ
ਰਾਮਾਨੰਦ ਦੇ ਪਾਸੋਂ ਹਿਸਾਬ ਸਾਰਾ ਮਹਾਰਾਜ ਨੇ ਆਪ ਚੁਕਾ ਲਿਆ
*ਰਾਮਾਨੰਦ ਤੋਂ ਆਪ ਸਰਕਾਰ ਜੀ ਨੇ ਬੜਾ ਭਾਰਾ ਨੁਕਸਾਨ ਉਠਾ ਲਿਆ
ਕਿਰਪਾ ਨਾਲ ਮਹਾਰਾਜ ਦੀ ਬਿਸ਼ਨ ਸਿੰਘਾ ਰਾਮਾ ਨੰਦ ਨੇ ਸੇਠ ਕਰਾ ਲਿਆ

[ਤਥਾ]

ਹੁਣ ਦਾਸ ਭਵਾਨੀ ਨੇ ਆ ਕਰਕੇ ਕੰਮ ਕਾਇਦੇ ਅਨੁਸਾਰ ਚਲਾਇ ਭਾਈ
ਜਮਾ ਖਰਚ ਵਾਲੇ ਨਾਲੇ ਹਾਜਰੀ ਦੇ ਰੋਜ਼ਨਾਮਚੇ ਰਜਿਸਟਰ ਬਣਾਇ ਭਾਈ
ਸਭਨਾਂ ਕੰਮਾਂ ਦੀ ਹੋਣ ਪੜਤਾਲ ਲੱਗੀ ਲਿਖਣ ਵਾਲੇਨੇ ਮੁਨਸ਼ੀ ਬਹਾਇ ਭਾਈ
ਏਸੇ ਕਰ ਭਵਾਨੀ ਨੇ ਬਿਸ਼ਨ ਸਿੰਘਾ ਬੜੇ ਓਹਦੇ ਨੇ ਏਥੋਂ ਉਠਾਇ ਭਾਈ

[ਕਵੀ]

ਹੁਣ ਸ਼ੇਰ ਪੰਜਾਬ ਦਾ ਨਾਮ ਸੁਨਕੇ ਸਾਰੇ ਲੋਕ ਨੇ ਭੁਰ ਡਰਾ ਉਠੇ
ਦੂਰ ਦੂਰ ਵਲੈਤਾਂ ਦੇ ਤਾਂਈ ਲੋਕੀ ਨਾਮ ਸੁਣਕੇ ਕੰਬ ਕੰਬਾ ਉਠੇ
ਬੜਾ ਹੌਸਲਾ ਦਬ-ਦਬਾ ਦੇਸ ਉਤੇ ਮਹਾਰਾਜ ਦਾ ਲੋਕ ਸਲਾਹ ਉਠੇ
ਨਾਮ ਸ਼ੇਰ ਪੰਜਾਬ ਦਾ ਉੱਘਾ ਹੋਯਾ ਸਾਰੇ ਮੁਲਕਾਂ ਤੇ ਲੋਕ ਗਮ ਖਾ ਉਠੇ
ਕਈ ਦਾਰਾ ਤੇ ਕਈ ਨੌਸ਼ੇਰਵਾਈਂ ਮਹਾਰਾਜ ਦਾ ਨਾਮ ਸੁਣਾ ਉਠੇ
ਕਈ ਨਾਦਰ ਤੇ ਰੁਸਤਮ ਸਕੰਦਰ ਆਖਣ ਕਈ ਗੁਰੂ ਦਸਮੇਸ਼ ਬਤਾ ਉਠੇ
ਕਈ ਆਖਦੇ ਕਲਕੀ ਅਵਤਾਰ ਆਯਾ ਲੋਕ ਕੁਝ ਦਾ ਕੁਝ ਅਲਾ ਉਠੇ
ਬੜੇ ਬੜੇ ਮਹਾਰਾਜੇ ਤੇ ਰਾਜੇ ਆਕੇ ਮਹਾਰਾਜ ਨੂੰ ਸਿਰ ਨਿਵਾ ਉਠੇ
ਧੁੰਮ ਧਾਮ ਸਭ ਦੇਸ ਤੇ ਬੜੀ ਹੋਈ ਦੁਸਮਣ ਸਾਰੇ ਨੇ ਦਿਲ ਜਲਾ ਉਠੇ
ਮਿਤਰ ਹੋਇਨੇ ਖੁਸ਼ੀ ਮਹਾਰਾਜ ਜੀ ਦੇ ਥਾਓਂ ਥਾਂਈਂ ਨੇ ਖੁਸ਼ੀਆਂ ਮਨਾ ਉਠੇ
ਬਹੁਤੇ ਸਿੰਘਾਂ ਨੂੰ ਖਾਸ ਕਰ ਭਾਗ ਲੱਗਾ ਜਗ੍ਹਾ ਜਗ੍ਹਾ ਨੇ ਵਾਜੇ ਵਜਾ ਉਠੇ
ਮਹਾਰਾਜੇ ਸਰਕਾਰ ਨੂੰ ਬਿਸ਼ਨ ਸਿੰਘਾ ਮੁਸਲਮਾਨ ਵੀ ਕਹਿ ਖੁਦਾ ਉਠੇ

---

*ਪਹਿਲੇ ਖਜਾਨਾ ਸਾਰਾ ਅੰਮ੍ਰਤਸਰ ਰਾਮਾਨੰਦ ਸੇਠ ਦੀ ਦੁਕਾਨ ਤੇ ਰਹਿੰਦਾ ਹੁੰਦਾ ਸੀ ਜਦੋਂ ਲੋੜ ਪੈਂਦੀ ਸੀ ਓਥੋਂ ਸਰਕਾਰ ਮੰਗਾ ਲੈਂਦੀ ਸੀ ਇਹ ਹਰ ਸਾਲ ਸਰਕਾਰ ਵਲ ਤੀਹ ਚਾਲੀ ਲਖ ਕਰਜਾ ਚੜ੍ਹਾਈ ਰਖਦਾ ਸੀ ਏਸੇ ਕਨੌਂਡ ਤੇ ਸੇਵਾ ਬਦਲੇ ਸਰਕਾਰ ਨੇ ਇਸਨੂੰ ਲੂਣ ਦੀ ਖਾਣ ਦੇ ਰਖੀ ਸੀ।

{ ਮਹਾਰਾਜ ਪਾਸੋਂ ਸਰਕਾਰ ਕੰਪਨੀ (ਅੰਗ੍ਰੇਜ਼ਾਂ) ਦੀ ਡਰ ਖਾਧਾ
ਅਤੇ ਬੂਨਾਪਾਰਟ ਨਿਪੋਲੀਅਨ ਦਾ ਹਾਲ }

ਸਰਕਾਰ ਕੰਪਨੀ ਦੀ ਮਹਾਰਾਜ ਤਾਂਈ ਬੂਨਾਪਾਰਟ ਨਿਪੋਲੀਅਨ ਜਾਨ ਭਾਈ
ਬੂਨਾਪਾਰਟ ਨਿਪੋਲੀਅਨ ਇਕ ਦੂਜਾ ਮਹਾਰਾਜ ਨੂੰ ਲਿਆ ਪਛਾਨ ਭਾਈ
ਏਸੇ ਸਮੇਂ ਫਰਾਂਸ ਦਾ ਸ਼ਹਿਨਸ਼ਾਹਾ ਗੱਜ ਰਿਹਾ ਸੀ ਬੜਾ ਮਹਾਨ ਭਾਈ
ਬੂਨਾਪਾਰਟ ਨਿਪੋਲੀਅਨ ਨਾਮ ਉਸਦਾ ਹੋਯਾ ਵਿਚ ਫਰਾਂਸ ਬਲਵਾਨ ਭਾਈ
ਕਈਆਂ ਬਾਦਸ਼ਾਹਾਂ ਨੂੰ ਕਰ ਫਤੇ ਲੀਤਾ ਇਸਤੋਂ ਕੰਬਿਆ ਸਭ ਜਹਾਨ ਭਾਈ
ਸ਼ਾਹ ਰੂਸ ਨੂੰ ਵੀ ਇਨ ਜਿੱਤ ਕਰਕੇ ਲਈ ਈਨ ਮਨਾ ਜਵਾਨ ਭਾਈ
ਅਜੇ ਨਾਂਮ ਹੀ ਏਸਨੇ ਹੈ ਲੀਤਾ ਮੈਂ ਦੇਖਣਾ ਹਿੰਦੁਸਤਾਨ ਭਾਈ
ਇਹ ਸੁਣਦਿਆਂ ਸਾਰ ਹੀ ਬਿਸ਼ਨ ਸਿੰਘਾ ਪਈ· ਸੋਚ ਅੰਗ੍ਰੇਜ਼ਾਂ ਨੂੰ ਆਨ ਭਾਈ

[ਤਥਾ]

ਬੂਨਾਪਾਰਟ ਨਿਪੋਲੀਅਨ ਹਾਲ ਸੁਣਕੇ ਸੋਚ ਸੰਦੇ ਅੰਬਾਰ ਆ ਛਾ ਗਏ
ਸਾਰੇ ਬੈਠ ਤਦਬੀਰਾਂ ਨੇ ਸੋਚਣ ਲਗੇ ਸਿਆਣੇ ੨ ਵਜ਼ੀਰ ਨੇ ਆ ਗਏ
ਹਿੰਦੁਸਤਾਨ ਦੀਆਂ ਰੋਕੀਏ ਸਭ ਹੱਦਾਂ ਓੜਕ ਇਹਨੇ ਮਤੇ ਪਕਾ ਲਏ
ਬਿਸ਼ਨ ਸਿੰਘਾ ਅੰਗ੍ਰੇਜ਼ਾਂ ਨੇ ਓਸ ਵੇਲੇ ਸਜਾਣੇ ਤਿੰਨ ਵਕੀਲ ਬੁਲਾ ਲਏ

[ਤਥਾ]

ਏਹੋ ਦਿਤੀ ਸਲਾਹ ਵਕੀਲਾਂ ਤਿੰਨਾਂ ਹਿੰਦੁਸਤਾਨ ਨੂੰ ਦੋਸਤ ਬਣਾ ਲਈਏ
ਜੇਹੜੇ ਜੇਹੜੇ ਨੇ ਹੱਦਾਂ ਦੇ ਉਤੇ ਰਾਜੇ ਪਜਾਰ ਓਨਾਂ ਦ ਨਾਲ ਜਾ ਪਾ ਲਈਏ
ਆਉਣ ਵਾਲੀ ਬਲਾ ਨੂੰ ਰੋਕ ਲਈਏ ਜੋਰ ਅਪਣਾ ਸਾਰਾ ਲਗਾ ਲਈਏ
ਮਦਤਗਾਰ ਬਣਾਕੇ ਬਿਸ਼ਨ ਸਿੰਘਾ ਸਭਨਾ ਨਾਲ ਪਜਾਰ ਵਧਾ ਲਈਏ

[ਤਥਾ]

ਪਹਿਲੇ ਇਕ ਸਰ ਜਾਨ ਮਲ ਕੋਲਮ ਸਾਹਿਬ ਝਟ ਪਟ ਤੂਰਾਨ ਨੂੰ ਧਾ ਗਿਆ
ਮਿਸਟ੍ ਇੰਫਰ ਸਟੋਨ ਵਕੀਲ ਸਾਹਿਬ ਕਾਬਲ ਵਲ ਵਹੀਰ ਹੈ ਪਾ ਗਿਆ
ਤੀਜਾ ਮਿਸਟ੍ ਮਟਕਾਫ ਵਕੀਲ ਸਾਹਿਬ ਦਬਾ ਦਬ ਲਾਹੌਰ ਨੂੰ ਆ ਗਿਆ
ਮੁਹਕਮ ਚੰਦ ਨੇ ਤੇ ਫਤੇ ਸਿੰਘ ਜੀ ਨੇ ਆਦਰ ਕਰ ਵਕੀਲ ਬਹਾ ਲਿਆ
ਮਹਾਰਾਜ ਕਸੂਰ ਜੀ ਗਏ ਹੋਏ ਪਤਾ ਘੱਲਕੇ ਝਟ ਬੁਲਾ ਲਿਆ
ਬਿਸ਼ਨ ਸਿੰਘ ਵਕੀਲ ਨੇ ਹਾਲ ਸਾਰਾ ਮਹਾਰਾਜ ਨੂੰ ਹੈ ਸੁਣਾ ਲਿਆ

{ ੧੨ ਦਸੰਬਰ ੧੮੦੮ ਨੂੰ ਵਕੀਲ ਮਿਸਟਰ ਮਟਕਾਫ
ਸਾਹਿਬ ਦੀ ਮਹਾਰਾਜੇ ਨਾਲ ਮੁਲਕਾਤ ਹੋਈ ਤਦੋਂ ਵਕੀਲ
ਨੇ ਸਰਕਾਰ ਲਾਹੌਰ ਅਗੇ ਨਜ਼ਰ ਰਖਕੇ ਅਰਜ਼ ਕੀਤੀ }

ਸੋਨੇ ਚਾਂਦੀ ਦੇ ਹੌਦਿਆਂ ਸਣੇ ਸੁਹਣੇ ਤਿੰਨ ਹਾਥੀ ਨੇ ਪਹਿਲੇ ਫੜਾਇ ਭਾਈ
ਦੋਂ ਘੋੜਿਆਂ ਸਣੇ ਇਕ ਬੱਘੀ ਦਿਤੀ ਹਥ ਜੋੜ ਫਿਰ ਹਾਲ ਸੁਨਾਇ ਭਾਈ

ਬੂਨਾ ਪਾਰਟ ਨਿਪੋਲੀਅਨ ਆਉਣ ਵਾਲਾ ਤਦੇ ਆਪਦੇ ਪਾਸ ਹਾਂ ਆਇ ਭਾਈ
ਆਪੋ ਵਿਚ ਦੀ ਦੋਸਤੀ ਪਾ ਲਈਏ ਬਿਸ਼ਨ ਸਿੰਘ ਹੁਣ ਬਣ ਹਮਸਾਇ ਭਾਈ

[ਮਹਾਰਾਜ ਨੇ ਗਵਰਮਿੰਟ ਦਾ ਧੰਨਵਾਦ ਕਰਨਾ ਅਤੇ ਆਖਣਾ]

ਮਹਾਰਾਜ ਵਕੀਲ ਦਾ ਹਾਲ ਸੁਣਕੇ ਗਵਰਮਿੰਟ ਦਾ ਸ਼ੁਕਰ ਵਜਾ ਲਿਆ
ਬੂਨਾਪਾਰਟ ਨਿਪੋਲੀਅਨ ਦਾ ਤੁਸੀਂ ਕੋਈ ਫਿਕਰ ਨ ਕਰੋ ਸੁਣਾ ਲਿਆ
ਹੱਦ ਬੰਨਾ ਵੀ ਅਸੀਂ ਹਾਂ ਬੰਨ੍ਹ ਲੈਂਦੇ ਮਹਾਰਾਜ ਨੇ ਆਖ ਬਤਾ ਲਿਆ
ਲਾਟ ਸਾਹਿਬ ਜੋ ਲਿਖਿਆ ਸਿਰ ਮਥੇ ਬਿਸ਼ਨ ਸਿੰਘ ਮਹਾਰਾਜ ਅਲਾ ਲਿਆ

{ ਮਹਾਰਾਜ ਨੇ ਮਾਲਵੇ ਵਲ ਦੌਰਾ ਕਰਕੇ ਸਾਰੇ ਸਿੱਖਾਂ ਸਰਦਾਰਾਂ ਤੋਂ [illegible]ਾ
ਮਨੌਣੀਆਂ ਅਤੇ ਲਿਖਤਾਂ ਕਰੌਣੀਆਂ ਕਿ ਅਸੀਂ ਸਰਕਾਰ ਖਾਲਸਾ
ਦੇ ਤਾਬੇਦਾਰ ਜੈਲਦਾਰ ਖੈਰ ਖਾਹ ਰਹਾਂਗੇ ਅਤੇ ਵਕੀਲ ਮਿਸਟਰ
ਮਟਕਾਫ ਸਾਹਿਬ ਨੂੰ ਆਖਣਾ ਕਿ ਤੁਸੀਂ ਸਹਿਜੇ ਸਹਿਜੇ
ਅਜ਼ੀਜ਼ ਦੀਨ ਨਾਲ ਅਮ੍ਰਿਤਸਰ ਆਓ }

ਮਹਾਰਾਜ ਲਾਹੌਰੋਂ ਤਿਆਰ ਹੋਕੇ ਝਟ ਮਾਲਵੇ ਨੂੰ ਉਠ ਧਾ ਆਏ
ਅਮ੍ਰਿਤਸਰ ਚਲ ਕਰੋ ਅਰਾਮ ਤੁਸੀਂ ਇਹ ਵਕੀਲ ਨੂੰ ਗਲ ਸੁਣਾ ਆਏ
ਇਕ ਲੱਖ ਰੁਪੱਯਾ ਲੈ ਕੋਟਲੇ ਤੋਂ ਅਤਾਉਲਖਾਂ ਨੂੰ ਵਖਤ ਨੇ ਪਾ ਆ
ਦਯਾ ਕੌਰ ਦਾ ਖੋਹਕੇ ਦੇਸ਼ ਸਾਰਾ ਨਾਭੇ ਵਾਲੇ ਨੂੰ ਹੈਣ ਫੜਾ ਆਏ
ਹਰ ਇਕ ਦਾ ਮੁਲਕ ਦਬਾ ਕਰਕੇ ਹਾਕਮ ਆਪਣੇ ਹੈਂਣ ਬਹਾ ਆਏ
*ਸਾਹਿਬ ਸਿੰਘ ਜੋ ਗੁਰੂ ਕੀ ਅੰਸ ਬੇਦੀ ਪ੍ਰੇਮ ਏਸ ਦੀ ਰਾਹੀਂ ਵਧਾ ਆਏ
ਸਾਹਿਬ ਸਿੰਘ ਪਟਿਆਲੇ ਦੇ ਨਾਲ ਆਕੇ ਮਹਾਰਾਜ ਨੇ ਪੱਗ ਵਟਾ ਆਏ
ਘੋੜਾ ਮੰਗਕੇ †ਕਰਮ ਸਿੰਘ ਨਿਰਮਲੇ ਤੋਂ ਮਹਾਰਾਜ ਨੇ ਆਪ ਸਤਾ ਆਏ
ਭਾਵੇਂ ਸਾਰੇ ਹੀ ਸਿਖਾਂ ਸਰਦਾਰਾਂ ਕੋਲੋਂ ਤਾਬੇਦਾਰੀ ਮਹਾਰਾਜ ਮਨਾ ਆਏ
ਅਸੀਂ ਨੌਕਰ ਲਾਹੌਰ ਸਰਕਾਰ ਦੇ ਹਾਂ ਐਥੋਂ ਤਾਕਤਾਂ ਹੈਂਣ ਲਿਖਾ ਆਏ
ਵੱਡੇ ਨਿਕਿਆਂ ਛੋਟਿਆਂ ਮੋਟਿਆਂ ਨੂੰ ਬਸ ਆਪਣੇ ਦਾਸ ਬਣਾ ਆਏ
ਪੱਕੇ ਬਾਨ੍ਹਣੂ ਬੰਨ੍ਹਕੇ ਖੂਬ ਸਾਰੇ ਸਾਰਾ ਮਾਲਵਾ ਹੈਂਣ ਨਿਵਾ ਆਏ

---

*ਸਾਹਿਬ ਸਿੰਘ ਬੇਦੀ ਦੀ ਰਾਹੀਂ ਮਹਾਰਾਜ ਨੇ ਸਾਹਿਬ ਸਿੰਘ ਪਟਿਆਲੇ ਵਾਲੇ ਨਾਲ ਪਗ ਬਦਲੀ ਤੇ ਭਾਈ ਬਣੇ ਤੇ ਇਕਰਾਰ ਕੀਤਾ ਕਿ ਇਕ ਦੂਜੇ ਦੇ ਵਿਰੋਧੀ ਨਹੀਂ ਬਣਨਾ।

†ਕਰਮ ਸਿੰਘ ਨਿਰਮਲੇ ਤੋਂ ਮਹਾਰਾਜੇ ਨੇ ਘੋੜਾ ਮੰਗਿਆ ਤਾਂ ਉਸਨੇ ਨ ਦਿਤਾ ਮਹਾਰਾਜ ਨੇ ਖੋਹਲਿਆ ਨਿਰਮਲੇ ਨੇ ਕਿਹਾ ਹਛਾ ਰਣਜੀਤ ਸਿੰਘਾ ਅਜ ਤੂੰ ਚੰਮ ਦੇ ਦੰਮ ਚਲਾ ਲੈ ਮੈਂ ਤੈਨੂੰ ਮੁੜਕੇ ਸਤਲੁਜ ਨਹੀਂ ਲੰਘਣ ਦੇਣਾ ਸੋ ਠੀਕ ਹੋਇਆ।

ਨਾਲ ਲੈਕੇ ਫੌਜ ਨੂੰ ਬਿਸ਼ਨ ਸਿੰਘਾ ਅਮ੍ਰਿਤਸਰ ਨੂੰ ਘੋੜੇ ਦੂੜਾ ਆਏ
[੪ ਦਸੰਬਰ ੧੮੦੮ ਨੂੰ ਅਮ੍ਰਿਤਸਰ ਪਹੁੰਚੇ]
ਮਹਾਰਾਜ ਮਟਕਾਫ਼ ਦੇ ਕੋਲ ਬਹਿਕੇ ਬੜਾ ਭਾਰਾ ਹੈ ਆਪਣਾ ਹਠ ਫੜਿਆ
ਜਮਨਾ ਤਾਈਂ ਸ੍ਰਕਾਰ ਨੇ ਆਖਿਆ ਹੈ ਹੱਦ ਬੰਨਾਂ ਮੈਂ ਆਪਣਾ ਕਾਯਮ ਕਰਿਆ
ਸਤਲੁਜ ਦਾ ਰੱਖਣਾ ਹੱਦ ਬੰਨਾ ਏਸੇ ਗਲ ਤੇ ਹੈ ਵਕੀਲ ਅੜਿਆ
ਓੜਕ ਮੰਨੀ ਵਕੀਲ ਸਰਕਾਰ ਸੰਦੀ ਬਿਸ਼ਨ ਸਿੰਘ ਪੰਜਾਬ ਹੈ ਆਪ ਮਰਿਆ
[ਕਵੀ]
ਸਾਰੇ ਪੰਥ ਦੇ ਵਿਚ ਹੀ ਫੁੱਟ ਪੈਗਈ ਰਾਵਣ ਮਾਰਿਆ ਘਰ ਦੇ ਭੇਤ ਸੀ ਜੀ
ਜੇਕਰ ਪੰਥ ਦਾ ਅਜ ਇਤਫਾਕ ਰਹਿੰਦਾ ਹੋਜਾਵਣੀ ਪੰਥ ਦੀ ਜੇਤ ਸੀ ਜੀ
ਸਾਰੇ ਸਿਖ ਸਰਦਾਰ ਤੇ ਰਾਜੇ ਵਿਗੜੇ ਲੱਗੀ ਵਾੜ ਹੀ ਖਾਣ ਹੈ ਖੇਤ ਸੀ ਜੀ
ਸਾਰੇ ਸਿੱਖ ਮਹਾਰਾਜ ਦੇ ਬਿਸ਼ਨ ਸਿੰਘਾ ਵੈਰੀ ਬਣੇ ਪਟਿਆਲੇ ਸਮੇਤ ਸੀ ਜੀ
[ਮਲਵਈਆਂ ਨੇ ਵਿਗਾੜ ਪਾਇਆ]
ਸਾਰੇ ਸਿਖ ਮਲਵਈ ਸਰਦਾਰ ਰਾਜੇ ਕੱਠੇ ਹੋ ਪਟਿਆਲੇ ਨੇ ਆਇ ਭਾਈ
ਦਿਨ ਦਿਨ ਵਧਣ *ਰਣਜੀਤ ਸਿੰਘ ਬੜਾ ਲਗਾ ਕੁਝ ਕਰਲੋਇਸਦਾਉਪਾਇ ਭਾਈ
ਏਧਰ ਸੂਰਜ ਦੇ ਵਾਂਗ ਅੰਗ੍ਰੇਜ਼ ਵਧਕੇ ਦਿਨ ਦਿਨ ਰਹੇ ਨੇ ਮੁਲਕ ਦਬਾਇ ਭਾਈ
ਕੀਕੂੰ ਬਚੀਏ †ਸ਼ੇਰਾਂ ਤੋਂ ਬਿਸ਼ਨ ਸਿੰਘਾ ਕੋਈ ਕਰਲੌ ਆਪ ਸਲਾਹਿ ਭਾਈ

---

*ਸਚ ਪੁਛੋਂ ਤਾਂ ਫੂਲਕਿਆਂ ਰਾਜਿਆ ਦਾ ਮਹਾਰਾਜੇ ਰਣਜੀਤ ਸਿੰਘ ਨੇ ਕੁਛ ਨੁਕਸਾਨ ਨਹੀਂ ਕੀਤਾ ਸੀ ਤੇ ਨਾ ਹੀ ਅਜੇ ਬੁਰਾ ਤੱਕਿਆ ਸੀ ਇਹਨਾਂ ਦਾ ਬੁਲਾਇਆ ਹੋਇਆ ਆਯਾ ਜੋ ਦਿਤਾ ਸੋ ਲੈ ਗਿਆ ਸਗੋਂ ਹੋਰਨਾਂ ਦਾ ਰਾਜ ਖੋਹਕੇ, ਨਾਭੇ ਜੀਂਦ ਨੂੰ ਦੇਗਿਆ, ਇਕ ਤਾਂ ਐਸਾ ਮਦਤਗਾਰ ਵਫਾਦਾਰ ਦੂਜੇ ਦੋਹਿਤਵਾਨ, ਤੀਜੇ ਗੁਰ-ਭਾਈ ਜਿਨਾਂ ਨੂੰ ਸੱਕੇ ਵੀਰਾਂ ਨਾਲੋਂ ਅਧਿਕ ਪਿਆਰੇ ਮੰਨਣ ਦਾ ਹੁਕਮ ਗੁਰੂ ਸਾਹਿਬ ਨੇ ਦਿਤਾ ਹੈ ਚੌਥੇ ਆਪਣੇ ਪੰਥ ਵਿਚੋਂ ਪ੍ਰਤਾਪੀ ਪੁਰਖ ਸੀ ਜਿਸਦੀ ਵਡਿਆਈ ਨਾਲ ਆਪ ਵਡੇ ਬਣੀ ਦਾ ਹੈ।

†ਹੋਰ ਤਾਂ ਰਣਜੀਤ ਸਿੰਘ ਵਿਚ ਦੋਸ ਕੋਈ ਨਹੀਂ ਸੀ ਪਰ ਤਿੰਨ ਚਾਰ ਸਬੱਬ ਐਸੇ ਸਨ ਜਿਨ੍ਹਾਂ ਬਦਲੇ ਫੂਲਕਿਆਂ ਰਾਜਿਆਂ ਨੂੰ ਜ਼ਰੂਰ ਅੰਗ੍ਰੇਜ਼ਾਂ ਦੀ ਸਰਨ ਲੈਣੀ ਪਈ, ਇਕ ਤਾਂ ਏਹਨਾਂ ਰਿਆਸਤਾਂ ਵਿਚ ਮੁਸਲਮਾਨ ਮੁਸਾਹਿਬ ਹੁਣ ਵਾਂਗ ਓਦੋਂ ਵੀ ਬਹੁਤ ਸਨ ਕੁਝ ਤਾਂ ਉਨਾਂ ਨੇ ਆਪ ਮੌਜ ਲੁਟਣ ਲਈ ਖਾਲਸੇ ਦਾ ਮੇਲ ਨਾ ਹੋਣ ਦਿੱਤਾ। ਦੂਜੇ ਸਰਕਾਰ ਅੰਗ੍ਰੇਜ਼ੀ ਨੇ ਸਭ ਮੁਲਕਾਂ ਦੇ ਜਿੱਤਣ ਵਿਚ ਉਨ੍ਹਾਂ ਦੀ ਫੁਟ ਤੋਂ ਲਾਭ ਉਠਾਏ ਹਨ ਏਥੇ ਵੀ ਏਨਾਂ ਰਿਆਸਤਾਂ ਦੇ ਮੁਸਲਮਾਨ ਅਹਿਲਕਾਰਾਂਨੇ ਮਲਵਈ ਰਈਸਾਂ ਨੂੰ ਅਨੇਕ ਤਰਾਂ ਦੇ ਰੰਗ ਚੜ੍ਹਾ ਸਰਕਾਰ ਖਾਲਸੇ ਨਾਲੋਂ ਵਿਗਾੜ ਦਿੱਤਾ ਜਿਸ ਵਿਚ ਸਰਕਾਰ ਅੰਗ੍ਰੇਜ਼ੀ–

[ਤਥਾ ਮਲਵਈਆਂ ਦਾ ਗੁਰਮਤਾ]

ਸਾਰੇ ਸਿੱਖਾਂ ਮਲਵਈਆਂ ਗੁਰਮਤਾ ਕਰਕੇ ਆਪੋ ਵਿਚ ਇਹ ਕੀਤਾ ਬਿਆਨ ਹੈ ਜੇ
ਨੀਤੀਵਾਨ ਅੰਗ੍ਰੇਜ਼ ਸੁਜਾਨ ਭਾਰਾ ਹੋਰ ਕੋਈ ਨਾ ਏਹਦੇ ਸਮਾਨ ਹੈ ਜੇ
ਕਰੜਾ ਦੋਸਤ ਰਣਜੀਤ ਸਿੰਘ ਹੇ ਭਾਰੀ ਉਸਦੀ ਦੋਸਤੀ ਵਿਚ ਨੁਕਸਾਨ ਹੈ ਜੇ
ਸ਼ਾਹ ਅੰਗ੍ਰੇਜ਼ ਮਨਜ਼ੂਰ ਹੈ ਬਿਸ਼ਨ ਸਿੰਘਾ ਕੀਤਾ ਸਭ ਨੇ ਇਹ ਬਖਾਨ ਹੈ ਜੇ

{ ੨੧ ਮਾਰਚ ੧੮੦੮ ਨੂੰ ਲਾਲ ਸਿੰਘ, ਰਾਜਾ ਭਾਗ ਸਿੰਘ, ਕਰਮ ਸਿੰਘ ਨਿਰਮਲਾ ਪਟਿਆਲੇ ਵਲੋਂ ਚੈਨ ਸਿੰਘ ਨਾਭੇ ਵਲੋਂ ਮੀਰ ਗੁਲਾਮ ਹਸਨ ਆਦਿਕ ਦਿੱਲੀ ਵਿਚ ਮਿਸਟਰ ਸਟੀਨ ਸਾਹਿਬ ਰੇਜ਼ੀਡੈਂਟ ਪਾਸ ਗਏ }

---

—ਆਪ ਨਿਆਰੀ ਰਹੀ। ਤੀਜਾ ਕਾਰਨ ਇਹ ਸੀ ਕਿ ਸਰਕਾਰ ਖਾਲਸੇ ਨੂੰ ਬੜੀ ਭੈੜੀ ਵਾਦੀ ਪੈ ਰਹੀ ਸੀ ਕਿ ਬਿਨਾਂ ਗੁਨਾਹ ਧੱਕੇ ਨਾਲ ਸਿੱਖਾਂ ਸਰਦਾਰਾਂ ਦੇ ਰਾਜ ਖੋਹਕੇ ਓਹਨਾਂ ਨੂੰ ਟੁਕੜੇ ਤੋਂ ਮੁਤਾਜ ਕਰ ਛੱਡਦਾ ਸੀ, ਏਸ ਭਾਰੀ ਜ਼ੁਲਮ ਨੇ ਮਲਵਈ ਰਈਸਾਂ ਨੂੰ ਡਰਾ ਦਿੱਤਾ ਕਿਉਂਕਿ (ਪਾੜੋਸੀ ਕੇ ਜੋ ਹੂਆ ਤੂੰ ਆਪਣੇ ਵੀ ਜਾਣ) ਭਾਵੇਂ ਸਰਕਾਰ ਖਾਲਸੇ ਦੀ ਮਨਸ਼ਾ ਏਹਨਾਂ ਦੇ ਰਾਜ ਖੋਹਣ ਦੀ ਨਹੀਂ ਸੀ ਪਰ (ਖਾਹ ਨ ਖਾਹ ਬਘਿਆੜਾ ਮੂੰਹ ਲਹੂ ਭਰਿਆ) ਏਸ ਗਲ ਤੋਂ ਸਾਰੇ ਡਰ ਗਏ।

ਸਾਰਿਆਂ ਨੇ ਇਹ ਵਿਚਾਰਿਆ ਕਿ ਮਤਾਂ ਕਿਤੇ ਦੋਵੇਂ ਸ਼ੇਰ ਸਾਨੂੰ ਝੱਪ ਲੈਣ ਤਾਂ ਫੇਰ ਬਿਨਾ ਪਛਤਾਓ ਦੇ ਹੋਰ ਕੁਝ ਨਹੀਂ ਬਣੇਗਾ। ਸੋ ਹੁਣ ਇਕ ਦੀ ਸਰਨ ਲਈ ਬਿਨਾਂ ਸਾਡਾ ਛੁਟਕਾਰਾ ਨਹੀਂ, ਤਾਂਤੇ ਏਹਨਾਂ ਦੋਹਾਂ ਬਾਦਸ਼ਾਹਾਂ ਦੇ ਨਫੇ ਨੁਕਸਾਨ, ਗੁਣ ਔਗੁਣ ਨਿਰਨੇ ਕਰਕੇ ਜਦ ਦੇਖਿਆ ਤਾਂ ਸਰਕਾਰ ਅੰਗ੍ਰੇਜ਼ੀ ਘੱਟ ਹਾਨੀ ਕਾਰਕ ਅਤੇ ਸਰਕਾਰ ਖਾਲਸਾ ਖਤਰਨਾਕ ਹੈ,ਸਭ ਨੇ ਏਹੋ ਆਖਿਆ ਕਿ ਸਰਕਾਰ ਅੰਗ੍ਰੇਜ਼ੀ ਮਨਜ਼ੂਰ ਹੈ।ਰਿੱਛ ਦੀ ਕਹਾਣੀ ਵਾਂਗੂ ਇਕ ਦਮ ਜਾਨ ਲੈਣ ਵਾਲਾ ਸਰਕਾਰ ਖਾਲਸਾ ਸਾਨੂੰ ਕਬੂਲ ਨਹੀਂ।ਅੰਗ੍ਰੇਜ਼ਾਂਦੇ ਗੁਣ—੧ਸੱਤ ਪੀੜ੍ਹੀਏ ਬਾਦਸ਼ਾਹ,੨ ਇਲਮ ਅਕਲ ਇਤਫਾਕਦੇਧਨੀ,੩ ਸੈਨਾਂ ਦੌਲਤ ਮੁਲਕ ਜੰਗ ਦੇ ਸਮਾਨ ਏਹਨਾਂ ਪਾਸ ਸਭ ਤੋਂ ਅਧਿਕ ਹਨ ਜਿਨ੍ਹਾਂ ਨੇ ਟੀਪੂ ਸੁਲਤਾਨ, ਪੂਨੇ ਸਤਾਰੇ ਜੇਹੇ ਮਹਾਰਾਜੇ ਵੀਹ ਵੀਹ ਕਰੋੜ ਦੇ ਮੁਲਕ ਦਸ ਦਸ ਲੱਖ ਫੌਜ ਵਾਲੇ ਅਨੇਕ ਜਿੱਤੇ ਹਨ, ੪ ਬੋਲ ਤੋਲ ਦੇ ਪੂਰੇ, ੫ ਬਿਨਾਂ ਗੁਨਾਹ ਕਿਸੇ ਦਾ ਰਾਜ ਨਹੀਂ ਖੋਂਹਦੇ, ੬ ਗੁਨਾਹੀ ਨੂੰ ਗੁਜ਼ਾਰਾ ਦੇਂਦੇ ਹਨ, ੭ ਕਈ ਵਲੈਤਾਂ ਆਪਣੇ ਮੁਲਕ ਤੋਂ ਵਖਰੀਆਂ ਏਹਨਾਂ ਨੇ ਜਿੱਤੀਆਂ ਹਨ, ਮਹਾਰਾਜ ਰਣਜੀਤ ਸਿੰਘ ਵਿਚ ਸੂਰਬੀਰਤਾ ਤੋਂ ਬਿਨਾਂ ਕੋਈ ਗੁਣ ਏਹਨਾਂ ਜੈਸਾ ਨਹੀਂ ਸੀ।

ਏਨਾਂ ਸਭਨਾਂ ਨੇ ਕਿਹਾ ਹੈ *ਦਿੱਲੀ ਜਾਕੇ ਤੁਸੀ ਆਪਣੀ ਚਰਨੀ ਲਗਾਓ ਸਾਨੂੰ
ਅਸੀ ਦਾਸ ਅੰਗ੍ਰੇਜ਼ ਦੇ ਬਣਨਾ ਚਾਹੁੰਦੇ ਮਹਾਰਾਜ ਦੇ ਕੋਲੋਂ ਬਚਾਓ ਸਾਨੂੰ
ਮਹਾਰਾਜ ਲਾਹੌਰ ਦੇ ਪੰਜੇ ਵਿਚੋਂ ਕਿਰਪਾ ਕਰਕੇ ਤੁਸੀ ਛੁਡਾਓ ਸਾਨੂੰ
ਪੀ ਛੱਡੇਗਾ ਨਹੀਂ ਓਹ ਲਹੂ ਸਾਡਾ ਬਿਸ਼ਨ ਸਿੰਘ ਚਲ ਸੁਖੀ ਵਸਾਓ ਸਾਨੂੰ

{ ਸਰਕਾਰ ਕੰਪਨੀ(ਅੰਗ੍ਰੇਜ਼ਾਂ)ਨੇ ਬੜੀ ਖੁਸ਼ੀ ਨਾਲ ਰਾਜਿਆਂ
ਸਰਦਾਰਾਂ ਦੀ ਅਰਜ਼ ਮੰਨਣੀ ਅਤੇ ਆਪ ਸਰਕਾਰ
ਲਾਹੌਰ ਪਾਸੋਂ ਜਲਦੀ ਫੈਸਲਾ ਮੰਗਣਾ }

ਸਭਨਾਂ ਸਿਖਾਂ ਸਰਦਾਰਾਂ ਤੇ ਰਾਜਿਆਂ ਦੀ ਅਰਜ ਮੰਨਕੇ ਖੁਸ਼ੀ ਮਨਾਈ ਹੈ ਜੋ
ਸਾਰੇ ਸਿਖ ਸਰਕਾਰ ਨੇ ਬਣੇ ਅਪਣੇ ਗਮੀ ਸਾਰੀ ਅੰਗ੍ਰੇਜ਼ਾਂ ਭੁਲਾਈ ਹੈ ਜੋ
ਬੂਨਾਪਾਰਟ ਨਿਪੋਲੀਅਨ ਮਰਗਿਆ ਓਧਰ ਖਬਰ ਵਲੈਤ ਤੋਂ ਆਈ ਹੈ ਜੋ
ਬਸ ਖੁਸ਼ੀ ਨੇ ਬੜੇ ਅੰਗ੍ਰੇਜ਼ ਹੋਏ ਮਹਾਰਾਜ ਨੂੰ ਅਰਜੀ ਲਿਖਾਈ ਹੈ ਜੋ
ਤੁਸੀ ਫੈਸਲਾ ਕਰਕੇ ਘੱਲੋ ਛੇਤੀ ਐਡੀ ਲੰਮੀ ਕਿਉਂ ਗਲ ਵਧਾਈ ਹੈ ਜੋ
ਸਾਰੇ ਸਿਖ ਸਰਕਾਰ ਨੇ ਬਣੇ ਸਾਡੇ ਆਸ ਤੁਸਾਂ ਦੀ ਸਭ ਚੁਕਾਈ ਹੈ ਜੋ
ਸਤਲੁਜ ਦੀ ਹੱਦ ਹੈ ਅਸਾਂ ਦੇਣੀ ਤੁਸਾਂ ਦੇਰ ਕਿਉਂ ਐਡੀ ਲਗਾਈ ਹੈ ਜੋ
ਮਹਾਰਾਜ ਸਰਕਾਰ ਲਾਹੌਰ ਨੂੰ ਆ ਇਹ ਗਲ ਅੰਗ੍ਰੇਜ਼ਾਂ ਸੁਣਾਈ ਹੈ ਜੋ
ਕਰੋ ਫੈਸਲਾ ਹੱਦਾਂ ਤੇ ਬੰਨਿਆਂ ਦਾ ਨਹੀਂ ਤਾਂ ਹੋਵਣੀ ਹੁਣ ਲੜਾਈ ਹੈ ਜੋ
ਮਹਾਰਾਜ ਪਟਿਆਲੇ ਅੰਗ੍ਰੇਜ਼ਾਂ ਵਲੋਂ ਅਜ ਕਲ ਹੀ ਹੋਣੀ ਝੜਾਈ ਹੈ ਜੋ
ਸਤਲੁਜ ਦੀ ਹੱਦ ਹੈ ਕਾਇਮ ਕੀਤੀ ਅਸਾਂ ਝਗੜੇ ਦੀ ਗਲ ਮੁਕਾਈ ਹੈ ਜੋ
ਅਜੇ ਤੀਕ ਵਕੀਲ ਨੂੰ ਮੋੜਿਆ ਨਾ ਤੁਸਾਂ ਐਤਨੀ ਦੇਰ ਕਿਉਂ ਲਾਈ ਹੈ ਜੋ
ਅਰਜੀ ਲਿਖਕੇ ਸਖਤ ਇਹ ਬਿਸ਼ਨ ਸਿੰਘਾ ਝਟ ਪਟ ਲਾਹੌਰ ਪੁਚਾਈ ਹੈ ਜੋ

[ਸਰਕਾਰ ਲਾਹੌਰ ਨੇ ਗੁਸੇ ਹੋਕੇ ਝਟ ਪਟ ਜੰਗ ਦੀ ਤਿਆਰੀ ਕਰਨੀ]

ਮਹਾਰਾਜ ਨੂੰ ਬੜਾ ਹੈ ਗੁਸਾ ਚੜ੍ਹਿਆ ਝਟ ਜੰਗਦੀਆਂ ਕਰੀਆਂ ਤਿਆਰੀਆਂ ਨੀ
ਮੁਹਕਮ ਚੰਦ ਨੂੰ ਚਾਰ ਹਜਾਰ ਦੇਕੇ ਫੌਜਾਂ ਵਿਚ ਫ਼ਿਲੌਰ ਉਤਾਰੀਆਂ ਨੀ
ਤੋਪਾਂ ਵੱਡੀਆਂ ਭਾਰੀਆਂ ਭਾਰੀਆਂ ਨੀ ਗੋਬਿੰਦ ਗੜ੍ਹ ਦੇ ਬੁਰਜਾਂ ਤੇ ਚਾੜ੍ਹੀਆਂ ਨੀ

---

*ਇਸਤੋਂ ਪਹਿਲਾਂ ਸਰਕਾਰ ਕੰਪਨੀ (ਅੰਗ੍ਰੇਜ਼) ਦੇ ਦੂਤ ਜੇਹੜੇ ਮੁਸਲਮਾਨ ਅਹਿਲਕਾਰ ਵਗੈਰਾ ਪਟਿਆਲੇ ਵਿਚ ਰਹਿੰਦੇ ਸ਼ਨ ਜੇਹੜੇ ਆਪੋ ਵਿਚ ਖਾਲਸਾ ਭਾਈਆਂ ਦਾ ਮੇਲ ਹੋਣਾ ਚੰਗਾ ਨਹੀਂ ਸੀ ਸਮਝਦੇ ਅਤੇ ਖੁਫੀਆ ਖੁਫੀਆ ਸਾਰੀਆਂ ਗਲਾਂ ਸਰਕਾਰ ਕੰਪਨੀ ਨੂੰ ਦਿੱਲੀ ਜਾਕੇ ਹਮੇਸ਼ਾਂ ਦਸਦੇ ਹੁੰਦੇ ਸਨ। ਇਕ ਵਾਰੀ ਚੰਗੀ ਤਰਾਂ ਦਿੱਲੀ ਵਿਚ ਜਾਕੇ ਸਰਕਾਰ ਨੂੰ ਦਸ ਆਏ ਸਨ ਕਿ ਅਸੀ ਸਿੱਖਾਂ ਵਿਚ ਫੁਟ ਪਾ ਦਿੱਤੀ ਹੈ ਹੁਣ ਸਿੱਖ ਆਉਣਗੇ ਕਿ ਤੁਸੀ ਸਾਨੂੰ ਸਰਕਾਰ ਲਾਹੌਰ ਪਾਸੋਂ ਬਚਾ ਲਵੋ ਸੋਈਓ ਠੀਕ ਹੋਇਆ।

ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਫੌਜਾਂ ਕੱਠੀਆਂ ਕੀਤੀਆਂ ਸਾਰੀਆਂ ਨੀ

{ਓਧਰ ਮਹਾਰਾਜੇ ਰਣਜੀਤ ਸਿੰਘ ਦੇ ਸੱਕੇ ਮਾਮੇ ਰਾਜੇ ਭਾਗ ਸਿੰਘ ਪਟਿਆਲੇ ਵਾਲੇ ਨੇ ੧੫ ਫਰਵਰੀ ੧੮੦੯ ਈ: ਅਤੇ ੨੧ ਮਾਘ ੧੮੬੫ ਬਿ: ਨੂੰ ਲੁਦੇਹਾਣੇ ਅੰਗ੍ਰੇਜ਼ਾਂ ਦਾ ਝੰਡਾ ਗਡਾ ਦਿਤਾ}

ਭਾਗ ਸਿੰਘ ਪਟਿਆਲੇ ਦਾ ਮਹਾਰਾਜਾ ਲੋਣੀ ਅਕਟਰ ਨੂੰ ਨਾਲ ਲੈ ਆਇਆ ਏ
ਆਪਣੇ ਰਾਜ ਦੇ ਖਾਸ ਇਲਾਕੇ ਅੰਦਰ ਲੁਦੇਹਾਣੇ ਆ ਝੰਡਾ ਗਡਾਇਆ ਏ
ਇਹ ਸੁਣ ਰਣਜੀਤ ਸਿੰਘ ਗੁਸੇ ਹੋਯਾ ਪਰ ਮਲਵਈਆਂ ਅਨੰਦ ਮਨਾਇਆ ਏ
ਵਿਚ ਪੰਥ ਦੇ ਵੇਖਲੈ ਬਿਸ਼ਨ ਸਿੰਘਾ ਗੁਰਾਂ ਕੀ ਦਾ ਕੀ ਬਣਾਇਆ ਏ

{ਅਜੇ ਹੱਦ ਬੰਨੇ ਦਾ ਝਗੜਾ ਹੋ ਹੀ ਰਿਹਾ ਸੀ ਜੋ ਅੰਮ੍ਰਿਤਸਰ ਵਿਚ ਨਿਹੰਗਾਂ ਅਕਾਲੀਆਂ ਨੇ ਇਕ ਚੰਦ ਚਾੜ ਦਿਤਾ}

ਅੰਮ੍ਰਿਤਸਰ ਵਕੀਲ ਦੇ ਨਾਲ ਏਧਰ ਮੁਸਲਮਾਨਾਂ ਦਾ ਟੋਲਾ ਇਕ ਆਯਾ ਹੈਗਾ
ਏਨਾਂ ਕਢਿਆ ਤਾਜੀਆ ਸ਼ੈਹਰ ਵਿਚੋਂ ਗੁਸਾ ਬੜਾ ਅਕਾਲੀਆਂ ਖਾਯਾ ਹੈਗਾ
ਭੰਗ ਘੋਟਣੇ ਫੜ ਨਿਹੰਗਾਂ ਸਿੰਘਾਂ ਭੰਨੇ ਤਾਜੀਏ ਜੰਗ ਮਚਾਇਆ ਹੈਗਾ
ਓੜਕ ਸਿੰਘਾਂ ਨਿਹੰਗਾਂ ਨੂੰ ਬਿਸ਼ਨ ਸਿੰਘਾ ਮੁਸਲਮਾਨਾਂ ਨੇ ਮਾਰ ਭਜਾਯਾ ਹੈਗਾ

[ਤਥਾ]

ਮਹਾਰਾਜ ਰਣਜੀਤ ਸਿੰਘ ਇਹ ਸੁਣਕੇ ਝਟ ਪਟ ਹੈ ਘੋੜਾ ਦੂੜਾ ਲਿਆ
ਜਿਥੇ ਬੈਠਾ ਮਣਕਾਫ ਸੀ ਖਾ ਗੁਸਾ ਮਹਾਰਾਜ ਹੈ ਓਸਥਾਂ ਆ ਗਿਆ
ਮਹਾਰਾਜ ਨੇ ਬੜੀ ਦਨਾਈ ਕਰਕੇ ਝਟ ਪਟ ਵਕੀਲ ਹਸਾ ਲਿਆ
ਹਾਲ ਦਸ ਨਿਹੰਗਾਂ ਦਾ ਬਿਸ਼ਨ ਸਿੰਘਾ ਠੰਡਾ ਕਰ ਵਕੀਲ ਬਹਾ ਲਿਆ

{੨੫ ਅਪ੍ਰੈਲ ੧੮੦੯ ਈ: ਤੇ ਵੈਸਾਖ ੧੮੬੬ ਬਿ: ਨੂੰ ਅਹਿਦਨਾਮਾ(ਨਿਯਮ ਪੱਤ੍ਰ) ਲਿਖਿਆ}

ਓੜਕ ਵਿਗੜ ਜਾਂ ਬੈਠੇ ਮਲਵਈ ਸਾਰੇ ਨਾਲੇ ਜੋਰ ਅੰਗ੍ਰੇਜ਼ਾਂ ਨੇ ਪਾ ਲਿਆ
ਨਾਲੇ ਚਾੜਿਆ ਚੰਦ ਅਕਾਲੀਆਂ ਨੇ ਝਗੜਾ ਖਾਹ ਮੁਖਾਹ ਵਧਾ ਲਿਆ
ਮਹਾਰਾਜ ਨੇ ਸੋਚਕੇ ਸਭ ਗਲਾਂ ਅਹਿਦ ਨਾਮਾ ਹੈ ਲਿਖ ਲਿਖਾ ਲਿਆ
ਮਹਾਰਾਜ ਲਾਹੌਰ ਨੂੰ ਬਿਸ਼ਨ ਸਿੰਘਾ ਮਹਾਰਾਜ ਅੰਗ੍ਰੇਜ਼ ਨਿਵਾ ਲਿਆ

[ਅਹਿਦ ਨਾਮੇ ਦੀਆਂ ਸ਼ਰਤਾਂ]

ਸਜਾ ਪਾਸਾ ਸਤਲੁਜ ਦਾ ਹੈ ਜੇਹੜਾ ਪੈਰ ਏਧਰ ਅੰਗ੍ਰੇਜ਼ ਨ ਧਰਨ ਗੇ ਜੀ
ਖੱਬਾ ਪਾਸਾ ਸਤਲੁਜ ਦਾ ਹੈ ਜੇਹੜਾ ਦਖਲ ਏਧਰ ਮਹਾਰਾਜ ਨ ਕਰਨ ਗੇ ਜੀ
ਦੋਵੇਂ ਜਣੇ ਨੇ ਸਕੇ ਭਰਾ ਬਣੇ ਆਪੋ ਵਿਚ ਦੀ ਕਦੀ ਨ ਲੜਨ ਗੇ ਜੀ
ਆਪੋ ਵਿਚ ਦੀ ਦੋਵੇਂ ਇਹ ਬਿਸ਼ਨ ਸਿੰਘਾ ਲੜਨ ਵਾਸਤੇ ਖੰਡਾ ਨ ਫੜਨ ਗੇ ਜੀ

[ਤਥਾ]

ਇੱਕ ਦੂਸਰੇ ਦੇ ਮਦਤਗਾਰ ਰਹਿਣਾ ਕੋਈ ਦੁਸ਼ਮਨ ਜੇ ਚੜ ਕੇ ਆਵੇ ਜਾਵੀ

ਅਹਿਦਨਾਮੇ ਦੀਆਂਸ਼ਰਤਾਂ ਜੋਲਿੱਖੀਆਂ ਨੇ ਜੇਹੜਾ ਏਨਾਂ ਵਿਚ ਫਰਕ ਹੈ ਪਾਵੇ ਭਾਈ
ਨਾਲੇ ਪਹਿਲਾਂ ਹੈ ਛੇੜੇ ਲੜਾਈ ਜੇਹੜਾ ਨਾਲੇ ਪਹਿਲਾਂ ਹੈ ਤੋਪ ਚਲਾਏ ਭਾਈ
ਜਿਮੇਂਵਾਰ ਓਹ ਹਰਜੇ ਦਾ ਹੋਵੇ ਭਾਰਾ ਤਿੰਨ ਕਰੋੜ ਰੁਪਯਾ ਫੜਾਵੇ ਭਾਈ
ਅਹਿਦ ਨਾਮਾ ਵੀ ਤਦੋਂ ਨਿਕੰਮਾਂ ਹੋਸੀ ਨਵੇਂ ਸਿਰੇ ਫਿਰ ਮੁੜਕੇ ਲਿਖਾਵੇ ਭਾਈ
ਸ਼ਰਤਾਂ ਲਿਖੀਆਂ ਪੱਕੀਆਂ ਬਿਸ਼ਨ ਸਿੰਘਾ ਦੋਹਾਂ ਵਿਚੋਂ ਕੋਈ ਮੁਕਰ ਨ ਜਾਵੇ ਭਾਈ

[ਕਵੀ]

ਅਹਿਦ ਨਾਮੇ ਦੇ ਵਿਚ ਜੋ ਹਾਲ ਲਿਖਿਆ ਚੰਗੀ ਤਰਾਂ ਸੋ ਬਚਨ ਨਿਭਾਯਾ ਦੋਹਾਂ
ਆਪੋ ਵਿਚ ਨ ਕਦੀ ਵਿਗਾੜ ਪਾਏ ਬੜਾ ਭਾਰਾ ਪਿਆਰ ਹੈ ਪਾਯਾ ਦੋਹਾਂ
ਸੱਚੀ ਦੋਸਤੀ ਦੋਸਤਾਂ ਕਾਯਮ ਕਰਕੇ ਸਾਰੇ ਦੇਸ ਨੂੰ ਸੁਖੀ ਵਸਾਯਾ ਦੋਹਾਂ
ਅਤੇ ਆਪ ਵੀ ਭੋਗਿਆ ਸੁਖ ਭਾਰਾ ਬਚਨ ਪਾਲਕੇ ਪੂਰਾ ਵਿਖਾਯਾ ਦੋਹਾਂ
ਦਿਨੋ ਦਿਨੀ ਹੀ ਸਕੇ ਭਰਾਵਾਂ ਵਾਂਗੂ ਆਪੋ ਵਿਚ ਪਿਆਰ ਵਧਾਯਾ ਦੋਹਾਂ
ਹੋਯਾ ਦੇਸ ਬੀ ਸੁਖੀ ਹੈ ਬਿਸ਼ਨ ਸਿੰਘਾ ਏਧਰ ਏਨਾ ਅਨੰਦ ਮਨਾਯਾ ਦੋਹਾਂ

{ਸਰਕਾਰ ਲਾਹੌਰ ਨੇ ਸਤਲੁਜ ਤੋਂ ਪਾਰ ਦੀਆਂ ਫੌਜਾਂ ਬੁਲਾ ਲਈਆਂ ਅਤੇ ਫਿਲੌਰ ਦੀ ਸਿਰਾਂਇ ਕਿਲਾ ਬਣਾਕੇ ਮੁਹਕਮ ਚੰਦ ਨੂੰ ਫੌਜ ਸਮੇਤ ਕਾਇਮ ਕਰਨਾ}

ਮਹਾਰਾਜ ਸਰਕਾਰ ਰਣਜੀਤ ਸਿੰਘ ਨੇ ਪਾਰ ਸਤਲੁਜੋਂ ਫੌਜਾਂ ਬੁਲਾ ਲਈਆਂ
ਧਰਮ ਸਿੰਘ ਨੂੰ ਕੱਢ ਫਲੌਰ ਵਿਚੋਂ ਫੌਜਾਂ ਵਿਚ ਸਿਰਾਂਇ ਬਹਾ ਲਈਆਂ
ਮੁਹਕਮ ਚੰਦ ਨੂੰ ਹਾਕਮ ਹੈ ਕਾਯਮ ਕਰਕੇ ਮਹਾਰਾਜ ਨੇ ਗਲਾਂ ਸੁਣਾ ਲਈਆਂ
ਅੰਮ੍ਰਿਤਸਰ ਗੋਬਿੰਦ ਗੜ੍ਹ ਬਿਸ਼ਨ ਸਿੰਘਾ ਬਹੁਤ ਸਾਰੀਆਂ ਫੌਜਾਂ ਟਿਕਾ ਲਈਆਂ

[ਕਵੀ]

ਏਨਾਂ ਦੋਹਾਂ ਸਰਕਾਰਾਂ ਮਹਾਰਾਜਿਆਂ ਨੇ ਆਪੋ ਵਿਚ ਪਿਆਰ ਜਾਂ ਪਾਯਾ ਸੀਗਾ
ਕਈਆਂ ਦੁਸ਼ਮਣਾਂ ਹੁਲਕਰ ਰੁਹੇਲੇ ਜੇਹਾਂ ਆਪੋ ਵਿਚ ਦੀ ਚਿਤ ਜਲਾਯਾ ਸੀਗਾ
ਕਈ ਵਾਰੀ ਲਾਹੌਰ ਦੇ ਵਿਚ ਆਕੇ ਮਹਾਰਾਜ ਨੂੰ ਬੜਾ ਭੜਕਾਯਾ ਸੀਗਾ
ਦੇਸੋਂ ਕਢੀਏ ਅਸੀ ਫਿਰੰਗੀਆਂ ਨੂੰ ਬਾਰ ਬਾਰ ਆ ਹਾਲ ਸੁਣਾਯਾ ਸੀਗਾ
ਐਪਰ ਇਕ ਨ ਮੰਨੀ ਰਣਜੀਤ ਸਿੰਘਨੇਦਿਨ ਦਿਨ ਬਹੁਤ ਪਿਆਰ ਵਧਾਯਾ ਸੀਗਾ
ਮਹਾਰਾਜ ਅੰਗ੍ਰੇਜ਼ ਦੇ ਉਲਟ ਕੋਈ ਸੁਪਨੇ ਵਿਚ ਖਿਆਲ ਨ ਆਯਾ ਸੀਗਾ
ਮਹਾਰਾਜ ਸਰਕਾਰ ਰਣਜੀਤ ਸਿੰਘ ਨੇ ਨਹੀਂ ਦੁਸ਼ਮਣਾਂ ਨੂੰ ਮੂੰਹ ਲਾਯਾ ਸੀਗਾ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਬਚਨ ਕੀਤਾ ਸੋ ਤੋੜ ਨਿਭਾਯਾ ਸੀਗਾ

{੨੪ ਅਗਸਤ ਸੰ: ੧੮੦੯ ਈ: ਨੂੰ ਮਹਾਰਾਜੇ ਨੇ ਕਾਂਗੜੇ ਦੇ ਕਿਲੇ ਵਿਚ ਆਪਣਾ ਦਖਲ ਕਰਨਾ}

ਅਮਰ ਸਿੰਘ ਜਰਨਲ ਜੇਹੜਾ ਗੋਰਖਾਂ ਦਾ ਜਿਤ ਬੈਠਾ ਪਹਾੜੀਆਂ ਰਾਜਿਆਂ ਨੂੰ
ਸੰਸਾਰ ਚੰਦ ਮਹਾਰਾਜ ਨੂੰ ਧੋਖਾ ਦਿਤਾ ਭੈੜੀ ਵਾਦੀ ਹੈ ਹੋਂਵਦੀ ਬਾਜਿਆਂ ਨੂੰ

ਗੁਸੇ ਹੋ ਮਹਾਰਾਜ ਨੇ ਘੇਰਿਆ ਆ ਜੰਗ ਕਰਦਿਆਂ ਲੜਦਿਆਂ ਤਾਜਿਆਂ ਨੂੰ
ਵੜੇ *ਕਾਂਗੜੇ ਕਿਲੇ ਵਿਚ ਬਿਸ਼ਨ ਸਿੰਘਾ ਕੌਣ ਰੋਕਦਾ ਹੈ ਮਹਾਰਾਜਿਆਂ ਨੂੰ

{ ਮਹਾਰਾਜੇ ਨੇ ਬਘੇਲ ਸਿੰਘ ਦੀ ਰੰਡੀ ਸਰਦਾਰਨੀ ਰਾਮ ਕੌਰ ਦਾ ਹਰਿਆਣਾ ਇਲਾਕਾ ਖੋਹਣਾ }

ਦੋ ਲੱਖ ਦਾ ਮੁਲਕ ਮਹਾਰਾਜੇ ਆਕੇ ਰਾਮ ਕੌਰ ਦਾ ਹੈ ਦਬਾ ਲਿਆ
ਭਵੀ ਲੱਖ ਖਜਾਨਾ ਹਰਿਆਣੇ ਭੂੰਗੇ ਸਾਰਾ ਆਣਕੇ ਗਿਣ ਗਿਣਾ ਲਿਆ
ਹੋਰ ਜੰਗੀ ਸਮਾਨ ਵੀ ਤੋਪਾਂ ਆਦਕ ਮਹਾਰਾਜ ਨੇ ਖੋਹ ਉਠਾ ਲਿਆ
ਕਿਲਾ ਸਾਂਭ ਕੇ ਆਪ ਮਹਾਰਾਜ ਜੀਨੇ ਰਾਮ. ਕੌਰ ਨੂੰ ਕੋਲ ਬੁਲਾ ਲਿਆ
ਦੋ ਪਿੰਡ ਗੁਜਾਰਾ ਮੈਂ ਦੇਂਵਦਾ ਹਾਂ ਮਹਾਰਾਜ ਸਰਕਾਰ ਸੁਣਾ ਲਿਆ
ਰਾਣੀ ਪਿੱਟ ਉਠੀ ਸੁਣਕੇ ਬਿਸ਼ਨ ਸਿੰਘਾਂ ਰੋ ਰੋ ਕੇ ਹਾਲ ਵੰਞਾ ਲਿਆ

{ ਮਹਾਰਾਜ ਨੇਂ ਜੰਮੂੰ ਫਤੇ ਕਰਨਾ ਅਤੇ ਵਜ਼ੀਰਾਬਾਦੋਂ ਨਜਰਾਨਾ ਲੈਣਾ ਸੰ: ੧੮੬੭ ਬਿ: ਵੈਸਾਖ ਨੂੰ ਗੁਜਰਾਤ ਤੇ ਧਾਵਾ }

ਹੁਕਮ ਦਿਤਾ ਭਵਾਨੀ ਨੂੰ ਮਹਾਰਾਜੇ ਫੌਜ ਲੈਕੇ ਜੰਮੂੰ ਤੇ ਚੜ੍ਹਿਆ ਹੈ
ਡੀਡੋ ਸਿੰਘ ਜੋ ਡੋਗਰਾ ਧਾੜਵੀ ਸੀ ਬੜਾ ਨਾਲ ਭਵਾਨੀ ਦੇ ਅੜਿਆ ਹੈ
ਬੜਾ ਲੜਿਆ ਹੈ ਇਕ ਮਹੀਨਾ ਅਗੋਂ ਓੜਕ ਨੱਸ ਪਹਾੜੀਂ ਜਾ ਵੜਿਆ ਹੈ
ਮੁਲਕ ਜ਼ਬਤ ਕਰ ਜੰਮੂੰ ਤੇ ਡੋਗਰੇ ਦਾ ਕਿਲਾ ਸੈਦਗੜ੍ਹ ਕਾਬੂ ਆ ਕਰਿਆ ਹੈ
ਮਾਲ ਸਭ ਭਵਾਨੀ ਨੇ ਡੋਗਰੇ ਦਾ ਮਹਾਰਾਜ ਦੇ ਅੱਗੇ ਆ ਧਰਿਆ ਹੈ
ਜੋਧ ਸਿੰਘ ਵਜ਼ੀਰਾਬਾਦੀਆ ਜੋ ਸੁਣ ਲਿਆ ਸਰਕਾਰ ਨੇ ਮਰਿਆ ਹੈ
ਮਹਾਰਾਜ ਮੁਕਾਣ ਨੇ ਦੇਣ ਆਏ ਗੰਡਾ ਸਿੰਘ ਪੁਤ ਏਸਦਾ ਡਰਿਆ ਹੈ
ਇਕ ਲੱਖ ਰੁਪਯਾ ਹੈ ਦੇ ਦਿਤਾ ਹਿੰਮਤ ਦੇਖਕੇ ਆਪ ਨ ਲੜਿਆ ਹੈ
ਸਾਹਿਬ ਸਿੰਘ ਭੰਗੀ ਗੁਜਰਾਤੀਏ ਨੂੰ ਫੇਰ ਜਾ ਜਲਾਲ ਪੁਰ ਫੜਿਆ ਹੈ
ਓਹ ਨਠ ਇਸਲਾਮ ਗੜ੍ਹ ਵੜਿਆ ਹੈ ਨਾਲ ਕੁਝ ਨ ਆਪਣੇ ਖੜਿਆ ਹੈ
ਮਹਾਰਾਜ ਇਸਲਾਮ ਗੜ੍ਹ ਕਿਲੇ ਉਤੇ ਵਾਂਗ ਬਿਜਲੀ ਆਕੇ ਪੜਿਆ ਹੈ

---

*ਸੰ: ੧੮੬੬ ਬਿ: ਨੂੰ ਗੋਰਖੀਆਂ ਦੇ ਜਰਨੈਲ ਅਮਰ ਸਿੰਘ ਨੇ ਫੇਰ ਪਹਾੜੀ ਰਾਜਿਆਂ ਨੂੰ ਤਿਕੇ ਜਿੱਕਲਾ ਕਾਂਗੜਾ ਆ ਘੇਰਿਆ, ਰਾਜੇ ਸੰਸਾਰ ਚੰਦ ਨੇ ਪਹਿਲੇ ਤਾਂ ਸਰਕਾਰ ਲਾਹੌਰ ਨੂੰ ਸਦ ਲਿਆ ਕਿ ਮੇਰੀ ਸਹੈਤਾ ਕਰੋ ਤੇ ਕਿਲਾ ਕਾਂਗੜਾ ਲੈਲੋ ਫੇਰ ਅਮਰ ਸਿੰਘ ਗੋਰਖੀਏ ਨੂੰ ਆਖਿਆ ਕਿਲਾ ਕਾਂਗੜਾ ਤੂੰ ਲੈਲੈ ਪਰ ਫੌਜ ਮੇਰੇ ਦੇਸ ਵਿਚੋਂ ਲੈਜਾ। ਇਹ ਗੁਸਾ ਕਰਕੇ ਮਹਾਰਾਜੇ ਨੇ ਕਿਲਾ ਕਾਂਗੜਾ ਆਪ ਆ ਫਤੇ ਕੀਤਾ ਤੇ ਦੇਸਾ ਸਿੰਘ ਮਜੀਠੀਏ ਨੂੰ ਚੰਬਾ, ਨੂਰ ਪੁਰ, ਸ਼ਾਹ ਪੁਰ, ਕੋਟਲਾ, ਜਸਰੋਟਾ, ਬਸੋਹਲੀ, ਮਲ ਕੋਟ, ਜਸੂਰਨ, ਸੀਬਾ, ਗੁਲੇਰ, ਕਹਿਲੂਰ, ਮੰਡੀ, ਸੁਕੇਤ, ਕੁਲੂ, ਦਾਤਾਰ ਪੁਰ ਏਨਾਂ ਰਿਆਸਤਾਂ ਦਾ ਸੂਬਾ ਬਣਾ ਦਿਤਾ।

ਸਾਹਿਬ ਸਿੰਘ ਫਿਰ ਏਥੋਂ ਵੀ ਨਠ ਕਰਕੇ ਕਿਲੇ ਮੰਗਲਾ ਦੇ ਵਿਚ ਵੜਿਆ ਹੈ
ਜਾਨ ਲਈ ਬਚਾ ਹੈ ਬਿਸ਼ਨ ਸਿੰਘਾ ਦਿਲ ਬੜਾ ਮਹਾਰਾਜ ਤੋਂ ਸੜਿਆ ਹੈ

[ਫਕੀਰ ਅਜ਼ੀਜ਼ ਦੀਨ ਨੇ ਗੁਜਰਾਤ ਫਤੇ ਕਰਨੀ]

ਲੈਕੇ ਹੁਕਮ *ਅਜ਼ੀਜ਼ ਸਰਕਾਰ ਕੋਲੋਂ ਫਤੇ ਹੈ ਗੁਜਰਾਤ ਨੂੰ ਕਰ ਆਯਾ
ਸਾਹਿਬ ਸਿੰਘ ਦੀ ਫੌਜ ਜੋ ਵਿਚ ਹੈ ਸੀ ਨਾਲ ਓਸਦੇ ਰੱਜਕੇ ਲੜ ਆਯਾ
ਸਾਹਿਬ ਸਿੰਘ ਦਾ ਸਭ ਖਜ਼ਾਨਾ ਲੈਕੇ ਮੁੜਕੇ ਹੈ ਜਲਾਲ ਪੁਰ ਚੜ ਆਯਾ
ਖੁਸ਼ੀ ਹੋਏ ਮਹਾਰਾਜ ਨੇ ਬਿਸ਼ਨ ਸਿੰਘਾ ਜਦੋਂ ਬੋਲੇ ਅਜ਼ੀਜ਼ ਹੈ ਭਰ ਆਯਾ

{ਓੜਕ ਜਦੋਂ ਮਹਾਰਾਜਾ ਸਾਹਿਬ ਸਿੰਘ ਨੂੰ ਕਿਲੇ ਮੰਗਲਾ ਵਿਚੋਂ ਕੱਢਣ ਵਾਸਤੇ ਜਲਾਲ ਪੁਰ ਉਤੇ ਧਾਵਾ ਕਰਨ ਲਗਾ ਤਾਂ ਮਹਾਰਾਜ ਦੀ ਸਕੀ ਭੂਆ ਰਾਜ ਕੌਰ ਨੇ ਗੁਰੂ ਦਾ ਵਾਸਤਾ ਪਾਕੇ ਮਹਾਰਾਜ ਵਲ ਅਰਜੀ ਲਿਖੀ}

ਸੁਣਿਆਂ ਭੂਆ ਨੇ ਜਦੋਂ ਮਹਾਰਾਜ ਆਯਾ ਅਗੋਂ ਆਖਦੀ ਵਾਸਤਾ ਪਾ ਵਾਰੀ
ਤੇਰਾ ਫੁਫੜ ਹੈ ਮਰਨ ਕਿਨਾਰੇ ਬੈਠਾ ਕੁਝ ਏਸਤੇ ਵੀ ਤਰਸ ਖਾ ਵਾਰੀ
ਸਾਰੇ ਮੁਲਕ ਤਾਂ ਸਾਡੇ ਤੂੰ ਖੋਹ ਲੀਤੇ ਹੁਣ ਇਹ ਤੇ ਕਿਲਾ ਦੇ ਜਾ ਵਾਰੀ
ਮੰਨ ਵਾਸਤਾ ਗੁਰਾਂ ਦਾ ਬਿਸ਼ਨ ਸਿੰਘਾ ਸਕੀ ਭੂਆ ਨੂੰ ਨਾ ਸਤਾ ਵਾਰੀ

{ਮਹਾਰਾਜ ਆਪਣੀ ਭੂਆ ਦੇ ਲਿਹਾਜ ਫੁਫੜ ਦਾ ਮੁਲਕ ਛਡਕੇ ਆਪ ਖੁਸ਼ਾਬ ਨੂੰ ਚੜ ਪਏ}

ਫਤੇ ਖਾਂ ਤੋਂ ਆ ਮਹਾਰਾਜ ਜੀ ਨੇ ਕਿਲਾ ਹੈ ਸਜੋਗ ਫੜਾ ਲਿਆ
ਫਤੇ ਖਾਂ ਨੂੰ ਕੈਦ ਕਰ ਮਹਾਰਾਜੇ ਕਿਲੇ ਕਾਂਗੜੇ ਵਿਚ ਪੁਚਾ ਲਿਆ
ਫਤੇ ਖਾਂ ਦਾ ਮੁਲਕ ਅਸਬਾਬ ਸਾਰਾ ਮਹਾਰਾਜ ਨੇ ਆਪ ਦਬਾ ਲਿਆ
ਸ਼ਾਹੀਵਾਲ ਖੁਸ਼ਾਬ ਵੀ ਬਿਸ਼ਨ ਸਿੰਘਾ ਫਤੇ ਸਿੰਘ ਨੇ ਫਤੇ ਕਰਾ ਲਿਆ

[ਮਹਾਰਾਜ ਨਾਲ ਸ਼ਾਹਸ਼ੁਜਾਹ ਕਾਬਲ ਦੇ ਪਾਤਸ਼ਾਹ ਦੀ ਮੁਲਾਕਾਤ]

†ਸ਼ਾਹਸ਼ੁਜਾਹ ਵੀ ਹਾਰ ਵਜ਼ੀਰਾਂ ਕੋਲੋਂ ਮਹਾਰਾਜ ਨੂੰ ਮਿਲਿਆ ਹੈ ਆਪ ਭਾਈ

*ਏਸੇ ਵਾਸਤੇ ਮਹਾਰਾਜ ਨੇ ਖੁਸ਼ੀ ਹੋਕੇ ਅਜ਼ੀਜ਼ ਦੀਨ ਦੇ ਭਾਈ ਨੂੰ ਗੁਜਰਾਤ ਦੀ ਕਾਰਦਾਰੀ ਬਖਸ਼ ਦਿਤੀ।

†ਵਜ਼ੀਰ ਫਤੇ ਮੁਹੰਮਦ ਖਾਂ ਨੇ ਜਮਾਨਸ਼ਾਹ ਨੂੰ ਅੰਨਿਆਂ ਕਰਕੇ ਕਢ ਦਿਤਾ ਸੀ ਜੋ ਰਾਵਲ ਪਿੰਡੀ ਆ ਰਿਹਾ ਸੀ ਅਤੇ ਸਰਕਾਰ ਨੇ ਤਰਸ ਕਰਕੇ ਜਮਾਨ ਸ਼ਾਹ ਦੇ ਪੰਜਾਹ ਰੁਪੈ ਰੋਜ ਦੇ ਖਰਚਣ ਵਾਸਤੇ ਲਾ ਛਡੇ ਸੀ ਜੋ ਹੁਣ ਸ਼ਾਹਸ਼ੁਜਾ ਬੀ ਵਜ਼ੀਰਾਂ ਤੋਂ ਹਾਰ ਖਾਕੇ ਆ ਗਿਆ ਮਹਾਰਾਜ ਨੂੰ ਮਿਲਕੇ ਰਾਵਲ ਪਿੰਡੀ ਆਪਣੇ ਭਰਾ ਜਮਾਨ ਸ਼ਾਹ ਨੂੰ ਜਾ ਮਿਲਿਆ ਓੜਕ ਅਟਕ ਤੇ ਜਦ ਜਾ ਬੈਠਾ ਓਥੋਂ ਦੇ ਪਹਾੜੀ ਲੋਕਾਂ ਨੂੰ ਕਠਿਆਂ ਕਰਕੇ ਸ਼ਾਹਮੁਹੰਮਦ ਖਾਂ ਤੋਂ ਪਸ਼ੌਰ ਜਾ ਛੁਡਾਈ ਛੀਆਂ ਮਹੀਨਿਆਂ ਪਿਛੋਂ ਫਤੇ ਖਾਂ ਵਜ਼ੀਰ ਦੇ ਭਾਈ ਮੁਹੰਮਦ ਅਜ਼ੀਜ਼ ਖਾਂ ਨੇ ਕਾਬਲੋਂ ਆਕੇ ਸ਼ਾਹਸ਼ੁਜਾ ਨੂੰ ਮਾਰ ਕਰ ਫੇਰ ਅਟਕੋਂ ਪਾਰ ਉਤਾਰ ਦਿਤਾ

ਮਹਾਰਾਜੇ ਨੇ ਬੜਾ ਹੈ ਆਦਰ ਕੀਤਾ ਲਗਾ ਕਰਨ ਮਹਾਰਾਜ ਦਾ ਜਾਪ ਭਾਈ
ਬਾਰਾਂ ਸੈ ਰੁਪਯਾ ਲੈ ਆਖਦਾ ਹੈ ਤੇਰਾ ਵਧਦਾ ਰਹੇ ਪਰਤਾਪ ਭਾਈ
ਕੰਢੇ ਅਟਕ ਦੇ ਬੈਠਾ ਜਾ ਬਿਸ਼ਨ ਸਿੰਘਾ ਮਹਾਰਾਜ ਦਾ ਕਰ ਮਿਲਾਪ ਭਾਈ

[ਮਹਾਰਾਜੇ ਨੇ ਭਿੰਬਰ, ਤਲਾਗੰਗ, ਪਲਵਲ ਦਾ ਕਿਲਾ ਫਤੇ ਕਰਨਾ]

ਭਿੰਬਰ ਵਾਲੇ ਸੁਲਤਾਨ ਤੇ ਮਹਾਰਾਜੇ ਫੌਜ ਦੇ ਅਜ਼ੀਜ਼ ਨੂੰ ਤੋਰ ਦਿੱਤਾ
ਤਲਾਗੰਗ ਨੂੰ ਘੇਰਿਆ ਆਪ ਆਕੇ ਸਾਰਾ ਤੋੜ ਪਠਾਣਾ ਦਾ ਜੋਰ ਦਿੱਤਾ
ਦੇਕੇ ਚਾਰ ਹਜ਼ਾਰ ਪਠਾਣਾ ਅੱਗੋਂ ਮਹਾਰਾਜ ਨੂੰ ਪਿਛਾ ਹੈ ਮੋੜ ਦਿੱਤਾ
ਭਿੰਬਰ ਵਾਲੇ ਨੂੰ ਈਨ ਮਨਾ ਕਰਕੇ ਅਜ਼ੀਜ਼ਦੀਨ ਨੇ ਜੋਰ ਹੈ ਤੋੜ ਦਿੱਤਾ
ਪਲ੍ਵਲ ਕਿਲਾ ਛੁਡਾ ਗੁਲਾਬ ਸਿੰਘ ਤੋਂ ਓਧਰ ਏਸ ਇਹ ਕੰਮ ਕਰ ਹੋਰ ਦਿੱਤਾ
ਬਿਸ਼ਨ ਸਿੰਘ ਅਜ਼ੀਜ਼ ਵੀ ਆ ਗਿਆ ਕਿੰਨਾ ਸਾਰਾ ਰੁਪੱਯਾ ਹੈ ਜੋੜ ਦਿੱਤਾ

[ਮਹਾਰਾਜੇ ਨਾਲ ਜਮਾਨ ਸ਼ਾਹ ਕਾਬਲ ਵਾਲੇ ਪਾਤਸ਼ਾਹ ਦੀ ਮੁਲਾਕਾਤ]

ਫਤੇ ਕਰ ਰਈਸਾਂ ਸਾਰਿਆਂ ਨੂੰ ਰਾਵਲਪਿੰਡੀ ਮਹਾਰਾਜ ਨੇ ਆ ਗਏ
ਅੰਨ੍ਹਾ ਹੋਯਾ ਵੇਖ ਜਮਾਨ ਸ਼ਾਹ ਨੂੰ ਤਰਸ ਬਹੁਤ ਮਹਾਰਾਜ ਨੇ ਖਾ ਗਏ
ਤੇਰਾ ਪਰਗਣਾ ਸੱਠ ਹਜ਼ਾਰ ਦਾ ਸੀ ਮਹਾਰਾਜ ਜਗੀਰ ਇਹ ਲਾ ਗਏ
ਗੰਢਾ ਦੇਕੇ ਦੁਸ਼ਮਨ ਨੂੰ ਬਿਸ਼ਨ ਸਿੰਘਾ ਮਹਾਰਾਜ ਲਾਹੌਰ ਨੂੰ ਧਾ ਗਏ

[ਬੁਧ ਸਿੰਘ ਫੈਜੁੱਲਾ ਪੁਰੀਏ ਨੂੰ ਫਤੇ ਕਰਨਾ]

ਬੁਧ ਸਿੰਘ ਜਲੰਧਰ ਫੈਜੁੱਲਾ ਪੁਰੀਆ ਨਹੀਂ ਦੇਂਦਾ ਖਿਰਾਜ ਕੋਈ ਦੱਸ ਆਯਾ
ਜੋਧ ਸਿੰਘ ਤੇ ਫਤੇ ਸਿੰਘ ਮੋਹਕਮ ਚੰਦ ਜੋ ਦਲ ਲੈਕੇ ਲੱਕ ਨੂੰ ਕੱਸ ਆਯਾ
ਬੁਧ ਸਿੰਘ ਲੜਾਈ ਕਰ ਥੋੜੀ ਜੇਹੀ ਸਤਲੁਜ ਤੋਂ ਪਾਰ ਹੈ ਨੱਸ ਆਯਾ
ਮਾਲ ਮੁਲਕ ਸਰਦਾਰ ਦਾ ਖੋਹ ਕਰਕੇ *ਮੋਹਕਮ ਚੰਦ ਹੈ ਖੱਟ ਕੇ ਜੱਸ ਆਯਾ

[ਮਾਘ ਸੰ: ੧੮੬੭ ਬਿ: ਨੂੰ ਖੜਗ ਸਿੰਘ ਸ਼ਾਹਜ਼ਾਦੇ ਦਾ ਵਿਆਹ ਹੋਣਾ]

ਜੈਮਲ ਸਿੰਘ ਦੀ ਧੀ ਚੰਦ ਕੌਰ ਸੰਦਾ ਖੜਗ ਸਿੰਘ ਦੇ ਨਾਲ ਵਿਆਹ ਹੋਯਾ
ਤੀਹ ਲੱਖ ਰੁਪੱਯਾ ਹੈ ਖਰਚ ਆਇਆ ਬੜਾ. ਭਾਰਾ ਹੈ ਆਣ ਉਤਸ਼ਾਹ ਹੋਯਾ
ਅਕਟਰ ਲੋਨੀ ਵੀ ਆਯਾ ਸੀ ਵਿਆਹ ਦੇਖਣ ਦੋਹਾਂ ਧਿਰਾਂ ਨੂੰ ਬੜਾ ਉਮਾਹ ਹੋਯਾ
ਆਏ ਸਾਰੇ ਸਰਦਾਰ ਪੰਜਾਬ ਸੰਦੇ ਬਿਸ਼ਨ ਸਿੰਘ ਸੀ ਵਾਹ ਤੇ ਵਾਹ ਹੋਯਾ

[ਸੰ: ੧੮੬੮ ਬਿ: ਵਿਚ ਮਹਾਰਾਜੇ ਨੇ ਮੁਲਤਾਨ ਤੇ ਚੌਥੀ ਵਾਰ ਚੜ੍ਹਾਈ ਕੀਤੀ]

ਮਹਾਰਾਜੇ ਸਰਕਾਰ ਰਣਜੀਤ ਸਿੰਘ ਦਾ ਚੌਥੀ ਵਾਰ ਮੁਲਤਾਨ ਪਿਆਨ ਹੋਯਾ

---

*ਮੋਹਕਮ ਚੰਦ ਨੇ ਸਰਦਾਰ ਬੁਧ ਸਿੰਘ ਦਾ ਸਾਰਾ ਇਲਾਕਾ ਮਹਾਰਾਜ ਦੇ ਰਾਜ ਨਾਲ ਮਿਲਾ ਦਿੱਤਾ ਅਤੇ ਕਈ ਲੱਖ ਦਾ ਖਜ਼ਾਨਾ ਲਾਹੌਰ ਲੈ ਆਇਆ ਏਸੇ ਕਰਕੇ ਸਰਕਾਰ ਨੇ ਖੁਸ਼ੀ ਹੋਕੇ ਮੋਹਕਮ ਚੰਦ ਨੂੰ ਤਲਵਾੜੇ ਦਾ ਪਰਗਣਾ ਜਗੀਰ ਅਤੇ ਇਕ ਹਾਥੀ ਸੋਨੇ ਦੇ ਹੌਦੇ ਵਾਲਾ ਕੀਮਤੀ ਖਿੱਲਤ ਬਖਸ਼ਿਆ।

ਮੁਜ਼ੱਫਰ ਖਾਂ ਵੀ ਅੱਗੋਂ ਤਿਆਰ ਹੋਯਾ ਪੰਦ੍ਹਾਂ ਦਿਨ ਹੈ ਜੰਗ ਮਹਾਨ ਹੋਯਾ
ਅਤਰ ਸਿੰਘ ਧਾਰੀ ਜੇਹਾ ਜੰਗ ਅੰਦਰ ਮਹਾਰਾਜ ਦਾ ਬਹੁਤ ਜਵਾਨ ਮੋਯਾ
ਨਿਹਾਲ ਸਿੰਘ ਅਟਾਰੀ ਵੀ ਜ਼ਖਮੀ ਹੋਯਾ ਹਰੀਸਿੰਘ ਨਲੂਆ ਜ਼ਖਮੀ ਆਨ ਹੋਯਾ
ਮਹਾਰਾਜੇ ਦਾ ਇਸ ਹੀ ਜੰਗ ਅੰਦਰ ਬੜਾ ਭਾਰਾ ਹੈ ਹੋਰ ਨੁਕਸਾਨ ਹੋਯਾ
ਕਈ ਹੱਲੇ ਕਰਾਏ ਨੇ ਸਿੰਘਾਂ ਸੰਦੇ ਐਪਰ ਕਿਲਾ ਨ ਫਤੇ ਹੈ ਜਾਨ ਹੋਯਾ
ਜਾਨ ਤੋੜਕੇ ਲੜੀ ਹੈ ਫੌਜ ਤੁਰਕੀ ਮੁਜ਼ੱਫਰ ਖਾਂ ਵੀ ਦੇਖ ਕੁਰਬਾਨ ਹੋਯਾ
ਤੋਪ ਭੰਗੀਆਂ ਵਾਲੀ ਵੀ ਰਹਿ ਚੁਕੀ ਮਹਾਰਾਜ ਵੀ ਦੇਖ ਹੈਰਾਨ ਹੋਯਾ
ਤੋਪ ਭੰਗੀਆਂ ਵਾਲੀ ਹੈ ਫੇਰ ਚੱਲੀ ਤੰਗ ਸਾਰਾ ਸ਼ਹਿਰ ਮੁਲਤਾਨ ਹੋਯਾ
ਆਸਾ ਪਾਸਾ ਮੁਲਤਾਨ ਦਾ ਬਿਸ਼ਨ ਸਿੰਘਾ ਉੱਜੜ ਪੁੱਜੜ ਕੇ ਸਭ ਵੈਰਾਨ ਹੋਯਾ

{ਓੜਕ ਮੁਜ਼ੱਫਰ ਖਾਂ ਨੇ ਆਪਣੇ ਸਾਲੇ ਅਬੂਬਕਰ ਨੂੰ ਮਹਾਰਾਜੇ
ਪਾਸ ਗਹਿਣੇ ਪਾਉਣਾ ਤੇ ਆਪਣਾ ਪਿੱਛਾ ਛੁਡਾਉਣਾ}

ਹੱਥ ਜੋੜਕੇ ਸੂਬੇ ਮੁਲਤਾਨ ਵਲੋਂ ਗਲ ਇਹ ਵਕੀਲ ਹੈ ਕਹਿ ਆਯਾ
ਕੋਈ ਰੱਖ ਲੋ ਗਹਿਣੇ ਸਰਬੰਧੀ ਉਸਦਾ ਪੈਸੇ ਵਲੋਂ ਤਾਂ ਸੂਬਾ ਹੈ ਰਹਿ ਆਯਾ
ਅਬੂਬਕਰ ਨੂੰ ਰੱਖ ਕੇ ਗਹਿਣੇ ਓੜਕ ਮਹਾਰਾਜ ਲਾਹੌਰ ਹੈ ਲੈ ਆਯਾ
ਜੰਗ ਜਿੱਤਿਆ ਆਪ ਹੈ ਬਿਸ਼ਨ ਸਿੰਘਾ ਐਪਰ ਆਪ ਵੀ ਦੁਖ ਹੈ ਸਹਿ ਆਯਾ

[ਮਹਾਰਾਜੇ ਨੇ ਅਪਣੀ ਫੌਜ ਨੂੰ ਅੰਗ੍ਰੇਜ਼ੀ ਕਵਾਇਦ ਸਿਖਾਉਣੀ]

ਅਮ੍ਰਿਤਸਰ ਦੇ ਵਿਚ ਸੀ ਤੁਰਕਾਂ ਕੋਲੋਂ ਜਦੋਂ ਹਾਰੇ ਅਕਾਲੀਏ ਭਾਈ ਆਕੇ
ਚੇਤੇ ਰੱਖੀ ਸੀ ਓਦੋਂ ਤੋਂ ਗਲ ਸਾਰੀ ਮਹਾਰਾਜ ਨੇ ਨਹੀਂ ਭੁਲਾਈ ਆਕੇ
ਜੇਹੜੇ ਕੁਵਾਇਦ ਅੰਗ੍ਰੇਜ਼ਾਂ ਤੋਂ ਸਿੱਖ ਆਏ ਰੱਖੇ ਪੂਰਬੀਏ ਓਹ ਸਪਾਹੀ ਆਕੇ
ਬਿਸ਼ਨ ਸਿੰਘ ਅੰਗ੍ਰੇਜ਼ੀ ਕੁਵਾਇਦ ਸਾਰੀ ਆਪਣੀ ਫੌਜ ਨੂੰ ਹੈ ਸਿਖਾਈ ਆਕੇ

[ਦਲ ਸਿੰਘ ਮੁਲਤਾਨ ਤੋਂ ਖਿਰਾਜ ਲੈਣ ਗਿਆ]

ਬੀਤ ਗਏ ਨੇ ਚਾਰ ਮਹੀਨੇ ਆਕੇ ਅਜੇ ਤੀਕ ਖਿਰਾਜ ਨਾ ਆਇਆ ਹੈ
ਦਲ ਸਿੰਘ ਨੂੰ ਦੇਕੇ ਤੋਪਖ਼ਾਨਾ ਮਹਾਰਾਜੇ ਮੁਲਤਾਨ ਚੜ੍ਹਾਇਆ ਹੈ
ਚਾਰ ਪਲਟਨਾ ਨਾਲ ਲੈ ਦਲ ਸਿੰਘ ਜੋ ਬੱਸ ਉਠ ਮੁਲਤਾਨ ਨੂੰ ਧਾਇਆ ਹੈ
ਪਹਿਲੇ ਮਿੱਠੇ ਟਿਵਾਣੇ ਤੇ ਉੱਚ ਨੂੰ ਆ ਦਲ ਸਿੰਘ ਨੇ ਆਪ ਨਿਵਾਇਆ ਹੈ
ਫੇਰ ਪਹੁੰਚਿਆ ਜਦੋਂ ਮੁਲਤਾਨ ਆਕੇ ਸੂਬੇ ਲੇਖਾ ਦੇ ਸਾਲਾ ਛੁਡਾਇਆ ਹੈ
ਮੁੜਦੀ ਵਾਰੀ ਕਮਾਲੀਆ ਫਤੇ ਕਰਕੇ ਡੇਰਾ ਆ ਲਾਹੌਰ ਲੱਗਾਇਆ ਹੈ
ਦਲ ਸਿੰਘ ਸਰਕਾਰ ਤੋਂ ਬਿਸ਼ਨ ਸਿੰਘਾ ਬੜਾ ਭਾਰਾ ਮੁਰਾਤਬਾ ਪਾਇਆ ਹੈ
ਸੁਜਾ ਬਾਦ ਦੇ ਕਿਲੇ ਤੋਂ ਮੁਹਕਮਚੰਦ ਨੇ ਓੜਕ ਹਾਰ ਆ ਮੂੰਹ ਵਿਖਾਇਆ ਹੈ

[ਨਕਈਆਂ ਤੇ ਵਜ਼ੀਰਾ ਬਾਦੀਆਂ ਦੇ ਇਲਾਕੇ ਜ਼ਬਤ ਕਰਨੇ]

ਜੋਧ ਸਿੰਘ ਸਰਦਾਰ ਵਜ਼ੀਰਾ ਬਾਦੀ ਬੜਾ ਭਾਰਾ ਸੀ ਇਹ ਅਮੀਰ ਭਾਈ
ਗੰਡਾ ਸਿੰਘ ਤੇ ਦੂਜੇ ਅਮਰੀਕ ਸਿੰਘ ਜੀ ਦੋ ਪੁਤਰ ਸੀ ਇਸਦੇ ਬਲਬੀਰ ਭਾਈ

ਮੁਲਕ ਏਹਨਾਂ ਦਾ ਜ਼ਬਤ ਕਰ ਮਹਾਰਾਜੇ ਲਾਈ ਦਸ ਹਜ਼ਾਰ ਜਗੀਰ ਭਾਈ
ਏਸੇ ਤਰਾਂ ਹੀ ਨਾਲ ਨਕਈਆਂ ਦੇ ਗਲ ਕੀਤੀ ਸਰਕਾਰ ਅਖੀਰ ਭਾਈ
ਮੁਲਕ ਸਾਰਾ ਨਕਈਆਂ ਦਾ ਖੋਹ ਕਰਕੇ ਕਰ ਦਿੱਤਾ ਹੈ ਵਾਂਗ ਫਕੀਰ ਭਾਈ
ਖੜਗ ਸਿੰਘ ਨੂੰ ਮੁਲਕ ਨਕਈਆਂ ਸੰਦਾ ਦੇ ਦਿੱਤਾ ਮਹਾਰਾਜ ਰਣਧੀਰ ਭਾਈ
ਕਾਨ੍ਹ ਸਿੰਘ ਨੂੰ ਵੀ ਬਹਿੜਵਾਲ ਦਿੱਤਾ ਖਬਰੇ ਜਾਣਕੇ ਆਪਣਾ ਵੀਰ ਭਾਈ
ਕੀਤੇ ਸਿੱਖ ਕੰਗਾਲ ਨੇ ਬਿਸ਼ਨ ਸਿੰਘਾ ਮਹਾਰਾਜ ਰਣਜੀਤ ਸਿੰਘ ਬੀਰ ਭਾਈ

[ਮਹਾਰਾਜ ਨੇ ਬਾਕੀ ਸਰਦਾਰਾਂ ਦੀਆਂ ਜਗੀਰਾਂ ਜ਼ਬਤ ਕਰਨੀਆਂ]

ਮੀਏ ਮੋਟੇ ਭਵਾਨੀ ਨੂੰ ਮਹਾਰਾਜੇ ਤੋਰ ਦਿੱਤਾ ਹੈ ਦੇਕੇ ਦਲ ਪਜਾਰੇ
ਕਰ ਲੈਣ ਪਹਾੜੀਆਂ ਰਾਜਿਆਂ ਤੋਂ ਆਏ ਹੈਨ ਪਹਾੜ ਨੂੰ ਚਲ ਪਜਾਰੇ
ਚਾਰ ਪਲਟਨਾ ਚੋ ਦੋ ਤੋਪਖਾਨੇ ਦਿੱਤਾ ਆਪ ਮਹਾਰਾਜ ਨੇ ਘਲ ਪਜਾਰੇ
ਮੀਆਂ ਮੋਟਾ ਭਵਾਨੀਆ ਬਿਸ਼ਨ ਸਿੰਘਾ ਬੈਠੇ ਹਨ ਪਹਾੜਾਂ ਨੂੰ ਮੱਲ ਪਜਾਰੇ

[ਤਥਾ]

ਮੰਡੀ ਕੋਲੋਂ ਪੰਜਾਹ ਹਜ਼ਾਰ ਲੀਤਾ ਅਤੇ ਕੁੱਲੂ ਤੋਂ ਸੱਤਰ ਹਜ਼ਾਰ ਪਾਯਾ
ਲਿਆ ਸੱਤ ਹਜ਼ਾਰ ਸੁਕੇਤ ਕੋਲੋਂ ਫੇਰ ਅਗ੍ਹਾਂ ਨੂੰ ਉੱਠਕੇ ਦਲ ਧਾਯਾ
ਦਯਾ ਸਿੰਘ ਤੇ ਦੂਜੇ ਗੁਰਬਖਸ਼ ਸਿੰਘ ਨੂੰ ਫੇਰ ਆਕੇ ਸਿੰਘਾਂ ਨੇ ਅੱਗੇ ਲਾਯਾ
ਖੋਹ ਲਿਆ ਹੈ ਕਿਲਾ ਫੀਰੋਜ਼ ਵਾਲਾ ਬਿਸ਼ਨ ਸਿੰਘ ਲਾਹੌਰ ਨੂੰ ਦਲ ਆਯਾ

[ਤਥਾ]

ਮੀਆਂ ਮੋਟਾ ਭਵਾਨੀ ਲਾਹੌਰ ਔਂਦੇ ਇਕ ਹੋਰ ਨੇ ਹੁਕਮ ਵਜਾ ਆਏ
ਜੈ ਸਿੰਘ ਘਨੱਯੇ ਦਾ ਪੁਤਰ ਹਾਠੂ ਨਿਧਾਨ ਸਿੰਘ ਨੂੰ ਦੋਸ਼ ਨੇ ਲਾ ਆਏ
ਜੰਗ ਜਦੋਂ ਮੁਲਤਾਨ ਦਾ ਸੀਗ ਹੋਯਾ ਮੱਦਦ ਕੀਤੀ ਨਾ ਤੂੰ ਸੁਣਾ ਆਏ
ਏਸੇ ਕਰਕੇ ਹੀ ਆਣ ਘੇਰ ਲਿਆ ਜੰਗ ਕਰਕੇ ਫਤੇ ਨੇ ਪਾ ਆਏ
ਕੈਦ ਕਰਕੇ ਓੜਕ *ਨਿਧਾਨ ਸਿੰਘ ਨੂੰ ਲੁਟ ਪੁਟ ਕੇ ਦੇਸ ਨੇ ਖਾ ਆਏ
ਮੁਲਕ ਹਾਜੀਪੁਰ ਆਦਿਕ ਸਭ ਜ਼ਬਤ ਕੀਤਾ ਫੇਰ ਉੱਠ ਦੁਆਬੇ ਨੂੰ ਧਾ ਆਏ
ਹਾਲੋ ਵਾਲੀਏ †ਬਾਘ ਸਿੰਘ ਨਾਲ ਆਕੇ ਏਹੋ ਕੰਮ ਨੇ ਕਰ ਕਰਾ ਆਏ
ਕੈਦ ਕਰਕੇ ਬੰਨ੍ਹ ਲਾਹੌਰ ਆਂਦਾ ਅਪਣੇ ਮੁਲਕ ਨਾਲ ਮੁਲਕ ਰਲਾ ਆਏ

---

*ਓੜਕ ਨਿਧਾਨ ਸਿੰਘ ਹਾਠੂ ਨੂੰ ਜਮੀਤ ਸਿੰਘ ਬੇਦੀ ਅਤੇ ਮੋਲਕ ਰਾਜ ਦੀ ਸਫਾਰਸ਼ ਨਾਲ ਮਹਾਰਾਜ ਛਡ ਕੇ ਥੋੜਾ ਜੇਹਾ ਗੁਜਾਰਾ ਦੇਣ ਲਗੇ, ਉਸਨੇ ਨਾ ਲਿਆ ਅਤੇ ਕਸ਼ਮੀਰ ਦੇ ਸੂਬੇ ਫਤੇ ਖਾਂ ਪਾਸ ਜਾ ਰਿਹਾ।

†ਬਾਘ ਸਿੰਘ ਦੀ ਮਾਈ ਨੇ ਜਦੋਂ ਸਰਕਾਰ ਪਾਸ ਆਣਕੇ ਬਹੁਤ ਮਿਨਤਾਂ ਤਰਲੇ ਕੀਤੇ ਤਾਂ ਮਹਾਰਾਜੇ ਨੇ ਬਾਘ ਸਿੰਘ ਨੂੰ ਛੱਡ ਦਿੱਤਾ ਅਤੇ ਬਿਜਵਾੜ ਵਿਚ ਇਕ ਲੱਖ ਦੀ ਜਗੀਰ ਵੀ ਬਖਸ਼ ਦਿੱਤੀ।

ਜੀਆਂ ਜੋਰਾ ਭਰ ਵਾਲਿਆਂ ਬਿਸ਼ਨ ਸਿੰਘਾ ਆਉਂਦੇ ਇਹ ਕਮਾਈ ਕਮਾ ਆਏ

[ਭਿੰਬਰ ਵਾਲੇ ਸੁਲਤਾਨ ਖਾਨ ਤੇ ਚੜ੍ਹਾਈ]

ਇਸਮਾਈਲ ਤੇ ਭਿੰਬਰ ਸੁਲਤਾਨ ਖਾਂ ਜੋ ਸਕੇ ਵੀਰ ਸੀ ਦੋਵੇਂ ਵਿਚਾਰ ਪਜਾਰੇ
ਇਸਮਾਈਲ ਦਾ ਦੇਸ ਸੁਲਤਾਨ ਖਾਂ ਨੇ ਖੋਹ ਲਿਆ ਹੈ ਕਰ ਹੰਕਾਰ ਪਜਾਰੇ
ਇਸਮਾਈਲ ਸਰਕਾਰ ਦੇ ਪੈਰ ਫੜਕੇ ਅਰਜ਼ ਦਿਤੀ ਹੈ ਸਾਰੀ ਗੁਜ਼ਾਰ ਪਜਾਰੇ
ਮੁਹਕਮ ਚੰਦ ਨੂੰ ਤੇ ਖੜਗ ਸਿੰਘ ਤਾਈਂ ਮਹਾਰਾਜ ਨੇ ਦਿਤਾ ਹੈ ਚਾੜ੍ਹ ਪਜਾਰੇ
ਚਾਰ ਪਲਟਣਾਂ ਤੋਰਿਆ ਤੋਪਖਾਨਾ ਹੋਰ ਪੰਜ ਸੌ ਤੋਰਿਆ ਸਵਾਰ ਪਜਾਰੇ
ਦੋ ਦਿਨ ਹੀ ਅੱਗ ਮਹਾਨ ਬਰਸੀ ਜੰਗ ਹੋਇਆ ਹੈ ਅਪਰ ਅਪਾਰ ਪਜਾਰੇ
ਤੀਜੇ ਦਿਨ ਸੁਲਤਾਨ ਦੀ ਫੌਜ ਸਾਰੀ ਆ ਪਈ ਲਲਕਾਰ ਲਲਕਾਰ ਪਜਾਰੇ
ਸਿੰਘਾਂ ਸ਼ੇਰੇ ਨੇ ਪੈਰ ਉਖੇੜ ਸੁੱਟੇ ਐਸੀ ਕਰੀ ਤਲਵਾਰਦੀ ਮਾਰ ਪਜਾਰੇ
ਸਤ ਰੋਜ਼ ਲੜਾਈ ਨੇ ਲਈ ਆਏ ਤੁਰਕ ਸਿੰਘਾਂ ਨੂੰ ਬਲ ਨੂੰ ਧਾਰ ਪਜਾਰੇ
ਪੰਜਵੇਂ ਦਿਨ ਕਚੀਚੀਆਂ ਸਿੰਘ ਖਾਕੇ ਪਏ ਸ਼ੇਰ ਦੇ ਵਾਂਗ ਭੁਬਕਾਰ ਪਜਾਰੇ
ਤੂੰਬੇ ਦਿਤੇ ਉਡਾ ਪਹਾੜੀਆਂ ਦੇ ਕਰ ਦਿਤੇ ਨੇ ਮਾਰ ਲਾਚਾਰ ਪਜਾਰੇ
ਵਿਚ ਕਿਲੇ ਦੇ ਸੂਬੇ ਨੂੰ ਘੇਰ ਕਰਕੇ ਦਿਤਾ ਸਿੰਘਾਂ ਨੇ ਦੇਸ ਉਜਾੜ ਪਜਾਰੇ
ਤੰਗ ਹੋਇਕੇ ਸੂਬੇ ਸਲਾਨਾ ਦੇਣਾ ਲਿਖ ਦਿਤਾ ਹੈ ਚਾਲੀ ਹਜ਼ਾਰ ਪਜਾਰੇ
ਲਾਕੇ ਮੋੜਿਆ ਭਾਈ ਦਾ ਦੇਸ ਸਾਰਾ ਜਾਨ ਲਈ ਬਚਾ ਨਿਹਾਰ ਪਜਾਰੇ
ਜਿੱਤ ਆਈ ਸਰਕਾਰ ਹੈ ਬਿਸ਼ਨ ਸਿੰਘਾ ਮੁਸਲਮਾਨ ਦੀ ਹੋਈ ਹੈ ਹਾਰ ਪਜਾਰੇ

{ਸੰ: ੧੮੬੯ ਬਿ: ਵਿਚ ਮਹਾਰਾਜੇ ਦੀ ਮਹਮੂਦਸ਼ਾਹ ਕਾਬਲ ਵਾਲੇ
ਬਾਦਸ਼ਾਹ ਨਾਲ ਮੁਲਾਕਾਤ ਹੋਈ}

ਪੰਦਰਾਂ ਵੀਹ ਹਜ਼ਾਰ ਸਵਾਰ ਲੈਕੇ ਕਾਬਲ ਵਲੋਂ ਮਹਮੂਦ ਸ਼ਾਹ ਆਯਾ ਭਾਈ
ਮਹਾਰਾਜਾ ਵਕੀਲ ਨੂੰ ਭੇਜ ਅਗੋਂ ਬਾਦਸ਼ਾਹ ਨੂੰ ਹੈ ਸੁਣਾਯਾ ਭਾਈ
ਤੂੰ ਕਿਸ ਤਰਾਂ ਆਯਾ ਹੈਂ ਚਲ ਏਧਰ ਅਗੋਂ ਇਓਂ ਮਹਮੂਦ ਅਲਾਯਾ ਭਾਈ
ਮੈਂ ਤੁਹਾਡਾ ਨ ਕਰਨ ਵਿਗਾੜ ਆਯਾ ਮੈਨੂੰ ਆਪਣਾ ਕੰਮ ਲਿਆਯਾ ਭਾਈ
ਭਾਵੇਂ ਵਿਚ ਮਹਮੂਦ ਕਹਿ ਘੱਲਯਾ ਹੈ ਫਿਰ ਵੀ ਅਗੋਂ ਮਹਾਰਾਜ ਹੈ ਧਾਯਾ ਭਾਈ
ਰਾਵਲ ਪਿੰਡੀ ਮਹਮੂਦ ਨੂੰ ਮਿਲੇ ਆਕੇ ਮਿਲਕੇ ਬੜਾ ਪਿਆਰ ਵਧਾਯਾ ਭਾਈ
ਆਪੋ ਵਿਚ ਦੀ ਤੋਹਫੇ ਨੇ ਲਏ ਦਿਤੇ ਵੈਰ ਭਾਵ ਨੂੰ ਚਿਤ ਨ ਲਾਯਾ ਭਾਈ
*ਪਾਤਸ਼ਾਹ ਨੂੰ ਮਿਲਕੇ ਬਿਸ਼ਨ ਸਿੰਘਾ ਡੇਰਾ ਆ ਲਾਹੌਰ ਲਗਾਯਾ ਭਾਈ

---

*ਮਹਮੂਦ ਰਾਵਲਪਿੰਡੀ ਤੋਂ ਪਸ਼ਾਵਰ ਨੂੰ ਚਲਾ ਗਿਆ ਓਥੇ ਜਾਕੇ ਜਿਨ੍ਹਾਂ ਜਿਨ੍ਹਾਂ ਲੋਕਾਂ ਨੇ ਸ਼ਾਹ ਸ਼ੁਜਾਹ ਨੂੰ ਮੱਦਤ ਦਿਤੀ ਸੀ ਉਹਨਾਂ ਨੂੰ ਸਜ਼ਾ ਦੇਕੇ ਕਾਬਲ ਨੂੰ ਗਿਆ।

{ ਮਹਾਰਾਜ ਦੇ ਹੁਕਮ ਨਾਲ ਦੇਸਾ ਸਿੰਘ ਮਜੀਠੀਏ ਨੇ
ਕਿਲਾ ਕਟਲੈਹਰ ਦਾ ਫਤੇ ਕੀਤਾ }

ਮਹਕਮ ਚੰਦ ਗੁਜਰਾਤ ਤੋਂ ਉੱਤਰ ਵੱਲੀ ਰਾਜ ਪੂਤਾਂ ਨੂੰ ਜਾ ਦਬਾ ਲਿਆ
ਲੈਕੇ ਚਾਲੀ ਹਜਾਰ ਖਿਰਾਜ ਭਾਰਾ ਡੇਰਾ ਆ ਲਾਹੌਰ ਲਗਾ ਲਿਆ
ਦੇਸਾ ਸਿੰਘ ਨੇ ਕਿਲਾ ਕਟਲੈਹਰ ਸੰਦਾ ਧਿਆਨ ਸਿੰਘ ਤੋਂ ਹੈ ਛੁਡਾ ਲਿਆ
ਦੇਸਾ ਸਿੰਘ ਸਰਕਾਰ ਤੋਂ ਬਿਸ਼ਨ ਸਿੰਘਾ ਬੜਾ ਭਾਰਾ ਮੁਰਾਤਬਾ ਪਾ ਲਿਆ

[ਰਿਆਸਤ ਭਿੰਬਰ ਦੀ ਜ਼ਬਤੀ]

ਜਮਾਦਾਰ ਜਾ ਡੇਉੜੀ ਦੇ ਉਤੇ ਹੋਯਾ ਕਿਸੇ ਆਕੇ ਇਹ ਉਚਾਰਿਆਈ
ਭਿੰਬਰ ਵਾਲੇ ਸੁਲਤਾਨ ਖਾਂ ਕਹਿਰ ਕੀਤਾ ਇਸਮਾਈਲ ਨੂੰ ਜਾਨ ਤੋਂ ਮਾਰਿਆਈ
ਚਾਰ ਪਲਟਨਾਂ ਸੌ ਸਵਾਰ ਦੇਕੇ ਰਾਮ ਸਿੰਘ ਸਰਕਾਰ ਨੇ ਚਾੜ੍ਹਿਆਈ
ਖੜਗ ਸਿੰਘ ਨੂੰ ਵੀ ਨਾਲ ਘੱਲਿਆ ਹੈ ਤੋਪਖਾਨਾ ਵੀ ਚਾੜ੍ਹਿਆ ਪਿਆਰਿਆਈ
ਭਿੰਬਰ ਪਹੁੰਚ ਕੇ ਸਿੰਘ ਜਾ ਲੜੇ ਆਕੇ ਅਗੋਂ ਉਠ ਸੁਲਤਾਨ ਲਲਕਾਰਿਆਈ
ਜ਼ੋਰ ਦੇਕੇ ਐਸਾ ਸੁਲਤਾਨ ਲੜਿਆ ਪੈਰ ਸਿੰਘਾਂ ਦਾ ਆ ਉਖਾੜਿਆਈ
ਮੁਹਕਮ ਚੰਦ ਗੁਜਰਾਤ ਦੀ ਫੌਜ ਲੈਕੇ ਆ ਸ਼ੇਰ ਦੇ ਵਾਂਗ ਭਬਕਾਰਿਆਈ
ਮੁਹਕਮ ਚੰਦ ਦੇ ਅਗੇ ਆ ਬਿਸ਼ਨ ਸਿੰਘਾ ਬਸ ਆ ਸੁਲਤਾਨ ਖਾਂ ਹਾਰਿਆਈ

[ਤਥਾ]

ਲਿਆ ਦੇ ਸੁਲਤਾਨ ਨੂੰ ਬੜਾ ਭਾਰਾ ਮੁਹਕਮ ਚੰਦ ਨੇ ਕਾਬੂ ਹੈ ਕਰ ਆਂਦਾ
ਕੌਰ ਜੀ ਅਖਨੂਰ ਨੂੰ ਜੋਰੀ ਸੰਦੇ ਨਾਲ ਕਈਆਂ ਰਈਸਾਂ ਨੂੰ ਫੜ ਆਂਦਾ
ਹੁਕਮ ਲੈ ਸਰਕਾਰ ਦਾ ਸਿੱਖਾਂ ਸਭਨਾ ਇਹਨਾਂ ਕੈਦੀਆਂ ਨੂੰ ਕੈਦ ਕਰ ਆਂਦਾ
ਨਾਲੇ ਇਹਨਾਂ ਰਈਸਾਂ ਦਾ ਬਿਸ਼ਨ ਸਿੰਘਾ ਜ਼ਬਤ ਕਰਕੇ ਮੁਲਕ ਤੇ ਜ਼ਰ ਆਂਦਾ

{ ੨੧ ਕਤਕ ਸੰ: ੧੮੬੯ ਬਿ: ਨੂੰ ਜੈਮਲ ਸਿੰਘ ਕਨ੍ਹੱਯੇ ਦੇ
ਮੁਲਕ ਦੀ ਜ਼ਬਤੀ ਕਰਨੀ }

ਜੈਮਲ ਸਿੰਘ ਸਹੁਰਾ ਖੜਗ ਸਿੰਘ ਸੰਦਾ ਛਡ ਗਿਆ ਹੈ ਜਦੋਂ ਜਹਾਨ ਭਾਈ
ਰਾਮ ਸਿੰਘ ਨੂੰ ਤਦੋਂ ਸਰਕਾਰ ਜੀ ਨੇ ਦੇਣ ਭੇਜਿਆ ਹੈ ਮੁਕਾਣ ਭਾਈ
ਰਾਮ ਸਿੰਘ ਬਹਾਨੇ ਮੁਕਾਣ ਦੇ ਹੀ ਦਰਸ਼ਨ ਦਿਤੇ ਕਨ੍ਹੱਯਾਂ ਨੂੰ ਆਨ ਭਾਈ
ਭਾਈ ਲੱਖ ਖਜਾਨੇ ਤੋਂ ਕਢਿਆ ਆ ਹੋਰ ਕਰਜਾ ਉਗਰਾਹਿਆ ਮਕਾਨ ਭਾਈ
ਮਾਲ ਮੁਲਕ ਕਨ੍ਹੱਯਾਂ ਦਾ ਜ਼ਬਤ ਕਰਕੇ ਕਰ ਦਿਤਾ ਕੰਗਾਲਾਂ ਸਮਾਨ ਭਾਈ
ਜੈਮਲ ਸਿੰਘ ਦੇ ਤਿੰਨੀਂ ਮਹੀਨੀਂ ਪਿਛੋਂ ਪੁਤ ਜੰਮਿਆਂ ਰਾਣੀ ਨੂੰ ਜਾਨ ਭਾਈ
ਦਿਤੀ ਪੰਦਰਾਂ ਹਜਾਰ ਜਗੀਰ ਮੁੜਕੇ ਉਸ ਪੁਤਰ ਦੇ ਨਾਮ ਪਛਾਨ ਭਾਈ
ਕੀਤੀ ਬੜੀ ਕਮਾਈ ਹੈ ਬਿਸ਼ਨ ਸਿੰਘਾ ਮਹਾਰਾਜ ਸਰਕਾਰ ਸੁਜਾਨ ਭਾਈ

[ਮਹਾਰਾਜ ਨੇ ਕੌਰ ਸ਼ੇਰ ਸਿੰਘ ਨੂੰ ਜਗੀਰ ਦੇਣੀ]

ਨੂਰ ਪੁਰ ਬਸੋਲੀ ਜਸਰੋਟੇ ਵਲੋਂ ਦਲ ਸਿੰਘ ਖਿਰਾਜ ਲੈ ਆ ਗਿਆ

ਨੂਰ ਪੂਰ ਤਦ ਹੋਇਕੇ ਮਹਾਰਾਜੇ ਡੇਰਾ ਆਇਕੇ ਅੰਮ੍ਰਿਤਸਰ ਲਾ ਲਿਆ
ਸਦਾ ਕੋਰ ਲੈ ਆਈ ਹੈ ਦੋਹਤਿਆਂ ਨੂੰ ਮਹਾਰਾਜ ਨੇ ਗੋਦੀ ਬਹਾ ਲਿਆ
ਤਾਰਾ ਸਿੰਘ ਤੇ ਸ਼ੇਰ ਸਿੰਘ ਨਾਮ ਦੋਹਾਂ ਮਹਾਰਾਜ ਨੇ ਮੁਲਕ ਲਗਾ ਲਿਆ
ਸ਼ੇਰ ਸਿੰਘ ਨੂੰ ਬਹੁਤ ਜਗੀਰ ਬਖਸ਼ੀ ਸਦਾ ਕੋਰ ਦਾ ਮਾਨ ਵਧਾ ਲਿਆ
ਸਦਾ ਕੋਰ ਮਹਾਰਾਜ ਨੂੰ ਬਿਸ਼ਨ ਸਿੰਘਾ ਦੋਹਾਂ ਪੁੱਤਰਾਂ ਤਾਂਈਂ ਮਿਲਾ ਲਿਆ

{ ਮਹਮੂਦ ਸ਼ਾਹ ਕਾਬਲ ਦੇ ਪਾਤਸ਼ਾਹ ਦੇ ਵਜ਼ੀਰ ਫਤੇ ਮੁਹੰਮਦਖਾਂ ਨੇ
ਕਸ਼ਮੀਰ ਦੇ ਸੂਬੇ ਅਤਾ ਮੁਹੰਮਦ ਖਾਂ ਉਤੇ ਚੜ੍ਹਾਈ ਕਰਨੀ ਅਤੇ
ਸਰਕਾਰ ਲਾਹੌਰ ਤੋਂ ਮਦਤ ਲੈਣ ਵਾਸਤੇ ਗੁੱਦੜ ਮਲ ਵਕੀਲ ਨੂੰ
੧ ਦਸੰਬਰ ੧੮੧੨ ਈ: ਅਤੇ ਸੰ: ੧੮੬੯ ਬਿ: ਨੂੰ ਘਲਿਆ }

ਗੁੱਦੜ ਮਲ ਵਕੀਲ ਵਜੀਰ ਵੱਲੋਂ ਮਹਾਰਾਜ ਦੇ ਪਾਸ ਚਲ ਆਇਆ ਹੈ
ਸੂਬੇ ਅਤਾ ਮੁਹੰਮਦ ਕਸ਼ਮੀਰ ਵਾਲੇ ਸ਼ਾਹ ਸ਼ੁਜਾ ਨੂੰ ਪਾਸ ਟਿਕਾਇਆ ਹੈ
ਕਿਹਾ ਫਤੇ ਮੁਹੰਮਦ ਖਾਂ ਆਪ ਤਾਂਈਂ ਮਦਤ ਦਿਹੋ ਮੈਂ ਵਾਸਤਾ ਪਾਇਆ ਹੈ
ਨਾਲ ਸੂਬੇ ਕਸ਼ਮੀਰ ਦੇ ਮੈਂ ਲੜਨਾ ਸਾਰਾ ਖੋਲ੍ਹ ਕੇ ਹਾਲ ਸੁਣਾਇਆ ਹੈ
ਤੁਸਾਂ ਬਚਨ ਮਹਮੂਦ ਸ਼ਾਹ ਨਾਲ ਕੀਤਾ ਸਾਰਾ ਪਿਛਲਾ ਹਾਲ ਬਤਾਇਆ ਹੈ
ਇਕ ਦੂਜੇ ਦੀ ਕਰਾਂਗੇ ਮੱਦਤ ਅਸੀ ਰਾਵਲ ਪਿੰਡੀ ਜੋ ਆਪ ਅਲਾਇਆ ਹੈ
ਗੱਲਾਂ ਚੋਪੜੀਆਂ ਕਰ ਮਹਾਰਾਜ ਜੀਨੂੰ ਗੁੱਦੜ ਮਲ ਨੇ ਆਪ ਮਨਾਲਿਆ ਹੈ
ਮਹਾਰਾਜ ਨੇ ਅੰਦਰੋਂ ਬਿਸ਼ਨ ਸਿੰਘਾ ਕੁਝ *ਹੋਰ ਹੀ ਪੱਕ ਪੱਕਾਇਆ ਹੈ
ਫੌਜ ਬਾਰਾਂ ਹਜਾਰ ਕਸ਼ਮੀਰ ਵੱਲੋਂ ਮੁਹਕਮ ਚੰਦ ਦੇ ਨਾਲ ਸਰਕਾਰ ਤੋਰੀ
ਉਤੋਂ ਕਿਹਾ ਵਜ਼ੀਰ ਦੀ ਕਰੋ ਮਦਤ ਵਿਚੋਂ ਹੋਰ ਸਮਝਾਯਾ ਹੈ ਹਾਲ ਚੋਰੀ
ਸ਼ਾਹਸ਼ੁਜਾ ਨੂੰ ਕੁਝ ਨ ਆਖਣਾ ਜੇ ਲੈ ਆਵਣਾ ਪਕੜ ਲਾਹੌਰ ਜੋਰੀ
ਬਸ ਵਲ ਕਸ਼ਮੀਰ ਦੇ ਬਿਸ਼ਨ ਸਿੰਘਾ ਹੈ ਤੋਰਿਆ ਗੁਰਾਂ ਤੇ ਰਖ ਡੋਰੀ

{ ਏਧਰ ਇਹ ਖਬਰ ਸ਼ਾਹਸ਼ੁਜਾ ਦੀ ਬੇਗਮ ਤੁਲੰਭੇ ਵਿਚ
ਸੁਣਕੇ ਡਰੀ (ਕਿ ਮੇਰੇ ਪਤੀ ਨੂੰ ਅਤਾ ਮੁਹੰਮਦ ਖਾਂ ਸਣੇ ਵਜ਼ੀਰ
ਫਤੇ ਮੁਹੰਮਦ ਖਾਂ ਕਾਬੰਲ ਖੜਕੇ ਮਾਰ ਸੁਟੇ ਗਾ) ਸੋਚ ਕੇ
ਸਰਕਾਰ ਲਾਹੌਰ ਨੂੰ ਇਹ ਲਿਖਿਆ }

ਸਾਹਸ਼ੁਜਾ ਦੀ ਬੇਗਮ ਨੇ ਲਿਖਿਆ ਹੈ ਸ਼ੁਕਰ ਆਪਦਾ ਸਦਾ ਵਜਾਊਂਗੀ ਮੈਂ
ਮੇਰੇ ਪਤੀ ਨੂੰ ਤੁਸੀ ਬਚਾਵੋ ਕਿਵੇਂ ਗੁਣ ਤੁਸਾਂ ਦੇ ਸਦਾ ਹੀ ਗਾਊਂਗੀ ਮੈਂ

---

*ਮਹਾਰਾਜ ਨੇ ਉਤੋਂ ਤਾਂ ਵਕੀਲ ਨੂੰ ਹਾਂ ਕਰ ਦਿਤੀ ਪਰ ਵਿਚੋਂ ਪੁਲੀਟੀਕਲ ਹੋਰ ਹੀ ਚਾਲ ਖੇਡੀ ਕਿ ਮੁਹਕਮ ਚੰਦ ਨੂੰ ਸਮਝਾ ਦਿਤਾ ਕਿ ਸ਼ਾਹਸ਼ੁਜਾ ਨੂੰ ਕਿਸੇ ਤਰਾਂ ਮੇਰੇ ਪਾਸ ਲੈ ਆਉਣਾ ਅਤੇ ਦਲ ਸਿੰਘ ਨੂੰ ਨੂਰ ਪੁਰ ਤੋਂ ਸਦਕੇ ਮੁਹਕਮ ਚੰਦ ਦੀ ਕਮਾਨ ਹੇਠਾਂ ੧੨ ਹਜਾਰ ਫੌਜ ਕਸ਼ਮੀਰ ਨੂੰ ਘੱਲੀ।

ਹਥ ਜੋੜ ਕੇ ਏਸ ਉਪਕਾਰ ਬਦਲੇ ਕੋਹ ਨੂਰ ਇਕ ਰਤਨ ਦੇ ਜਾਂਊਂਗੀ ਮੈਂ
ਕਿਹਾ ਬੇਗਮ ਸਰਕਾਰ ਨੂੰ ਬਿਸ਼ਨ ਸਿੰਘਾ ਸਾਰੀ ਉਮਰ ਗੁਲਾਮ ਰਹਾਊਂਗੀ ਮੈਂ

{ਮਹਾਰਾਜ ਨੇ ਇਹ ਸੁਨੇਹਾ ਸੁਣਕੇ ਸ਼ਾਹਸ਼ੁਜਾ ਵਲੋਂ ਮੁਹਕਮ ਚੰਦ ਨੂੰ ਹੋਰ ਪੱਕਿਆਈ ਲਿਖ ਘਲਣੀ ਅਤੇ ਰਜੌਰੀ, ਅਗਰ ਖਾਂ,ਭਿੰਬਰ ਵਾਲੇ ਰਾਜੇ ਕੈਦੋਂ ਛਡਣੇ ਕਿ ਇਸ ਜੰਗ ਵਿਚ ਸਾਡੀ ਮਦੱਤ ਕਰਨੀ}

ਮੁਹਕਮ ਚੰਦ ਨੂੰ ਲਿਖਿਆ ਸਰਕਾਰ ਜੀਨੇ ਸ਼ਾਹਸ਼ੁਜਾ ਨੂੰ ਤੁਸਾਂਬਚਾਂਵਣਾ ਜੇ
ਜਿੱਸ ਕਿਸਤਰਾਂ ਤੋਂ ਹੋ ਸੱਕਦਾ ਏਥੇ ਵਿਚ ਲਾਹੌਰ ਲੈ ਆਂਵਣਾ ਜੇ
ਛਡ ਕੈਦੀਆਂ ਨੂੰ ਕਿਹਾ ਮਹਾਰਾਜੇ ਜਾਓ ਸਾਨੂੰ ਫੈਦਾ ਪਹੁੰਚਾਂਵਣਾ ਜੇ
ਭਿੰਬਰੇ ਅਤੇ ਰਜੌਰੀ ਦੇ ਰਾਹ ਵਿਚੋਂ ਮੇਰੀ ਫੌਜ ਨੂੰ ਤੁਸਾਂ ਲੰਘਾਂਵਣਾ ਜੇ
ਰਸਦ ਪਾਣੀ ਤੇ ਭਾਰ ਬਰਦਾਰੀ ਲੈ ਕੇ ਮੇਰੀ ਫੌਜ ਨੇ ਓਥੋਂ ਜੀ ਜਾਂਵਣਾ ਜੇ
ਜਿਸ ਕਿਸ ਤਰਾਂ ਤੁਸਾਂ ਤੋਂ ਹੋਸੱਕੇ ਸਿਧਾ ਰਾਹ ਕੋਈ ਸਾਨੂੰ ਬਤਾਂਵਣਾ ਜੇ
ਅਗਰ ਖਾਂ ਰਜੌਰੀ ਤੇ ਭਿੰਬਰ ਰਾਜੇ ਗੁਣ ਸਦਾ ਮਹਾਰਾਜ ਦਾ ਗਾਂਵਣਾ ਜੇ
ਆਇ ਛਡਕੇ ਦੇਸ ਨੂੰ ਬਿਸ਼ਨ ਸਿੰਘਾ ਹੁਣ ਕਰ ਉਪਕਾਰ ਵਿਖਾਂਵਣਾ ਜੇ

{ਰਜੌਰੀ ਦੇ ਰਾਜੇ ਨੇ ਸਿਖਾਂ ਦੀ ਫੌਜ ਚੰਗੇ ਸੁਖਾਲੇ ਸਿਧੇ ਰਾਹ ਕਸ਼ਮੀਰ ਪਹੁੰਚਾ ਦੇਣੀ}

ਫੌਜ ਪਹੁੰਚੀ ਜਾ ਪੀਰ ਪੰਜਾਲ ਜਾਕੇ ਬੜੀ ਰੱਬ ਨੇ ਬਰਫ ਹੈ ਪਾ ਦਿਤੀ
ਓਸੇ ਵੇਲੇ ਵਜ਼ੀਰ ਨੇ ਫੌਜ ਅਪਣੀ ਝਟ ਪਟ ਅਗਾਂਹ ਦੁੜਾ ਦਿਤੀ
ਫੌਜ ਬਰਫਾਂ ਵਿਚ ਫਿਰਨ ਸੀ ਗਿਝੀ ਹੋਈ ਏਸੇ ਵਾਸਤੇ ਨਹੀਂ ਅਟਕਾ ਦਿਤੀ
ਅਤੇ ਔਖੀ ਹੈ ਬਣੀ ਪੰਜਾਬੀਆਂ ਨੂੰ ਬਿਪਤਾ ਰੱਬ ਨੇ ਬੜੀ ਵਿਖਾ ਦਿਤੀ
ਮੁਹਕਮ ਚੰਦ ਨੂੰ ਮਿਲ ਰਜੌਰੀ ਵਾਲੇ ਸੁਕੇ ਰਾਹ ਹੈ ਫੌਜ ਲੰਘਾ ਦਿਤੀ
ਦੋਨੋ ਪੰਜੀ ਹਜ਼ਾਰ ਜਗੀਰ ਸਾਰੀ ਮੁਹਕਮ ਚੰਦ ਨੇ ਹੈ ਸੁਣਾ ਦਿਤੀ
ਤੁਸਾਂ ਅਸਾਂ ਤੇ ਬਹੁਤ ਉਪਕਾਰ ਕੀਤਾ ਸਿਧੇ ਰਾਹ ਹੈ ਫੌਜ ਪੁਚਾ ਦਿਤੀ
ਅਪਣੀ ਫੌਜ ਕਸ਼ਮੀਰ ਵਜ਼ੀਰ ਨਾਲੋਂ ਮੁਹਕਮ ਚੰਦ ਨੇ ਅਗੋਂ ਅਪੜਾ ਦਿਤੀ
ਦੇਖ ਕਰ ਵਜ਼ੀਰ ਹੈਰਾਨ ਹੋਯਾ ਤੂੰ ਬਹਾਦਰੀ ਕਿਡੀ ਦਖਾ ਦਿਤੀ
ਓੜਕ ਨਾਲ ਕਸ਼ਮੀਰ ਦੇ ਬਿਸ਼ਨ ਸਿੰਘਾ ਆ ਕਰ ਲੜਾਈ ਮਚਾ ਦਿਤੀ

[ਹੀਰ ਪੁਰ ਦਾ ਜੰਗ ਕਸ਼ਮੀਰ ਨੂੰ ਫਤੇ ਕਰਨਾ]

ਤਿੰਨ ਦਿਨ ਕਸ਼ਮੀਰੀ ਨੇ ਲੜੇ ਭਾਰਾ ਉੱਛਲ ਉੱਛਲ ਕੇ ਗਲ ਨੇ ਆ ਪਏ
ਸੂਤ ਸੂਤ ਕੇ ਸਿੰਘ ਭਗੌਤਿਆਂ ਨੂੰ ਚੌਥੇ ਦਿਨ ਹੁਣ ਗੱਜਕੇ ਜਾ ਪਏ
ਨਾਨੀ ਸੁਪਨੇ ਹੈ ਆਈ ਪਠਾਣਾਂ ਤਾਈਂ ਖਬਰੇ ਨੱਠਕੇ ਕੇਹੜੇ ਨੇ ਰਾਹ ਪਏ
ਚੇਤੇ ਕਰੋਗੇ ਤੁਸੀ ਵੀ ਬਿਸ਼ਨ ਸਿੰਘਾ ਅਜ ਸਿੰਘਾਂ ਦੇ ਨਾਲ ਨੇ ਵਾਹ ਪਏ

ਅਬਦੁਲ ਖਾਂਨ ਦਾ ਜਦੋਂ ਭਤੀਜਾ ਮਰਿਆ ਸ਼ੇਰਗੜ੍ਹੀ ਦੇ ਵਿਚ ਹੈ ਜਾ ਵੜਿਆ
ਮੁਹਕਮ ਚੰਦ ਵਜ਼ੀਰ ਦਾ ਹੁਕਮ ਲੈਕੇ ਸਾਰੇ ਕਿਲੇ ਨੂੰ ਘੇਰਾ ਹੈ ਆ ਕਰਿਆ
ਸਿੰਘ ਚਾਰ ਚੁਫੇਰੇ ਹੀ ਬੜੇ ਬੈਠੇ ਦੇਖ ਅਤਾ ਮਹੰਮਦ ਹੈ ਬੜਾ ਡਰਿਆ
ਅੰਦਰ ਬੈਠਾ ਹੀ ਸੋਚਦਾ ਬਿਸ਼ਨਸਿੰਘਾ ਸਾਥੋਂ ਜਾਣਾ ਨਾ ਸਿੰਘਾਂ ਦੇ ਨਾਲ ਲੜਿਆ

{ ਉਰਫ਼ ਅਤਾ ਮਹੰਮਦ ਖਾਂ ਕਸ਼ਮੀਰ ਦੇ ਸੂਬੇ ਨੇ ਮੁਹਕਮ ਚੰਦ
ਪਾਸ ਇਹ ਸੁਨੇਹਾ ਭੇਜਣਾ }

ਮੁਹਕਮ ਚੰਦ ਨੂੰ ਅਤਾ ਮੁਹੰਮਦ ਕਹਿੰਦਾ ਗਲ ਆਪਣੇ ਨਾਲ ਲਗਾ ਲੌ ਜੇ
ਅਸੀ ਦੋਵੇਂ ਹਾਂ ਤੁਸਾਂ ਦੇ ਪਾਸ ਆਉਂਦੇ ਬੇਨਾਂ ਸ਼ੇਰਾਂ ਤੋਂ ਸਾਨੂੰ ਛੁਡਾ ਲੌ ਜੇ
ਕਿਲਾ ਅਟਕ ਦਾ ਦੇਵਾਂ ਸਰਕਾਰ ਜੀ ਨੂੰ ਇਸ ਵਜ਼ੀਰ ਤੋਂ ਸਾਨੂੰ ਬਚਾ ਲੌ ਜੇ
ਸ਼ਾਹਸੁਜਾਹ ਸਮੇਤ ਮੈਂ ਆ ਜਾਵਾਂ ਬਾਂਹ ਫੜਕੇ ਲਾਜ ਰਖਾ ਲੌ ਜੇ
ਧਰ ਪਈਏ ਧਰਮ ਨ ਛੋੜੀਏ ਜੀ ਨਾਵੇਂ ਗੁਰੂ ਦਾ ਬਚਨ ਕਮਾ ਲੌ ਜੇ
ਤੁਸੀਂ ਤੇ ਦੋਵੇਂ ਹੀ ਅਸੀ ਹਾਂ ਆ ਜਾਂਦੇ ਆਪਨੇ ਚਰਨ ਤੇ ਅਸਾਂ ਨੂੰ ਪਾ ਲੌ ਜੇ
ਵਿਚ ਤੁਸਾਂ ਦੇ ਭੱਜਕੇ ਆ ਜਾਈਏ ਵਜ ਮਾਰਕੇ ਆਪ ਬੁਲਾ ਲੌ ਜੇ
ਕਿਲਾ ਅਟਕ ਦਾ ਦਿਆਂਗੇ ਬਿਸ਼ਨ ਸਿੰਘਾ ਸਾਨੂੰ ਆਪਣੇ ਦਾਸ ਬਣਾ ਲੌ ਜੇ

{ ਮੁਹਕਮ ਚੰਦ ਨੇ ਅਤਾ ਮੁਹੰਮਦ ਤੇ ਸ਼ਾਹਸੁਜਾਹ ਨੂੰ ਆਪਣੇ ਪਾਸ
ਬੁਲਾ ਲੈਣਾ ਅਤੇ ਵਜ਼ੀਰ ਫਤੇ ਮੁਹੰਮਦ ਖਾਂ ਨੇ ਬੜੇ ਸੜਨਾ }

ਸ਼ਾਹਸੁਜਾ ਤੇ ਅਤਾ ਮੁਹੰਮਦ ਖਾਂ ਨੂੰ ਮੁਹਕਮ ਚੰਦ ਨੇ ਪਾਸ ਬੁਲਾ ਲਿਆ
ਕਾਰਨ ਦੇਖ ਇਹ ਫਤੇ ਮੁਹੰਮਦ ਖਾਂ ਨੇ ਗੁੱਸਾ ਬਹੁਤ ਹੀ ਮੰਨ ਹੈ ਖਾ ਲਿਆ
ਬਹੁਤ ਕਿਹਾ ਤੂੰ ਦੇ ਦੋਵੇਂ ਵੈਰੀ ਮੇਰੇ ਮੁਹਕਮ ਚੰਦ ਜਵਾਬ ਸੁਣਾ ਲਿਆ
ਪੁਛ ਲਵਾਂ ਸਰਕਾਰ ਤੋਂ ਬਿਸ਼ਨ ਸਿੰਘਾ ਮੁਹਕਮ ਚੰਦ ਨੇ ਹੈ ਅਲਾ ਲਿਆ

{ ਇਹ ਸਾਰਾ ਹਾਲ ਮੁਹਕਮ ਚੰਦ ਨੇ ਸਰਕਾਰ ਨੂੰ ਲਿਖਣਾ ਅਤੇ
ਸਰਕਾਰ ਨੇ ਬੜੀ ਖੁਸ਼ੀ ਨਾਲ ਆਖਣਾ ਕਿ ਅਤਾ ਮੁਹੰਮਦ ਪਾਸੋਂ
ਕਿਲਾ ਅਟਕ ਦਾ ਲੈ ਲੌ ਤੇ ਸ਼ਾਹਸੁਜਾਹ ਨੂੰ ਮੇਰੇ ਪਾਸ ਲਾਹੌਰ
ਲੈ ਆਵੋ ਅਤੇ ਏਧਰੋਂ ਫਕੀਰ ਅਜ਼ੀਜ਼ ਦੀਨ ਨੂੰ ਭੇਜ ਦਿਤਾ ਕਿ
ਤੂੰ ਕਿਲੇ ਅਟਕ ਤੇ ਕਬਜਾ ਕਰ ਸੋ ਇਹ ਸਾਰੇ ਕੰਮ ਹੋਗਏ }

ਮੁਹਕਮ ਚੰਦ ਨੇ ਖੋਹਲਕੇ ਹਾਲ ਸਾਰਾ ਮਹਾਰਾਜ ਨੂੰ ਏਹ ਲਿਖਾਇਆ ਏ
ਮਹਾਰਾਜ ਵੀ ਸੁਣਕੇ ਹਾਲ ਸਾਰਾ ਝਟ ਪਟ ਜਵਾਬ ਪਹੁੰਚਾਇਆ ਏ
ਚਾਰ ਪਲਟਣਾਂ ਦੇਕੇ ਤੋਪਖਾਨਾ ਅਟਕ ਵਲ ਅਜ਼ੀਜ਼ ਪਠਾਇਆ ਏ
ਕਿਲਾ ਅਟਕ ਅਜ਼ੀਜ਼ ਨੇ ਕਬਜੇ ਕਰਕੇ ਵਿਚ ਸਿੰਘਾਂ ਦਾ ਦਲ ਬਹਾਇਆ ਏ
ਸ਼ਾਹਸ਼ੁਜਾ ਨੂੰ ਆਪਣੇ ਨਾਲ ਲੈਕੇ ਮੁਹਕਮ ਚੰਦ ਲਾਹੌਰ ਵੀ ਆਇਆ ਏ
ਖੜਗ ਸਿੰਘ ਨੇ ਕਰੀ ਹੈ ਪੇਸ਼ਵਾਈ ਆਦਰ ਦੇਕੇ ਨਾਲ ਲਿਆਇਆ ਏ
ਇਕ ਚੰਗੀ ਹਵੇਲੀ ਦੇ ਵਿਚ ਆਕੇ ਸ਼ਾਹਸ਼ੁਜਾ ਦਾ ਡੇਰਾ ਲਗਵਾਇਆ ਏ

ਹਰ ਤਰਾਂ ਦੀ ਖਾਤਰ ਕਰ ਬਿਸ਼ਨ ਸਿੰਘਾ ਬੜੇ ਸੁਖ ਦੇ ਨਾਲ ਟਿਕਾਇਆ ਏ

[ਪੀਰ ਪੰਜਾਲ ਤੋਂ ਭੱਜੇ ਹੋਏ ਪਹਾੜੀ ਰਾਜਿਆਂ ਤੋਂ ਚੱਟੀ ਲਈ]

ਦੇਸਾ ਸਿੰਘ ਸਰਦਾਰ ਮਜੀਠੀਆ ਜੋ ਮਹਾਰਾਜ ਨੇ ਹੈ ਪਠਾਯਾ ਭਾਈ
ਭੱਜੇ ਪੀਰ ਪੰਜਾਲ ਤੋਂ ਰਾਜੇ ਜੇਹੜੇ ਝੱਟ ਉਹਨਾਂ ਨੇ ਆ ਦਬਾਯਾ ਭਾਈ
ਨੂਰ ਪੁਰੀਏ ਰਾਜੇ ਤੋਂ ਦੇਸਾ ਸਿੰਘ ਨੇ ਆ ਪੰਜਾਹ ਹਜ਼ਾਰ ਕਢਾਯਾ ਭਾਈ
ਵੀਹ ਹਜ਼ਾਰ ਮੁਕੇਰ ਤੇ, ਤੀਹ ਮੰਡੀ ਹਥ ਜੋੜਕੇ ਹੈ ਫੜਾਯਾ ਭਾਈ
ਚੰਬੇ ਵਾਲੇ ਪੰਜਾਹ ਹਜ਼ਾਰ ਦਿਤਾ ਫੇਰ ਏਨਾਂ ਜਸਰੋਟੀਏ ਲਾਯਾ ਭਾਈ
ਹਰੀ ਪੁਰੀਏ ਪੰਦਰਾਂ ਹਜ਼ਾਰ ਦਿਤਾ ਅਤੇ ਆਪਣਾ ਪਿਛਾ ਛੁਡਾਯਾ ਭਾਈ
ਚੱਟੀ ਲਾਈ ਇਹ ਰਾਜੇ ਪਹਾੜੀਆਂ ਨੂੰ ਕੋਰ ਪੂਣਾਂ ਸੀ ਜਿੰਨਾਂ ਵਿਖਾਯਾ ਭਾਈ
ਕੱਠਾ ਕਰ ਰੁਪੱਯਾ ਇਹ ਬਿਸ਼ਨ ਸਿੰਘਾ ਦੇਸਾ ਸਿੰਘ ਲਾਹੌਰ ਹੈ ਆਯਾ ਭਾਈ

{ਇਕ ਮਹੀਨੇ ਪਿਛੋਂ ਸ਼ਾਹਸ਼ੁਜਾਹ ਦੀ ਬੇਗਮ ਪਾਸੋਂ ਮਹਾਰਾਜ ਨੇ
ਕੋਹ ਨੂਰ ਹੀਰਾ ਮੰਗਾਣਾ ਅਤੇ ਸ਼ਾਹਸ਼ੁਜਾ ਨੇ ਮੁਕਰ ਜਾਣਾ}

ਸ਼ਾਹਸ਼ੁਜਾ ਦੀ ਬੇਗਮ ਤੋਂ ਮਹਾਰਾਜੇ ਕੋਹ ਨੂਰ ਹੈ ਭੇਜਿਆ ਮੰਗਾ ਪਯਾਰੇ
ਸ਼ਾਹਸ਼ੁਜਾ ਨੂੰ ਕੋਈ ਨ ਖਬਾ ਐਸੀ ਗਲ ਸੁਣਕੇ ਹੋਯਾ ਹੈ ਦੰਗ ਪਯਾਰੇ
ਬੇਗਮ ਆਖਿਆ ਮੈਂ ਇਕਰਾਰ ਕੀਤਾ ਜਦੋਂ ਹੋਯਾ ਕਸ਼ਮੀਰ ਦਾ ਜੰਗ ਪਯਾਰੇ
ਮਹਾਰਾਜ ਨੂੰ ਮੈਂ ਹਾਂ ਲਿਖ ਬੈਠੀ ਹੀਰਾ ਦੇਵਾਂਗੀ ਮੈਂ ਨਿਸੰਗ ਪਯਾਰੇ
ਸ਼ਾਹਸ਼ੁਜਾ ਨੇ ਆਖਿਆ ਮੁਕਰ ਜਾ ਤੂੰ ਕੋਈ ਲਾ ਫਰੇਬ ਦਾ ਢੰਗ ਪਯਾਰੇ
ਓੜਕ ਮੁਕਰੇ ਦੋਵੇਂ ਹੀ ਬਿਸ਼ਨ ਸਿੰਘਾ ਮਹਾਰਾਜ ਨੇ ਕੀਤਾ ਹੈ ਤੰਗ ਪਯਾਰੇ

{ਮਹਾਰਾਜ ਨੇ ਆਖਿਆ ਕਿ ਹੱਛਾ ਆਪ ਮੁਕਰ ਦੇ ਹੋ
ਇਸ ਲਈ ਕੋਈ ਦਿਨ ਭੁੱਖਾ ਰਖੋ}

ਮਹਾਰਾਜ ਨੇ ਖਰਚ ਹੈ ਬੰਦ ਕੀਤਾ ਦੋਵੇਂ ਜਣੇ ਹੁਣ ਭੁਖੇ ਨੇ ਮਰਨ ਲੱਗੇ
ਬੇਗਮ ਖਾਵੰਦ ਮਹਾਰਾਜ ਦੇ ਨਾਲ ਵੇਖੋ ਕਿਡਾ ਵਡਾ ਫਰੇਬ ਨੇ ਕਰਨ ਲੱਗੇ
ਓੜਕ ਤੰਗ ਹੋ ਸੱਦ ਸਰਕਾਰ ਜੀ ਨੂੰ ਹੀਰਾ ਅਗੇ ਸਰਕਾਰ ਦੇ ਧਰਨ ਲੱਗੇ
ਧੰਨ ਵਾਹਿਗੁਰੂ ਕਹਿਕੇ ਬਿਸ਼ਨ ਸਿੰਘਾ ਕੋਹਨੂਰ ਮਹਾਰਾਜ ਨੇ ਫੜਨ ਲੱਗੇ

{੧ ਜੂਨ ਸੰ: ੧੮੧੩ ਈ: ਮੁਤਾਬਕ [illegible] ੧੮੭੦ ਬਿ: ਨੂੰ ਮਹਾਰਾਜ ਨੇ
ਸ਼ਾਹਸ਼ੁਜਾਹ ਪਾਸੋਂ ਕੋਹਨੂਰ ਲੈਕੇ ਮੁਲ ਪੁਛਣਾ ਤੇ ਉਸਨੇ ਦਸਣਾ}

ਕੋਹ ਨੂਰ ਨੂੰ ਹਥ ਤੇ ਰਖ ਕਰਕੇ ਮਹਾਰਾਜ ਨੇ ਕਿਹਾ ਸੁਣਾ ਸ਼ਾਹਾ
ਇਸ ਰਤਨ ਦਾ ਕਿੰਨਾਂ ਕੁ ਮੁਲ ਹੈਗਾ ਮੈਨੂੰ ਖੋਲਕੇ ਜ਼ਰਾ ਬਤਾ ਸ਼ਾਹਾ
ਹਾਹੁਕਾ ਭਰਕੇ ਆਖਿਆ ਸ਼ਾਹਸ਼ੁੱਜਾ ਇਸ ਰਤਨ ਦਾ ਮੁਲ ਸੁਆਰ ਸ਼ਾਹਾ
ਸੋਟਾ ਛਿੱਤਰ ਹੀ ਏਸਦਾ ਮੁਲ ਸੁਣ ਲੈ ਥੋੜੇ ਵਿਚ ਤੂੰ ਗਲ ਮੁਕਾ ਸ਼ਾਹਾ
ਘੇਰੇ ਵੱਢਿਆਂ ਦਿਲੀ ਤੋਂ ਲੁੱਟ ਆਂਦਾ ਮੈਂ ਦਿੱਤਾ ਹੈ ਤੁਸਾਂ ਨੂੰ ਆ ਸ਼ਾਹਾ
ਰਹਿਣਾ ਤੇਰੇ ਵੀ ਪਾਸ ਨ ਬਿਸ਼ਨ ਸਿੰਘਾ ਤੂੰ ਹੋਰ ਥੇ ਕਦੋਂ ਖੁਦਾ ਸ਼ਾਹਾ

{ਮਹਾਰਾਜ ਨੇ ਸ਼ਾਹ ਸ਼ੁਜਾਹ ਪਾਸੋਂ ਕੋਹਨੂਰ ਲੈਣ ਦੇ ਬਦਲ ਪੰਜਾਹ ਹਜ਼ਾਰ ਨਕਦ ਤੇ ਪੰਜਾਹ ਹਜ਼ਾਰ ਦੀ ਜਗੀਰ ਦੇਣੀ}

ਹੀਰਾ ਲੈ ਮਹਾਰਾਜ ਨੇ ਸ਼ਾਹ ਕੋਲੋਂ ਬੜੀ ਭਾਰੀ ਹੈ ਖੁਸ਼ੀ ਮਨਾਈ ਭਾਈ
ਮਹਾਰਾਜ ਪੰਜਾਹ ਹਜ਼ਾਰ ਸੰਦੀ ਨਕਦ ਸ਼ਾਹ ਨੂੰ ਰਕਮ ਫੜਾਈ ਭਾਈ
ਨਾਲੇ ਹੋਰ ਪੰਜਾਹ ਹਜ਼ਾਰ ਸੰਦੀ ਮਹਾਰਾਜ ਜਗੀਰ ਹੈ ਲਾਈ ਭਾਈ
ਬੜੀ ਭਾਰੀ ਜਗੀਰ ਇਹ ਮਹਾਰਾਜੇ ਸ਼ਾਹਸ਼ੁਜਾ ਦੇ ਨਾਮ ਲਗਾਈ ਭਾਈ
ਨਾਲੇ ਰੌਸ਼ਨੀ ਸ਼ਹਿਰ ਲਾਹੌਰ ਅੰਦਰ ਏਸੇ ਖੁਸ਼ੀ ਦੇ ਵਿਚ ਕਰਾਈ ਭਾਈ
ਮਹਾਰਾਜੇ ਰਣਜੀਤ ਸਿੰਘ ਬਿਸ਼ਨ ਸਿੰਘਾ ਧੰਨ ਧੰਨ ਹੈ ਤੇਰੀ ਕਮਾਈ ਭਾਈ

[ਨੂਰਪੁਰੇ ਦੀ ਜ਼ਬਤੀ ਅਤੇ ਹਜ਼ੂਰੀ ਬਾਗ਼ ਬਣਨਾ]

ਬੀਰ ਸਿੰਘ ਨਰੇਸ਼ ਜੋ ਨੂਰ ਪੁਰੀਆ ਭੱਜ ਕਰ ਅੰਗ੍ਰੇਜ਼ਾਂ ਵਲ ਆ ਗ੍ਰਿਆ
ਮਾਲ ਮੁਲਕ ਸਭ ਏਸਦਾ ਜ਼ਬਤ ਕਰਕੇ ਮਹਾਰਾਜ ਨੇ ਆਪ ਦਬਾ ਲਿਆ
ਬਾਰਾਂਦਰੀ ਤੇ ਬਾਗ ਹਜ਼ੂਰੀ ਸੋਹਣਾ ਏਸੇ ਸਾਲ ਮਹਾਰਾਜ ਬਣਾ ਲਿਆ
ਬਾਰਾਂਦਰੀ ਨੂੰ ਲਾਯਾ ਹੈ ਸੰਗ ਮਰ ਮਰ ਬੈਠਣ ਵਾਸਤੇ ਥਾਂ ਸਜਾ ਲਿਆ

[ਸ਼ਾਹ ਸ਼ੁਜਾਹ ਦੀ ਬੇਈਮਾਨੀ]

ਸ਼ਾਹ ਸ਼ੁਜਾ ਹੁਣ-ਬੁਰਾ ਜੋ ਕਰਨ ਲਗਾ ਮਹਾਰਾਜ ਦਾ ਲੂਣ ਹੀ ਖਾ ਬੇਲੀ
ਸਾਰਾ ਹਾਲ ਮੁਹੰਮਦ ਅਜ਼ੀਜ਼ ਖਾਂ ਨੂੰ ਦਿਤਾ ਵਲ ਕਸ਼ਮੀਰ ਲਿਖਾ ਬੇਲੀ
ਅਸੀ ਕਾਫ਼ਰ ਰਣਜੀਤ ਨੂੰ ਮਾਰਨੇਂ ਹਾਂ ਤੂੰ ਛੇਤੀ ਕਸ਼ਮੀਰ ਤੋਂ ਆ ਬੇਲੀ
ਸਾਰੇ ਤੁਰਕ ਲਾਹੌਰ ਦੇ ਵਲ ਮੇਰੇ ਫੌਜ ਲੈ ਕਸ਼ਮੀਰ ਤੋਂ ਧਾ ਬੇਲੀ
ਆਖੇ ਲਗ ਕੇ ਮੇਰੇ ਬੇਫਿਕਰ ਹੋਕੇ ਡੇਰਾ ਆ ਲਾਹੌਰ ਤੂੰ ਲਾ ਬੇਲੀ
ਕਾਜ਼ੀ ਸ਼ੇਰ ਮੁਹੰਮਦ ਨੇ ਲਿਖ ਚਿੱਠਾ ਦਿਤਾ ਕਾਸਦ ਦੇ ਹਥ ਫੜਾ ਬੇਲੀ
ਸ਼ਾਹ ਸ਼ੁਜਾ ਨੇ ਕਾਸਦ ਨੂੰ ਆਖਿਆ ਹੈ ਦੇਣਾ ਵਿਚ ਕਸ਼ਮੀਰ ਪੁਚਾ ਬੇਲੀ
ਦੇਖੋ ਤੁਰਕ ਨੇ ਕੋਲ ਖਾ ਬਿਸ਼ਨ ਸਿੰਘਾ ਲਿਆ ਨਿਮਕ ਹਰਾਮ ਕਹਾ ਬੇਲੀ

[ਖਤ ਫੜਿਆ ਜਾਣਾ ਤੇ ਮਹਾਰਾਜ ਨੇ ਸ਼ਾਹ ਸ਼ੁਜਾ ਨੂੰ ਬਖਸ਼ ਦੇਣਾ]

ਏਸ ਕਾਸਦ ਦੇ ਕੋਲ ਤੋਂ ਖਤ ਏਹੋ ਗੁਜਰਾਂ ਵਾਲੇ ਦੇ ਕੋਲੋਂ ਹੈ ਫੜ ਲਿਆ
ਲਾਲੋ ਲਾਲ ਹੋਗਏ ਰਣਜੀਤ ਸਿੰਘ ਜੀ ਜਦੋਂ ਮੁਣਸ਼ੀ ਨੇ ਖੋਲਕੇ ਪੜ ਲਿਆ
ਕਾਜ਼ੀ ਸ਼ੇਰ ਮੁਹੰਮਦ ਨੂੰ ਕੈਦ ਕੀਤਾ ਜਿਸਨੇ ਲਿਖਕੇ ਖਤ ਇਹ ਧਰ ਲਿਆ
ਸ਼ਾਹ ਸ਼ੁਜਾ ਨੂੰ ਫੇਰ ਵੀ ਬਿਸ਼ਨ ਸਿੰਘਾ ਮਹਾਰਾਜ ਨੇ ਮਾਫ਼ ਹੈ ਕਰ ਲਿਆ

[ਕਵੀ]

ਮੁਸਲਮਾਨਾਂ ਦੇ ਰਾਜ ਦੇ ਵੇਲੇ ਜੇਕਰ ਐਸਾ ਕੰਮ ਕੋਈ ਹਿੰਦੂ ਜੇ ਆ ਕਰਦਾ
ਤੁਸੀ ਪਾਠਕੋ ਜ਼ਰਾ ਵਿਚਾਰਨਾਂ ਜੇ ਖਬਰੇ ਕੇਹੜੀ ਓਹ ਮੌਤ ਦੇ ਨਾਲ ਮਰਦਾ
ਮੁਸਲਮਾਨ ਜੇ ਹੁੰਦਾ ਕੋਈ ਹੁਣ ਰਾਜਾ ਟੁਕੜੇ ਕਰਕੇ ਇਸਦੇ ਹਜ਼ਾਰ ਧਰਦਾ
ਦਸ ਬਿਨਾਂ ਮਹਾਰਾਜ ਤੋਂ ਬਿਸ਼ਨ ਸਿੰਘਾ ਐਸਾ ਕਿਸਦੇ ਕੋਲੋਂ ਉਪਕਾਰ ਸਰਦਾ

[ਤਥਾ]

ਹਿੰਦੂ ਸਿਖ ਜੇ ਤੁਰਕਾਂ ਦੇ ਰਾਜ ਵੇਲੇ ਜੇਕਰ ਐਸਾ ਕੋਈ ਜ਼ੁਲਮ ਕਮਾ ਦੇਂਦੇ
ਮੁਸਲਮਾਨ ਤਾਂ ਰਤਾ ਨ ਫਰਕ ਕਰਦੇ ਝੱਟ ਆਰਿਆਂ ਨਾਲ ਚਿਰਾ ਦੇਂਦੇ
ਜਾਂ ਹਾਥੀਆਂ ਕੋਲੋਂ ਤੁੜਾ ਦੇਂਦੇ ਮਾਸ ਚੀਲਾਂ ਨੂੰ ਸਭ ਖੁਆ ਦੇਂਦੇ
ਮੱਦਤਗਾਰ ਕੋਈ ਹੋਂਵਦਾ ਐਸੇ ਸੰਦਾ ਝੱਟ ਓਨ੍ਹੂੰ ਵੀ ਨਾਲ ਮਰਵਾ ਦੇਂਦੇ
ਮਦਤਗਾਰ ਤੇ ਜੁਲਮੀ ਦੀ ਗਲ. ਕੇਹੜੀ ਹੋਰ ਕਈਆਂ ਤੇ ਵਖਤ ਆ ਪਾ ਦੇਂਦੇ
ਐਸੇ ਬੁਰੇ ਕੰਬਖਤ ਨੂੰ ਬਿਸ਼ਨ ਸਿੰਘਾ ਖਬਰੇਂ ਤੋਪਾਂ ਦੇ ਅਗੇ ਉਡਾ ਦੇਂਦੇ

[ਤਥਾ]

ਮੁਸਲਮਾਨਾਂ ਦੇ ਰਾਜ ਦੇ ਵੇਲੇ ਜੇਕਰ ਭਾਵੇਂ ਨਾਂ ਵੀ ਕੋਈ ਗੁਨਾਹ ਕਰਦੇ
ਮੁਸਲਮਾਨ ਤਾਂ ਐਂਵੇ.ਹੀ ਹਿੰਦੂਆਂ ਨੂੰ ਰਾਹ ਜਾਂਦਿਆਂ ਤਾਈਂ ਤਬਾਹ ਕਰਦੇ
ਅਤੇ ਸਿਖ ਜੋ ਐਸਾ ਵੀ ਨਾ ਕਰਦੇ ਓਨ੍ਹੂੰ ਐਂਵੇ ਹੀ ਮਾਰ ਫਨਾਹ ਕਰਦੇ
ਹਿੰਦੂ ਸਿਖ ਤੇ ਤੁਰਕ ਤਾਂ ਬਿਸ਼ਨ ਸਿੰਘਾ ਸੀਗੇ ਰਤਾ ਵੀ ਨਹੀਂ ਵਿਸਾਹ ਕਰਦੇ

[ਤਥਾ]

ਦੋਸ਼ ਕੀ ਸੀ ਮਨੀ ਸਿੰਘ ਤਾਰੂ ਸਿੰਘ ਦਾ ਤੁਰਕਾਂ ਜਿਨਾਂ ਨੂੰ ਐਵੇਂ ਮਰਵਾਯਾ ਸੀਓ
ਸ਼ਾਹ ਸ਼ੁਜਾ ਦੇ ਵੱਡਿਆਂ ਸਾਰਿਆਂ ਨੇ ਬੜਾ ਵਧਕੇ ਜ਼ੁਲਮ ਕਮਾਯਾ ਸੀਓ
ਸ਼ਾਹ ਸ਼ੁਜਾ ਦੇ ਬਾਬੇ ਅਹਿਮਦਸ਼ਾਹ ਨੇ ਅਮ੍ਰਿਤਸਰ ਦਰਬਾਰ ਨੂੰ ਢਾਹਿਆ ਸੀਓ
ਯਾਰਾਂ ਵਾਰੀ ਪੰਜਾਬ ਤੇ ਆ ਕਰਕੇ ਲੋਕਾਂ ਸਾਰਿਆਂ ਤਾਈਂ ਸਤਾਯਾ ਸੀਓ
ਕੁੜੀ ਮੁੰਡਾ ਪੰਜਾਬ ਦਾ ਸਭ ਫੜਕੇ ਟਕੇ ਟਕੇ ਨੂੰ ਕਾਬਲ ਵਿਕਾਯਾ ਸੀਓ
ਅਹਿਮਦਸ਼ਾਹ ਨੇ ਲੋਕਾਂ ਪੰਜਾਬੀਆਂ ਦੇ ਠੂਠਾ ਹਥ ਦੇ ਵਿਚ ਫੜਾਯਾ ਸੀਓ
ਕਈ ਵਾਰੀ ਵਿਚਾਰਿਆਂ ਸਿਖਾਂ ਤਾਈਂ ਅਹਿਮਦਸ਼ਾਹ ਨੇ ਵਖਤ ਹੀ ਪਾਯਾ ਸੀਓ
ਘਲੂਘਾਰਾ ਇਕ ਸਿਖਾਂ ਦੇ ਨਾਲ ਕਰਕੇ ਸਭਨਾਂ ਸਿਖਾਂ ਨੂੰ ਬੁਰਾ ਸਤਾਯਾ ਸੀਓ
ਤੁਖਮ ਓਸੇ ਚੰਡਾਲ ਦਾਂ ਸ਼ਾਹਸ਼ੁਜਾ ਅੱਜ ਪੇਚ ਮਹਾਰਾਜ ਦੇ ਆਯਾ ਸੀਓ
ਮਹਾਰਾਜ ਨੇ ਨਹੀਂ ਖਿਆਲ ਕੀਤਾ ਦੋਸ਼ ਏਸਦਾ ਸਾਰਾ ਭੁਲਾਯਾ ਸੀਓ
ਕੇਵਲ ਏਤਨੀ ਹੈ ਸਜ਼ਾ ਦਿਤੀ ਡੰਡ ਪੰਝੀ ਹਜ਼ਾਰ ਲਗਾਯਾ ਸੀਓ
ਸ਼ਾਹ ਸ਼ੁਜਾ ਨੂੰ ਅਜ ਰਣਜੀਤ ਸਿੰਘ ਨੇ ਵੇਖ ਮੌਤ ਦੇ ਮੂੰਹੋਂ ਬਚਾਯਾ ਸੀਓ
ਗਲ ਮੇਟਕੇ ਸਾਰੀ ਹੀ ਬਿਸ਼ਨ ਸਿੰਘਾ ਫੇਰ ਵਿਚ ਲਾਹੌਰ ਵਸਾਯਾ ਸੀਓ

[ਤਥਾ]

ਏਸੇ ਤਰਾਂ ਕਈ ਨਾਲ ਸਰਕਾਰ ਜੀ ਦੇ ਵਿਚੋ ਵਿਚ ਕਈ ਪੇਚ ਬਣਾਂਵਦੇ ਸੀ
ਮਹਾਰਾਜ ਸਰਕਾਰ ਸੀ ਐਸੇ ਭੋਲੇ ਜ਼ੁਲਮ ਉਹਨਾਂ ਤੇ ਨਹੀਂ ਕਮਾਂਵਦੇ ਸੀ
ਥੋੜੀ ਬਹੁਤੀ ਕੁਝ ਲਾਕੇ ਚੱਟੀ ਉਸਨੂੰ ਵੈਰ ਭਾਵ ਨੂੰ ਦਿਲੋਂ ਭੁਲਾਂਵਦੇ ਸੀ
ਫੇਰ ਮੁੜਕੇ ਨ ਤੁਸਾਂ ਨੇ ਇਓਂ ਕਰਨਾ ਪਹਿਲੇ ਨਾਲ ਪਿਆਰ ਸਮਝਾਂਵਦੇ ਸੀ
ਜਿਸ ਕਿਸ ਤਰਾਂ ਹੋ ਹੀ ਸਕਦਾ ਸੀ ਜ਼ਾਲਮ ਤਾਈਂ ਬੀ ਆਪ ਬਚਾਂਵਦੇ ਸੀ

ਏਸੇ ਲਈ ਰਣਜੀਤ ਸਿੰਘ ਬਿਸ਼ਨ ਸਿੰਘਾ ਦਰਬਾਨ ਸਰਕਾਰ ਕਹਾਂਵਦੇ ਸੀ

[ਵਜ਼ੀਰ ਮੁਹੰਮਦ ਖਾਂ ਨੇ ਅਟਕ ਦੇ ਕਿਲੇ ਤੇ ਧਾਵਾ ਕਰਨਾ]

ਕਿਲੇ ਅਟਕ ਦੇ ਅੰਦਰ ਆ ਸਿਖਾਂ ਸੰਦਾ ਜਹਾਂ ਦਾਦ ਖਾਂ ਦਖਲ ਕਰਾ ਦਿਤਾ
ਗੁੱਸਾ ਖਾ ਵਜ਼ੀਰ ਮੁਹੰਮਦ ਖਾਂ ਨੇ ਵੈਰ ਭਾਵ ਹੈ ਫੇਰ ਵਧਾ ਦਿਤਾ
ਆਪਣੇ ਭਾਈ ਮੁਹੰਮਦ ਅਜ਼ੀਜ਼ ਖਾਂ ਨੂੰ ਹਾਕਮ ਵਿਚ ਕਸ਼ਮੀਰ ਬਣਾ ਦਿਤਾ
ਫੇਰ ਚਲ ਕਸ਼ਮੀਰ ਤੋਂ ਬਿਸ਼ਨ ਸਿੰਘਾ ਘੇਰਾ ਆਕੇ ਅਟਕ ਨੂੰ ਪਾ ਦਿਤਾ

[ਕਿਲੇ ਅਟਕ ਦੇ ਸਿਖਾਂ ਦੀ ਮੰਦਤ ਵਾਸਤੇ ਮਹਾਰਾਜ ਨੇ ਲਾਹੌਰੋਂ ਫੌਜ ਘੱਲਨੀ]

ਮੁਹਕਮ ਚੰਦ ਨੂੰ ਕਿਹਾ ਮਹਾਰਾਜ ਜੀ ਨੇ ਜਾਓ ਛੇਤੀ ਪਠਾਣਾਂ ਨੂੰ ਮਾਰ ਘੱਤੋ
ਗੋਸ਼ੇ ਖਾਂ ਕਰਨੈਲ ਨੂੰ ਕਿਹਾ ਨਾਲੇ ਗੋਲੇ ਛਡਕੇ ਪੈਰ ਉਖਾੜ ਘੱਤੋ
ਕਰਮ ਚੰਦ ਵੀ ਚਾਹਿਲ ਨੂੰ ਤਿਆਰ ਕੀਤਾ ਮੁਲਕ ਤੁਰਕਾਂ ਦਾ ਜਾ ਉਜਾੜ ਘੱਤੋ
ਕਿਹਾ ਫੌਜ ਨੂੰ ਤੋਰਕੇ ਬਿਸ਼ਨ ਸਿੰਘਾ ਕੈਰਤਾਈ ਨੂੰ ਦਿਲੋਂ ਵਿਸਾਰ ਘੱਤੋ

[੨੩ ਵੈਸਾਖ ਸੰ: ੧੮੭੧ ਬਿ: ਨੂੰ ਮੁਹਕਮ ਚੰਦ ਫੌਜ ਲੈਕੇ ਅਟਕ ਤੇ ਜਾ ਪਹੁੰਚਿਆ]

ਸਣੇ ਫੌਜ ਦੇ ਅਟਕ ਤੇ ਪਹੁੰਚ ਕਰਕੇ ਮੁਹਕਮ ਚੰਦ ਤਾਂ ਖੁਸ਼ੀ ਕਮਾਲ ਹੋਯਾ
ਐਪਰ ਸਿੰਘ ਜੋ ਅਟਕ ਦੇ ਵਿਚ ਰਹਿੰਦੇ ਉਨਾਂ ਸਿੰਘਾਂ ਦਾ ਹੈ ਬੁਰਾ ਹਾਲ ਹੋਯਾ
ਅੱਠੀਂ ਪਹਿਰੀਂ ਮਿਲੇ ਬੜੀ ਥੋੜੀ ਰੋਟੀ ਬੁਰਾ ਹਾਲ ਹੈ ਭੁਖ ਦੇ ਨਾਲ ਹੋਯਾ
ਏਸ ਗਲ ਨੂੰ ਦੇਖਕੇ ਬਿਸ਼ਨ ਸਿੰਘਾ ਮੁਹਕਮ ਚੰਦ ਤਾਂ ਲਾਲ ਗੁਲਾਲ ਹੋਯਾ

{ਮੁਹਕਮ ਚੰਦ ਨੇ ਵਜ਼ੀਰ ਨੂੰ ਆਖਣਾ ਕਿ ਤੁਸੀ ਕਿਲੇ ਦੇ ਆਸ ਪਾਸ ਤੋਂ ਘੇਰਾ ਚੁਕ ਲੌ ਅਸੀ ਕਿਲਾ ਖਾਲੀ ਕਰ ਦੇਂਦੇ ਹਾਂ}

ਘੇਰਾ ਚੁਕ ਲੌ ਕਿਲੇ ਦੇ ਆਸ ਪਾਸੋਂ ਮੁਹਕਮ ਚੰਦ ਨੇ ਗਲ ਸੁਣਾਈ ਭਾਈ
ਐਪਰ ਮੰਨੀ ਨਾ ਇਕ ਵਜ਼ੀਰ ਨੇ ਹੈ ਸਗੋਂ ਕਰੀ ਹੈ ਬੜੀ ਤਕੜਾਈ ਭਾਈ
ਏਸੇ ਤਰਾਂ ਹੀ ਪੰਦਰਾਂ ਦਿਨ ਬੀਤੇ ਹੁੰਦੀ ਰਹੀ ਹੈ ਥੋੜੀ ਲੜਾਈ ਭਾਈ
ਏਨੇ ਚਿਰ ਨੂੰ ਕਾਬਲੋਂ ਕੱਠੀ ਹੋਕੇ ਫੌਜ ਬੜੀ ਮੁਲਖੱਈਆਂ ਦੀ ਆਈ ਭਾਈ
ਫੌਜ ਦੋਸਤ ਮੁਹੰਮਦ ਨੇ ਇਹ ਆਂਦੀ ਬੜੀ ਭਾਰੀ ਹੈ ਕੀਤੀ ਕਮਾਈ ਭਾਈ
ਭੂਏ ਹੋਏ ਪਠਾਣ ਨੇ ਵੇਖ ਸਾਰੇ ਐਸੇ ਮੱਛਰੇ ਪਾਈ ਦੁਹਾਈ ਭਾਈ
[illegible] ਤੁਟ ਕੇ ਸਿੰਘਾਂ ਦੇ ਆ ਪਏ ਮੁਹਕਮ ਚੰਦ ਹੈ ਕਰੀ ਸਫਾਈ ਭਾਈ
[illegible]ਰ ਜਗਾ ਹੈ ਫੌਜ ਨੂੰ ਵੰਡ ਕਰਕੇ ਬੜੀ ਭਾਰੀ ਲੜਾਈ ਮਚਾਈ ਭਾਈ
ਖੱਬੇ ਸੱਜੇ ਕਰਕੇ ਅਗੇ ਪਿਛੇ ਕਰਕੇ ਵਿੱਚ ਜੰਗ ਦੇ ਫੌਜ ਵਧਾਈ ਭਾਈ
[illegible]ਤ ਜੇਠ ਨੂੰ ਜੰਗ ਹੈ ਸ਼ੁਰੂ ਹੋਇਆ ਬੜੀ ਜੇਠ ਨੇ ਧੁਪ ਕੜਕਾਈ ਭਾਈ
[illegible]ਨ ਬੰਨ੍ਹ ਕੇ ਆਏ ਪਠਾਣ ਸਾਰੇ ਕਈ ਕੋਹਾਂ ਦੇ ਵਿਚ ਵਛਾਈ ਭਾਈ
ਜਦੋਂ ਤੋਪਾਂ ਬੰਦੂਕਾਂ ਦੀ ਉਨ੍ਹਾਂ ਉੱਤੇ ਸਿੰਘਾਂ ਏਧਰੋਂ ਅੱਗ ਬਰਸਾਈ ਭਾਈ
ਤਦੋਂ ਦੋਸਤ ਮੁਹੰਮਦ ਨੇ ਫੌਜ ਅਪਣੀ ਇਕ ਮੀਲ ਹੈ ਪਿਛੇ ਹਟਾਈ ਭਾਈ
ਫੇਰ ਦੋਸਤ ਮੁਹੰਮਦ ਨੇ ਖਾ ਗੁੱਸਾ ਸਾਰੀ ਫੌਜ ਅਗਾਹਾਂ ਭਜਾਈ ਭਾਈ

ਇਕੋ ਵਾਰੀ ਹੀ ਗਾਜ਼ੀਆਂ ਸਾਰਿਆਂ ਨੇ ਐਲੀ ਐਲੀ ਦੁਹਾਈ ਹੈ ਪਾਈ ਭਾਈ
ਪਏ ਟੁਟਕੇ ਸਿੰਘਾਂ ਤੇ ਬਿਸ਼ਨ ਸਿੰਘਾ ਇਕੋ ਵਾਰੀ ਹੀ ਕਰਕੇ ਧਾਈ ਭਾਈ

[ਗੋਸ਼ੇ ਖਾਂ ਦੀ ਬੇਈਮਾਨੀ ਤੇ ਮੁਹਕਮ ਚੰਦ ਦੀ ਬਹਾਦਰੀ]

ਗੋਸ਼ੇ ਖਾਂ ਤੇ ਨਿਮਕ ਹਰਾਮ ਹੋਕੇ ਗੋਲੇ ਵੱਲ ਅਸਮਾਨ ਚਲਾਉਣ ਲੱਗਾ
ਏਸੇ ਕਰਕੇ ਸਿੱਖ ਨੇ ਨੱਸਣ ਲੱਗੇ ਬੇਈਮਾਨੀ ਜੋ ਗੋਸ਼ਾ ਕਮਾਉਣ ਲੱਗਾ
ਕਰਮ ਚੰਦ ਕਰਨੈਲ ਇਹ ਦੇਖ ਕਰਕੇ ਗੋਸ਼ੇ ਖਾਂ ਨੂੰ ਲਾਣਤਾਂ ਪਾਉਣ ਲੱਗਾ
ਗੋਸ਼ਾ ਤੋਪਾਂ ਚਲਾਉਣੋਂ ਹੀ ਹਟ ਬੈਠਾ ਲੱਕ ਕੱਸ ਦੀਵਾਨ ਹੈ ਆਉਣ ਲੱਗਾ
ਮੁਹਕਮ ਚੰਦ ਬਹਾਦਰੀ ਬੜੀ ਕਰਕੇ ਬੱਤੀ ਆਪ ਹੈ ਤੋਪਾਂ ਨੂੰ ਲਾਉਣ ਲੱਗਾ
ਭਰ ਭਰ ਕੇ ਮਾਰੇ ਗਰਾਫ ਐਸੇ ਛੱਕੇ ਤੁਰਕਾਂ ਦੇ ਹੈ ਛੁਡਾਉਣ ਲੱਗਾ
ਮੂੰਹ ਫੇਰ ਨੇ ਦਿੱਤੇ ਪਠਾਨਾਂ ਸੰਦੇ ਗੋਲੇ ਮਾਰ ਕੇ ਪਿੱਠਾਂ ਉਡਾਉਣ ਲੱਗਾ
ਮੁਹਕਮ ਚੰਦ ਦੀਵਾਨ ਇਹ ਬਿਸ਼ਨ ਸਿੰਘਾ ਸੂਰਮਤਾਈਹੈ ਕਿੱਡੀ ਵਿਖਾਉਣ ਲੱਗਾ

[ਸਿੰਘਾਂ, ਪਠਾਣਾ ਦਾ ਜੰਗ]

ਕਰਮ ਚੰਦ ਦੀ ਫੌਜ ਵੀ ਦੂਜੀ ਤਰਫੋਂ ਜਾਨਾ ਤੋੜਕੇ ਬੜੀ ਹੈ ਲੜੀ ਪਜਾਰੇ
ਫੌਜ ਤੁਰਕਾਂ ਦੀ ਵਾਂਗ ਪਤੰਗਿਆਂ ਦੇ ਅੱਗੇ ਤੋਪਾਂ ਦੇ ਮਰੀ ਹੈ ਪੜੀ ਪਜਾਰੇ
ਫਿਰ ਵੀ ਮਰਨ ਤੋਂ ਨਹੀਂ ਪਠਾਣ ਟਲਦੇ ਅੱਗੇ ਆਉਂਦੇ ਜੋ ਜਾਂਵਦੇ ਮਰੀ ਪਜਾਰੇ
ਅਗੋਂ ਸਿੰਘਾਂ ਵੀ ਤੀਰਾਂ ਤੁਫੰਗਾਂ ਸੰਦੀ ਬਾਰਸ਼ ਐਸੀ ਪਠਾਨਾ ਤੇ ਕਰੀ ਪਜਾਰੇ
ਛੱਕੇ ਦਿੱਤੇ ਛੁਡਾ ਨੇ ਖਾਲਸੇ ਨੇ ਫੌਜ ਮਰੀ ਪਠਾਣਾ ਦੀ ਬੜੀ ਪਜਾਰੇ
ਫੌਜ ਹੱਲਾ ਕਰ ਸਿੰਘਾਂ ਦੀ ਬਿਸ਼ਨ ਸਿੰਘਾ ਸਿਰ ਜਾ ਪਠਾਣਾ ਦੇ ਚੜ੍ਹੀ ਪਜਾਰੇ

[ਤਥਾ]

ਐਸ ਵੇਲੇ ਬਹਾਦਰਾਂ ਸਾਰਿਆਂ ਨੇ ਡਾਢੇ ਚੰਗੇ ਨੇ ਜਹੂਰ ਵਿਖਾਏ ਦੋਹਾਂ
ਕਟਾ ਵੱਢ ਕੀਤੀ ਐਸੀ ਬੜੀ ਭਾਰੀ ਉੱਤੇ ਢੇਰਾਂ ਦੇ ਢੇਰ ਲਗਾਏ ਦੋਹਾਂ
ਲੱਥ ਗਏ ਨੇ ਚਾ ਬਹਾਦਰਾਂ ਦੇ ਨਾਲੇ ਲਹੂ ਦੇ ਹੜ ਵਗਾਏ ਦੋਹਾਂ
ਵਾਹ ਵਾਹ ਬਹਾਦਰੋ ਬਿਸ਼ਨ ਸਿੰਘਾ ਵਧ ਵਧ ਕੇ ਹੱਥ ਵਿਖਾਏ ਦੋਹਾਂ

[ਪਠਾਣਾ ਦਾ ਹਾਲ]

ਗਰਮੀ ਜੇਠ ਦੁਪਹਿਰ ਦੀ ਦੇਖ ਕਰਕੇ ਇਕੋ ਵਾਰ ਪਠਾਣ ਘਬਰਾ ਪਏ
ਦੂਜਾ ਤੋਪਾਂ ਬੰਦੂਕਾਂ ਦੀ ਮਾਰ ਡਾਢੀ ਖਾ ਖਾ ਕੇ ਗਸ਼ ਨੇ ਜਾ ਪਏ
ਰਹਿਣ ਵਾਲੇ ਸੀ ਮੁਲਕ ਬਰਫਾਨੀ ਸੰਦੇ ਕੇਹੜੀ ਬਿਪਤਾ ਦੇ ਵਿਚ ਇਹ ਆ ਪਏ
ਵਾਂਗ ਸੇਢਿਆਂ ਹੌਂਕਦੇ ਬਿਸ਼ਨ ਸਿੰਘਾ ਮਰਨ ਵਾਲਾ ਨੇ ਹਾਲ ਬਣਾ ਪਏ

[ਸਿੰਘਾਂ ਦਾ ਹਾਲ]

ਏਧਰ ਜੱਟ ਬਹਾਦਰ ਨ ਮਰਨ ਵਾਲੇ ਵਿਚ ਜੇਠ ਦੇ ਗਾਹ ਜੋ ਪਾਉਣ ਵਾਲੇ
ਵਿਚ ਭਾਦਰੋਂ ਗੋਡੀਆਂ ਕਰਨ ਵਾਲੇ ਨਾਲੇ ਦੱਬਕੇ ਜੋਤਰੇ ਲਾਉਣ ਵਾਲੇ
ਜਿਉਂ ਜਿਉਂ ਦਿਨਾਂ ਨੂੰ ਆਣਕੇ ਧੁਪ ਲਗੇ ਤਿਉਂ ਤਿਉਂ ਵੱਧ ਕਮਾਈ ਕਮਾਉਣ ਵਾਲੇ

ਪੈਂਤਰ ਪੈਂਤਰ ਕੇ ਸਗੋਂ ਨੇ ਲੜਨ ਲਗੇ ਹੱਲੇ ਕੀਤੇ ਨੇ ਪਾਰ ਬੁਲਾਉਣ ਵਾਲੇ

[ਪਠਾਣਾਂ ਦੀ ਹਾਰ ਸਿੰਘਾਂ ਦੀ ਫਤੇ]

ਇਕੋ ਵਾਰੀ ਅਕਾਲ ਅਕਾਲ ਕਰਕੇ ਸਿੰਘਾਂ ਅਗਾਂਹ ਨੂੰ ਪੈਰ ਵਧਾ ਦਿੱਤਾ
ਹਵੇ ਹੋਇਆਂ ਮੁਲਖੱਈਆਂ ਪਠਾਣਾਂ ਤਾਈਂ ਮਾਰ ਮਾਰਕੇ ਸਿੰਘਾਂ ਭਜਾ ਦਿੱਤਾ
ਤਿੰਨਾਂ ਕੋਹਾਂ ਦੇ ਵਿਚ ਪਠਾਣਾਂ ਸੰਦਾ ਸੱਥਰ ਸਿੰਘਾਂ ਨੇ ਭਾਰਾ ਵਿਛਾ ਦਿੱਤਾ
ਫੇਰ ਮੁੜਕੇ ਆਇ ਨੇ ਉਹਨਾਂ ਉਤੇ ਜਿਨਾਂ ਕਿਲੇ ਨੂੰ ਘੇਰਾ ਹੈ ਪਾ ਦਿੱਤਾ
ਦੋ ਘੰਟੇ ਵਜ਼ੀਰ ਹੈ ਲੜਿਆ ਚੰਗਾ ਛੇਕੜ ਇਹਨੂੰ ਵੀ ਸਿੰਘਾਂ ਦੁੜਾ ਦਿੱਤਾ
ਓੜਕ ਲਿਆ ਮਦਾਨ ਹੈ ਖ਼ਾਲਸੇ ਨੇ ਫਤੇ ਸੰਦਾ ਨਗਾਰਾ ਵਜਾ ਦਿੱਤਾ
ਤੇਰਾਂ ਜੇਠ ਨੂੰ ਆ ਦੀਵਾਨ ਜੀ ਨੇ ਡੇਰਾ ਕਿਲੇ ਦੇ ਵਿਚ ਲਗਾ ਦਿੱਤਾ
ਅੰਨ ਭੁਢ ਮਹੀਨੇ ਦੇ ਪਿਛੋਂ ਆਂਕੇ ਕਿਲੇਂ ਵਾਲਿਆਂ ਤਾਈਂ ਖੁਆ ਦਿੱਤਾ
ਅਮਰ ਸਿੰਘ ਮਜੀਠੀਏ ਸਾਉਣ ਸਿੰਘ ਨੂੰ ਕਿਲੇ ਅਟਕ ਦੇ ਅੰਦਰ ਬਹਾ ਦਿੱਤਾ
ਕੁਛ ਫੌਜ ਵੀ ਕਿਲੇ ਦੇ ਅੰਦਰ ਛੱਡੀ ਫੇਰ ਕੂਚ ਦਾ ਹੁਕਮ ਸੁਣਾ ਦਿੱਤਾ
ਸਤ ਹਾੜ ਨੂੰ ਆ ਲਾਹੌਰ ਪਹੁੰਚੇ ਡੇਰਾ ਕੋਲ ਮਹਾਰਾਜ ਦੇ ਲਾ ਦਿੱਤਾ
ਫਤੇ ਅਟਕ ਦੀ ਸੁਣਕੇ ਬਿਸ਼ਨ ਸਿੰਘਾ ਮਹਾਰਾਜ ਅਨੰਦ ਮਨਾ ਦਿੱਤਾ

{ਕਰਮ ਚੰਦ ਕਰਨੈਲ, ਦੀਵਾਨ ਮੁਹਕਮ ਚੰਦ ਆਦਿਕਾਂ ਨੂੰ
ਜਗੀਰ ਅਤੇ ਗੋਸ਼ੇ ਖਾਂ ਨੂੰ ਜੁਰਮਾਨਾ}

ਕਰਮ ਚੰਦ ਨੂੰ ਪੰਝੀ ਹਜ਼ਾਰ ਸੰਦੀ ਮਹਾਰਾਜ ਜਗੀਰ ਦਵਾਈ ਹੈ ਜੋ
ਮੁਹਕਮ ਚੰਦ ਦੇ ਨਾਂ ਜਗੀਰ ਭਾਰੀ ਇਕ ਲੱਖ ਰੁਪਏ ਦੀ ਲਾਈ ਹੈ ਜੋ
ਯਥਾ ਯੋਗ ਇਨਾਮ ਦੇ ਮਹਾਰਾਜੇ ਇੱਕਤ੍ਰ ਸਭਨਾਂ ਦੀ ਬੜੀ ਵਧਾਈ ਹੈ ਜੋ
ਗੋਸ਼ੇ ਖਾਂ ਨੂੰ ਤਾਂਹੀਂ ਬਿਸ਼ਨ ਸਿੰਘਾ ਚੱਟੀ ਦਸ ਹਜ਼ਾਰ ਲਗਾਈ ਹੈ ਜੋ

[੨੨ ਕੱਤਕ ਸੰ: ੧੮੭੧ ਬਿ: ਨੂੰ ਕਸ਼ਮੀਰ ਤੇ ਚੜ੍ਹਾਈ]

ਸਿਆਲ ਕੋਟ ਨੇ ਚਲੋ ਖਾਂ ਲੈ ਫੌਜਾਂ ਹੁਕਮ ਦਿਤਾ ਹੈ ਖੜਗ ਸਿੰਘ ਬੀਰ ਨੂੰ ਜੀ
ਸ਼ਾਹ ਸ਼ੁਜਾ ਸਮੇਤ ਸਰਦਾਰ ਸਾਰੇ ਧੌਂਸੇ ਮਾਰਕੇ ਚੜ੍ਹੇ ਕਸ਼ਮੀਰ ਨੂੰ ਜੀ
ਅੰਮ੍ਰਿਤਸਰ ਦੇ ਦਰਸ਼ਨ ਸਰਕਾਰ ਕਰਕੇ ਸਿਆਲ ਕੋਟ ਆ ਮਿਲੇ ਅਖੀਰ ਨੂੰ ਜੀ
ਟਪੇ ਜੇਹਲਮੋਂ ਤਾਂ ਖ਼ਬਰ ਪੈਣ ਲਗੀ ਨਾਲੇ ਆਉਂਦਾ ਹੈ ਸੁਣਿਆਂ ਵਜ਼ੀਰ ਨੂੰ ਜੀ

{ਕਸ਼ਮੀਰ ਵਲੋਂ ਜਾਣਾਂ ਬੰਦ ਕਰਕੇ ਦਲਸਿੰਘ ਨੂੰ ਕਿਲੇ ਮਖੱਡ ਵਲ, ਕੌਰ
ਜੀ ਨੂੰ ਅਟਕ ਵਲ, ਆਪ ਸਰਕਾਰ ਰਹੁਤਾਸ ਤੋਂ ਹੋਕੇ ਲਾਹੌਰ ਆਏ}

ਕਿਲੇ ਅਟਕ ਦੇ ਤੇ ਮਾਰੋ ਮਾਰ ਕਰਕੇ ਫਤੇ ਖਾਂ ਵਜ਼ੀਰ ਹੈ ਆਯਾ ਪਜਾਰੇ
ਜਾਣਾ ਛਡ ਕਸ਼ਮੀਰ ਦਾ ਮਹਾਰਾਜੇ ਕੌਰ ਅਟਕ ਦੇ ਵਲ ਪਠਾਯਾ ਪਜਾਰੇ
ਸ਼ਾਹ ਸ਼ੁਜਾ ਨੂੰ ਵੀ ਓਥੋਂ ਮੋੜ ਕਰਕੇ ਰਾਹ ਹੈ ਲਾਹੌਰ ਦੇ ਪਾਯਾ ਪਜਾਰੇ
ਚਾਰ ਪਲਟਣਾਂ ਇਕ ਦੇ ਤੋਪਖਾਨਾ ਦਲ ਸਿੰਘ ਨੂੰ ਹੁਕਮ ਸੁਣਾਯਾ ਪਜਾਰੇ
ਕਾਲੇ ਬਾਗਾਂ ਦੇ ਪਾਸ ਮਖੱਡ ਕਿਲਾ ਉਸਦੇ ਵਲ ਸਰਕਾਰ ਚੜ੍ਹਾਯਾ ਪਜਾਰੇ

ਦਲ ਸਿੰਘ ਹੁਣ ਦਲ ਨੂੰ ਨਾਲ ਲੈਕੇ ਦਬਾ ਦਬ ਮਖੱਡ ਨੂੰ ਧਾਯਾ ਪਜਾਰੇ
ਜੰਗ ਕਰਕੇ ਛਹੁੰ ਹੀ ਦਿਨਾਂ ਅੰਦਰ ਖਾਂ ਦਾਦਨੀ ਆ ਭਜਾਯਾ ਪਜਾਰੇ
ਦਲ ਸਿੰਘ ਨੇ ਆਪਣਾ ਦਖਲ ਕਰਕੇ ਡੇਰਾ ਕਿਲੇ ਦੇ ਅੰਦਰ ਲਗਾਯਾ ਪਜਾਰੇ
ਏਧਰ ਆਪ ਮਹਾਰਾਜ ਰਹੁਤਾਸ ਹੋਕੇ ਚੋਏ ਸਾਹਿਬ ਤੇ ਆਕੇ ਨ੍ਹਾਯਾ ਪਜਾਰੇ
ਫੇਰ ਬਾਲ ਗੁਦਾਈ ਦੇ ਟਿਲੇ ਹੋਕੇ ਡੇਰਾ ਆ ਲਾਹੌਰ ਹੈ ਲਾਯਾ ਪਜਾਰੇ

[ਸ਼ਾਹ ਸ਼ੁਜਾਹ ਬਾਦਸ਼ਾਹ ਦਾ ਹਾਲ]

ਸ਼ਾਹ ਸ਼ੁਜਾ ਲਾਹੌਰ ਨੂੰ ਜਦੋਂ ਆਯਾ ਪਿਆ ਰਾਹ ਵਿਚ ਡਾਕਾ ਜ਼ਰੂਰ ਸੀਗਾ
ਜਿਸਦਾ ਸਿੰਘਾਂ ਨੂੰ ਏਸਨੇ ਦੋਸ਼ ਲਾਯਾ ਐਵੇਂ ਏਸ ਨੂੰ ਹੀ ਭਰਮ ਪੂਰ ਸੀਗਾ
ਚੱਠੇ ਧਾੜਵੀ ਫੜੇ ਲਾਹੌਰ ਆਏ ਹੋਯਾ ਸ਼ਕ ਫਿਰ ਏਸਦਾ ਦੂਰ ਸੀਗਾ
ਮੀਰ ਅਬਦੁਲ ਗੁਲਾਮ ਜੋ ਸ਼ਾਹ ਦਾ ਸੀ ਨਾਲਿ ਏਸਦਾ ਪਾਯਾ ਕਸੂਰ ਸੀਗਾ

[ਸ਼ਾਹ ਸ਼ੁਜਾਹ ਪਾਤਸ਼ਾਹ ਦੇ ਨੌਕਰ ਮੀਰ ਅਬਦੁਲ ਹਸਨ ਦੀ ਹੋਰ ਬੇਈਮਾਨੀ]

ਸ਼ਾਹ ਸ਼ੁੱਜਾ ਦਾ ਨਿਮਕ ਹਰਾਮ ਹੋਕੇ ਆਯਾ ਕੋਲ ਮਹਾਰਾਜ ਦੇ ਦਾਸ ਹੈ ਜੇ
ਨਾਦਰ ਸ਼ਾਹ ਤੇ ਅਹਿਮਦਸ਼ਾਹ ਰਤਨ ਜੇਹੜੇ ਆਂਦੇ ਦਿਲੀਓਂ ਲੁੱਟਕੇ ਖਾਸ ਹੈ ਜੇ
ਓਹ ਸਾਰੇ ਹੀ ਬੜੇ ਅਮੋਲਕ ਹੀਰੇ ਸ਼ਾਹ ਸੁੱਜਾ ਦੀ ਬੇਗਮ ਦੇ ਪਾਸ ਹੈ ਜੇ
ਇਹ ਸੁਣੀ ਜਾਂ ਗਲ ਸਭ ਬਿਸ਼ਨ ਸਿੰਘਾ ਹੋਯਾ ਕੰਮ ਮਹਾਰਾਜ ਦਾ ਰਾਸ ਹੈ ਜੇ

[ਮਹਾਰਾਜ ਨੇ ਬੇਗਮ ਦੀ ਤਲਾਸ਼ੀ ਲੈਣੀ]

ਰਾਮ ਸਿੰਘ ਨੂੰ ਸੱਦ ਕੇ ਮਹਾਰਾਜੇ ਇਹ ਸਾਰੀ ਹੀ ਗਲ ਸੁਨਾਈ ਹੈ ਜੇ
ਰਾਹੀਂ ਤੀਵੀਆਂ ਦੀ ਰਾਮ ਸਿੰਘ ਨੇ ਜਾਂ ਬੇਗਮ ਸੰਦੀ ਤਾਲਾਸ਼ੀ ਕਰਾਈ ਹੈ ਜੇ
ਬੜੇ ਬੜੇ ਨੇ ਕੀਮਤੀ ਰਤਨ ਲਭੇ ਕੀਮਤ ਜਿਨਾਂ ਦੀ ਕਿਸੇ ਨ ਪਾਈ ਹੈ ਜੇ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਸਿੱਖਾਸ਼ਾਹੀ ਇਹ ਕਰਵਿਖਾਈ ਹੈ ਜੇ

[ਸ਼ਾਹਸ਼ੁਜਾਹ ਤੇ ਉਸਦੀ ਬੇਗਮ ਨੇ ਡਰ ਜਾਣਾ]

ਦੋਨੋਂ ਡਰਕੇ ਮਨ ਵਿਚ ਸੋਚਣ ਲੱਗੇ ਜੇ ਮੁੜ ਫੇਰ ਤਲਾਸ਼ੀ ਕਰਾਊਗਾ ਆ
ਐਸ ਵਾਰ ਜਿਉਂ ਮੁੜਕੇ ਮਹਾਰਾਜਾ ਸਿੱਖਾ ਸ਼ਾਹੀ ਜੇ ਕਰ ਵਿਖਾਊਗਾ ਆ
ਇਹ ਅਸਾਂ ਨੂੰ ਪੱਕਾ ਯਕੀਨ ਹੈਗਾ ਠੂਠਾ ਅਸਾਂ ਦੇ ਹੱਥ ਫੜਾਊਗਾ ਆ
ਬਹੁਤ ਕੁਛ ਹੈ ਅਸਾਂ ਦੇ ਕੋਲ ਅਜੇ ਫੇਰ ਆਯਾ ਤੇ ਇਹ ਵੀ ਲੈ ਜਾਊਗਾ ਆ
ਜ਼ੋਰਾਵਰ ਦੇ ਨਾਲ ਨਾ ਪੇਸ਼ ਜਾਣੀ ਮੁੜਕੇ ਆਯਾ ਕੰਗਾਲ ਬਣਾਊਗਾ ਆ
ਮੱਦਦਗਾਰ ਵੀ ਅਸਾਂ ਦਾ ਨਹੀਂ ਕੋਈ ਮੂੰਹੋਂ ਸ਼ੇਰ ਦਿਓਂ ਕੇਹੜਾ ਛੁਡਾਊਗਾ ਆ
ਇਹ ਸੋਚ ਕੇ ਆਖ ਦੇ ਨੱਠ ਚੱਲੋ ਮਹਾਰਾਜ ਤੋਂ ਕੌਣ ਬਚਾਊਗਾ ਆ
ਦੌਲਤ ਸੰਦੇ ਪੁਆੜੇ ਇਹ ਬਿਸ਼ਨ ਸਿੰਘਾ ਦੱਸੋ ਫਕਰ ਨੂੰ ਕੌਣ ਡਰਾਊਗਾ ਆ

[ਬੇਗਮ ਨੇ ਲੁਦਿਹਾਣੇ ਅੰਗ੍ਰੇਜ਼ਾਂ ਪਾਸ ਜਾ ਰਹਿਣਾ]

ਕਿਸ਼ਨ ਚੰਦ ਤੇ ਇਕ ਫ਼ਕੀਰ ਤਾਈਂ ਲਿਆ ਬੇਗਮ ਨੇ ਪਾਸ ਬੁਲਾ ਕਰਕੇ
ਪਹਿਰੇ ਵਾਲਿਆਂ ਨੌਕਰਾਂ ਸਾਰਿਆਂ ਨੂੰ ਲਾਲਚ ਦਿੱਤਾ ਹੈ ਕੁਝ ਵਧਾ ਕਰਕੇ

ਕਿਸ਼ਨ ਚੰਦ ਦੀ ਰਾਹੀਂ ਇਹ ਕੰਮ ਹੋਏ ਭੇਸ ਬੇਗਮ ਨੇ ਹੋਰ ਬਦਲਾ ਕਰਕੇ
ਜਿਨ੍ਹਾਂ ਘੋੜਿਆਂ ਤੇ ਡਾਕ ਆਂਵਦੀ ਸੀ ਚੜ੍ਹੀ ਉਨ੍ਹਾਂ ਦੇ ਉੱਤੇ ਹੈ ਆ ਕਰਕੇ
ਦਿਨ ਹੋਲੀਆਂ ਦੇ ਵਿਚ ਨਿਕਲ ਗਈ ਮਾਲ ਆਪਣਾ ਸਭ ਲੁਕਾ ਕਰਕੇ
ਜਿੱਥੇ ਰਹਿੰਦੇ ਅੰਗ੍ਰੇਜ਼ ਸੀ ਲੁਦਿਹਾਣੇ ਰਹੀ ਉਨ੍ਹਾਂ ਦੇ ਪਾਸ ਹੈ ਜਾ ਕਰਕੇ
ਬੇਗਮ ਸੰਦਾ ਮਹੀਨਾ ਸਰਕਾਰ ਜੀ ਨੇ ਦਿੱਤਾ ਡੇਢ ਹਜ਼ਾਰ ਹੈ ਲਾ ਕਰਕੇ
ਰਹੀ ਪਾਸ ਅੰਗ੍ਰੇਜ਼ ਦੇ ਬਿਸ਼ਨ ਸਿੰਘਾ ਮਾਲ, ਆਪਣਾ ਸਭ ਬਚਾ ਕਰਕੇ

{ ੧੪ ਵੈਸਾਖ ਸੰ: ੧੮੭੨ ਬਿ:, ਨੂੰ ਸ਼ਾਹਸ਼ੁਜਾਹ ਨੇ ਵੀ ਨੱਸਕੇ ਜੰਮੂੰ ਜਾ ਰਹਿਣਾ }

ਸ਼ਾਹਸ਼ੁਜਾ ਵੀ ਨਾਲ ਸਿਪਾਹੀਆਂ ਦੇ ਨੱਸ ਜਾਵਣਾ ਪੱਕ ਪਕਾ ਗਿਆ
ਗੰਦੀ ਮੋਰੀ ਜੋ ਭਾਟੀ ਦਰਵਾਜ਼ੇ ਹੇਠਾਂ ਉਸਦੇ ਵਿਚੋਂ ਦੀ ਨਿਕਲ ਕੇ ਧਾ ਗਿਆ
ਦੋਹਾਂ ਪੁਤਰਾਂ ਤੇ ਦੋਹਾਂ ਨੌਕਰਾਂ ਨੂੰ ਏਸੇ ਰਾਹ ਹੀ ਨਾਲ ਲੰਘਾ ਗਿਆ
ਬੜੀ ਗੰਦੀ ਤੇ ਤੰਗ ਇਹ ਮੋਰੀ ਹੈ ਸੀ ਲੰਘ ਏਥੋਂ ਦੀ ਦੁਖ ਹੈ ਪਾ ਗਿਆ
ਜੇਹੜੇ ਅੰਗ ਸੀ ਅਤਰ ਫੁਲੇਲ ਭਿੰਨੇ ਓਥੇ ਗੰਦ ਹੈ ਮਲ ਮਲਾ ਗਿਆ
ਲਿਬੜ ਪੇਬੜ ਹੋਕੇ ਨਾਲ ਗੰਦਗੀ ਦੇ ਬੜਾ ਭਾਰਾ ਹੈ ਦੁਖ ਉਠਾ ਗਿਆ
ਦੁਖ ਪਾ ਕੇ ਫੇਰ ਦਰਯਾ ਤਰਿਆ ਫੇਰ ਹੋਰ ਤਦਬੀਰ ਬਣਾ ਗਿਆ
ਤੂੜੀ ਵਾਲਿਆਂ ਗੱਡਿਆਂ ਵਿਚ ਛਪਕੇ ਮਸਾਂ ਮਸਾਂ ਹੈ ਜੰਮੂੰ ਵਿਚ ਆ ਗਿਆ
ਮਹਾਰਾਜ ਵੀ ਪਿਛੇ ਅਸਵਾਰ ਛਡੇ ਐਪਰ ਸ਼ਾਹ ਹੈ ਨੱਸ ਨਸਾ ਗਿਆ
ਪੱਤਣ ਸਾਰੇ ਹੀ ਰੋਕੇ ਅਸਵਾਰਾਂ ਆਕੇ ਤੂੜੀ ਵਿਚ ਸ਼ਾਹ ਸਿਰ ਲੁਕਾ ਗਿਆ
ਦੁਖ ਪਾਕੇ ਬਹੁਤ ਹੀ ਬਿਸ਼ਨ ਸਿੰਘਾ ਸ਼ਾਹਸ਼ੁਜਾ ਵੀ ਮਾਲ ਬਚਾ ਗਿਆ

[ਸ਼ਾਹਸ਼ੁਜਾਹ ਨੇ ਕਸ਼ਮੀਰ ਤੇ ਧਾਵਾ ਕਰਨਾ ਤੇ ਹਾਰ ਹੋਣੀ]

ਕਸਤਵਾੜ ਨਵਾਬ ਦੇ ਪਾਸ ਜਾਕੇ ਸ਼ਾਹਸ਼ੁਜਾ ਸਲਾਹ ਪਕਾਈ ਹੈ ਜੋ
ਕਰਕੇ ਚਾਰ ਹਜ਼ਾਰ ਸਪਾਹੀ ਭਰਤੀ ਕੀਤੀ ਉੱਤੇ ਕਸ਼ਮੀਰ ਚੜ੍ਹਾਈ ਹੈ ਜੋ
ਵਾਹ ਵਾਹ ਓਹ ਪਾਤਸ਼ਾਹ ਸ਼ਾਹਸ਼ੁੱਜੇ ਓੜਕ ਏਥੋਂ ਵੀ ਹਾਰ ਹੀ ਖਾਈ ਹੈ ਜੋ
ਰਾਜ ਨੀਤ ਵਿਚਾਰ ਕੇ ਬੜੀ ਭਾਰੀ ਕਿਸੇ ਠੀਕ ਇਹ ਗਲ ਸੁਣਾਈ ਹੈ ਜੋ

"ਵਾਹ ਕਰਮਾਂ ਦਿਆ ਬਲੀਆ, ਰਿੱਧੀ ਸੀ ਖੀਰ ਹੋਗਿਆ ਦਲੀਆ"

ਜੇਹੜੇ ਸ਼ਾਹ ਦੇ ਪਜਾਰੇ ਕਸ਼ਮੀਰ ਸੀਗੇ ਜਿਨ੍ਹਾਂ ਵਾਸਤੇ ਕਰੀ ਇਨ ਧਾਈ ਹੈ ਜੋ
ਬਾਂਹ ਉਨ੍ਹਾਂ ਵੀ ਫੜੀ ਨਾ ਸ਼ਾਹ ਸੰਦੀ ਉਲਟੇ ਬਣੇ ਓਹ ਵੈਰੀ ਆ ਭਾਈ ਹੈ ਜੋ
ਏਸੇ ਵਾਸਤੇ ਸ਼ਾਹ ਨੂੰ ਬਿਸ਼ਨ ਸਿੰਘਾ ਹਾਰ ਡਾਢੀ ਕਸ਼ਮੀਰ ਤੋਂ ਆਈ ਹੈ ਜੋ
ਨੱਠ ਨੱਠ ਕੇ ਬੜਾ ਪਹਾੜਾਂ ਅੰਦਰ ਬੜੀ ਭਾਰੀ ਮੁਸੀਬਤ ਉਠਾਈ ਹੈ ਜੋ
ਹੱਡ ਗੋਡੇ ਵੀ ਓਥੋਂ ਭਨਾ ਬੈਠਾ ਫੈਦਾ ਹੋਇਆ ਨਾ ਏਸ ਨੂੰ ਕਾਈ ਹੈ ਜੋ
ਹੋਕੇ ਚੌਦਾਂ ਮਹੀਨੇ ਹੈ ਖੱਜਲ ਭਾਰਾ ਲੁਦਿਹਾਣੇ ਆ ਅਰਜ਼ ਸੁਣਾਈ ਹੈ ਜੋ
ਡਿੱਗਾ ਬੂਹੇ ਅੰਗ੍ਰੇਜ਼ਾਂ ਦੇ ਆ ਕਰਕੇ ਹੱਥ ਜੋੜ ਕੇ ਗਰਦਨ ਨਿਵਾਈ ਹੈ ਜੋ

ਪੈਨਸ਼ਨ* ਬਾਈ ਹਜ਼ਾਰ ਸਾਲਾਨਾ ਸਾਰੀ ਤਰਸ ਕਰ ਅੰਗ੍ਰੇਜ਼ਾਂ ਨੇ ਲਾਈ ਹੈ ਜੇ
ਮਹਾਰਾਜ ਸਰਕਾਰ ਦੀ ਬਿਸ਼ਨ ਸਿੰਘਾ ਸ਼ਾਹਸ਼ੁਜਾ ਨੇ ਕੀਤੀ ਭੁਲਾਈ ਹੈ ਜੇ

{ਮਹਾਰਾਜੇ ਪਾਸ ਸੰ: ੧੮੭੨ ਬਿ: ਨੂੰ ਅਮ੍ਰਿਤਸਰ ਦੀਪਮਾਲਾ ਦੇ ਮੇਲੇ
ਪਰ ਸਿੰਧ ਦੇ ਵਕੀਲ ਆਏ ਅਤੇ ਹਰੀ ਪੁਰ ਫਤੇ ਹੋਣਾ}

ਦੀਪਮਾਲਾ ਦੇ ਮੇਲੇ ਤੇ ਮਹਾਰਾਜੇ ਅਮ੍ਰਿਤਸਰ ਨੇ ਡੇਰੇ ਲਗਾਇ ਆਕਰ
ਮਿੱਤ੍ਰਾ ਚਾਰੀ ਤੇ ਦੇਸ ਦੀ ਹੱਦ ਬੰਦੀ ਹਾਲ ਸਿੰਧੀ ਵਕੀਲਾਂ ਲਿਖਾਇ ਆਕਰ
ਤੋੜੇ ਦੇਕੇ ਖਿਲਤ ਲੈ ਵਿਦਾ ਹੋਏ ਆਪੋ ਵਿਚ ਦੀ ਪ੍ਰੇਮ ਵਧਾਇ ਆਕਰ
ਓਸੇ ਵੇਲੇ ਹੀ ਦਾਸ ਭਵਾਨੀ ਆਕੇ ਹਰੀ ਪੁਰ ਦੇ ਹਾਲ ਸੁਣਾਇ ਆਕਰ
ਹਰੀ ਪੁਰ ਦਾ ਕਿਲਾ ਮੈਂ ਫਤੇ ਕੀਤਾ ਸਾਰੇ ਜੰਗ ਦੇ ਹਾਲ ਬਤਾਇ ਆਕਰ
ਖੁਸ਼ੀ ਹੋ ਮਹਾਰਾਜ ਨੇ ਬਿਸ਼ਨ ਸਿੰਘਾ ਬੜੇ ਭਾਰੇ ਅਨੰਦ ਮਨਾਇ ਆਕਰ

[ਕਾਬਲ ਦੇ ਵਜ਼ੀਰ ਦੀ ਮੁਲਤਾਨ ਤੇ ਚੜ੍ਹਾਈ]

ਖਬਰ ਦਿਤੀ ਵਕੀਲ ਮੁਲਤਾਨ ਵਾਲੇ ਕਾਬਲ ਵਾਲਾ ਵਜ਼ੀਰ ਆ ਚੱਲਿਆ ਜੇ
ਫਤੇ ਕਰਨ ਮੁਲਤਾਨ ਨੂੰ ਉਹ ਆਯਾ ਕਾਲੇ ਬਾਗ ਉਸ ਡੇਰਾ ਆ ਮੱਲਿਆ ਜੇ
ਚਾਰ ਪਲਟਣਾਂ ਦੇਕੇ ਤੋਪਖਾਨੇ ਮਹਾਰਾਜ ਨੇ ਕੌਰ ਨੂੰ ਘੱਲਿਆ ਜੇ
ਇਹ ਸੁਣ ਵਜ਼ੀਰ ਹੈ ਪਿਛੇ ਮੁੜਿਆ ਬਿਸ਼ਨ ਸਿੰਘ ਅਫਾਤ ਏ ਟੱਲਿਆ ਜੇ

[ਅਜਬ ਸਿੰਘ ਦਾ ਮਰਨਾ ਅਤੇ ਕਸ਼ਮੀਰ ਉਤੇ ਚੜ੍ਹਾਈ]

ਪੋਹ ਵਿਚ ਜਸਰੋਟੀਏ ਅਜਬ ਸਿੰਘ ਨੂੰ ਮਲਕਲ ਮੌਤ ਨੇ ਪਾਰ ਬੁਲਾ ਦਿਤਾ
ਉਸਦੇ ਪੁਤ੍ਰ ਤੋਂ ਲੱਖ ਰੁਪੱਯਾ ਲੈਕੇ ਗੱਦੀ ਉਤੇ ਸਰਕਾਰ ਬਹਾ ਦਿਤਾ
ਏਸੇ ਸਮੇਂ ਸਰਕਾਰ ਨੇ ਫੌਜੀਆਂ ਨੂੰ ਝਟ ਪਟ ਹੈ ਹੁਕਮ ਸੁਣਾ ਦਿਤਾ
ਤਿਆਰੀ ਕਰੋ ਕਸ਼ਮੀਰ ਤੇ ਬਿਸ਼ਨ ਸਿੰਘਾ ਬੜਾ ਸਖਤ ਹੈ ਹੁਕਮ ਅਲਾ ਦਿਤਾ

[ਸਿਆਣਿਆਂ ੨ ਆਦਮੀਆਂ ਨੇ ਵਰਜਣਾਂ ਤੇ ਮਹਾਰਾਜ ਨੇ ਨਾ ਮੰਨਣਾਂ]

ਮਹਾਰਾਜ ਨੇ ਇਕ ਨਾ ਗਲ ਮੰਨੀ ਸਿਆਣੇ ਲੋਕਾਂ ਨੇ ਬੜਾ ਸਮਝਾ ਲਿਆ
ਓਸ ਪਾਸੇ ਸਿਆਲ ਨੂੰ ਬਰਫ ਪੈਂਦੀ ਮੁਹਕਮ ਚੰਦ ਵੀ ਆਪ ਸੁਣਾ ਲਿਆ
ਐਪਰ ਜ਼ਿਦ ਸਰਕਾਰ ਨੇ ਨਹੀਂ ਛੱਡੀ ਸਭਨਾਂ ਫੌਜਾਂ ਨੂੰ ਹੈ ਚੜ੍ਹਾ ਲਿਆ
ਛਿੰਬਰ ਹੋਕੇ ਰਜੌਰੀ ਜਾਂ ਆਣ ਪਹੁੰਚੇ ਅਗਰ ਖਾਂ ਨੇ ਖੋਟ ਕਮਾ ਲਿਆ
ਮੂੰਹੋਂ ਮਿਠੇ ਹੋਕੇ ਵਿਚੋਂ ਖੋਟ ਕਰਕੇ ਪੁਠੇ ਰਸਤੇ ਸਰਕਾਰ ਨੂੰ ਪਾ ਲਿਆ
ਰਸਤਾ ਸਿਧਾ ਸਰਕਾਰ ਨੇ ਪੁੱਛਿਆ ਹੈ ਏਂਨ ਹੋਰ ਦਾ ਹੋਰ ਬਤਾ ਲਿਆ

[ਅਗਰ ਖਾਂ ਦੀ ਬੇਈਮਾਨੀ ਤੇ ਸਰਕਾਰ ਨੇ ਭੁਲ ਜਾਣਾ]

ਅਗਰ ਖਾਂ ਦਾ ਰਸਤਾ ਬਤਾਯਾ ਹੋਯਾ ਮਹਾਰਾਜ ਨੇ ਹੁਕਮ ਸੁਣਾਯਾ ਹੈ ਜੇ

---

*ਸਰਕਾਰ ਲਾਹੌਰ ਪਾਸੋਂ ਸ਼ਾਹਸ਼ੁਜਾਹ ੬੦) ਸੱਠ ਹਜ਼ਾਰ ਦੀ ਜਗੀਰ ਤੇ ਢਾਈ ਸੌ ਰਸਦ ਖਾਂਦਾ ਸੀ ।

ਅੱਧੀ ਫੌਜ ਜੋ ਆਪਣੇ ਨਾਲ ਹੈਸੀ ਓਸ ਤਾਂਈ ਤਾਂ ਇਹ ਅਲਾਯਾ ਹੈ ਜੇ
ਨੌਸੇ ਪੁਣਛਦੇ ਰਾਹ ਕਸ਼ਮੀਰ ਜਾਣਾ ਅਪਣੀ ਫੌਜ ਨਾਲ ਇਹ ਠਹਰਾਯਾ ਹੈ ਜੇ
ਦੂਜਾ ਹਿੱਸਾ ਜੋ ਫੌਜ ਦਾ ਬੜਾ ਭਾਰਾ ਰਾਮ ਦਿਆਲ ਦੇ ਮਗਰ ਜੋ ਲਾਯਾ ਹੈ ਜੇ
ਭੁਸਾਂ ਗਲੇ ਬਹਰਾਮ, ਸਪੀਸਨ ਰਸਤੇ ਜਾਣਾ ਵਲ ਕਸ਼ਮੀਰ ਬਤਾਯਾ ਹੈ ਜੇ
ਹਾਇ ਬੜਾ ਅਫਸੋਸ ਹੈ ਬਿਸ਼ਨ ਸਿੰਘਾ ਮਹਾਰਾਜ ਨੂੰ ਰੱਬ ਭੁਲਾਯਾ ਹੈ ਜੇ

[ਸੰ: ੧੮੭੩ ਬਿ: ਨੂੰ ਬਹਿਰਾਮ ਗਲੇ ਮਾਰਚ ਵਿਚ ਜੰਗ ਹੋਣਾ]

ਔਖਾਂ ਪਰਬਤਾਂ ਵਿਚ ਖੁਆਰ ਹੁੰਦੀ ਇਹ ਫੌਜ ਬਹਿਰਾਮ ਜਾਂ ਗਈ ਜੇ ਜੀ
ਓਥੇ ਫੌਜ ਕਸ਼ਮੀਰ ਦੀ ਬੜੀ ਭਾਰੀ ਦੜ ਵਟਕੇ ਬੈਠ ਉਹ ਰਹੀ ਜੇ ਜੀ
ਅੱਚਨਚੇਤ ਹੀ ਉਠ ਕੇ ਭੂੰਡਾਂ ਵਾਂਗੂ ਗਲ ਸਿੰਘਾਂ ਦੇ ਆਕੇ ਪਈ ਜੇ ਜੀ
ਛਿਪੇ ਚੋਰ ਵਾਂਙੂ ਸਿੰਘ ਖਿਝੇ ਆਕੇ ਸਭਨਾਂ ਧੂਹ ਭਗੌਤੀ ਹੁਣ ਲਈ ਜੇ ਜੀ
ਬੜਾ ਮਾਰਚ ਮਹੀਨੇ ਹੈ ਜੰਗ ਹੋਯਾ ਨਦੀ ਲਹੂ ਦੀ ਆਣਕੇ ਵਹੀ ਜੇ ਜੀ
ਤੂੰਬ ਸੁੱਟਿਆ ਸਿੰਘਾਂ ਕਸ਼ਮੀਰੀਆਂ ਨੂੰ ਗਏ ਨੱਸਕੇ ਜੰਗ ਤੋਂ ਕਈ ਜੇ ਜੀ
ਓੜਕ ਫਤੇ ਮਦਾਨ ਦੀ ਲਈ ਸਿੰਘਾਂ ਗਾਲ ਸੁੱਟੀ ਕਸ਼ਮੀਰੀਆਂ ਵਹੀ ਜੇ ਜੀ
ਸਿੰਘ ਵੜੇ ਨੇ ਕਿਲੇ ਬਹਿਰਾਮ ਅੰਦਰ ਬਿਸ਼ਨ ਸਿੰਘ ਮੁਸੀਬਤ ਵੀ ਸਹੀ ਜੇ ਜੀ

{ਪੀਰ ਪੰਜਾਲ ਦੀ ਲੜਾਈ, ੨੩ ਜੁਲਾਈ ਨੂੰ ਹੀਰ ਪੁਰ ਦੀ ਲੜਾਈ
ਅਤੇ ਹੀਰ ਪੁਰੋਂ ਸਪੀਸਨ ਪਹੁੰਚਣਾ}

ਚੋਟੀ ਪੀਰ ਪੰਜਾਲ ਦੀ ਬੜੀ ਉੱਚੀ ਜਦੋਂ ਉਠਕੇ ਲੰਘਣੀ ਚਾਹੀ ਸਿੰਘਾਂ
ਗਲ ਪਏ ਨੇ ਆ ਪਠਾਣ ਸਾਰੇ ਅਗੋਂ ਬੜੀ ਲੜਾਈ ਮਚਾਈ ਸਿੰਘਾਂ
ਹੀਰ ਪੁਰ ਜਾਂ ਤੇਈ ਜੁਲਾਈ ਪਹੁੰਚੇ ਕਰੀ ਏਥੇ ਵੀ ਆ ਲੜਾਈ ਸਿੰਘਾਂ
ਹੀਰ ਪੁਰੋ ਸਪੀਸਨ ਤਕ ਬਿਸ਼ਨ ਸਿੰਘਾ ਤੁਰਕਾਂ ਸੰਦੀ ਵਿਛਾਈ ਵਿਛਾਈ ਸਿੰਘਾਂ

[ਸਪੀਸਨ ਦੀ ਲੜਾਈ]

ਜਦੋਂ ਸਿੰਘ ਸਪੀਸਨ ਤੇ ਆ ਪਹੁੰਚੇ ਤਦੋਂ ਹੋਰ ਉਪੱਦਰ ਇਕ ਉਠਿਆ ਆ
ਅਮੀਰ ਕਾਬਲ ਭਤੀਜਾ ਵਿਸਕੋਰ ਖਾਂ ਜੋ ਬੜੇ ਲੈ ਪਠਾਣਾਂ ਨੂੰ ਜੁੱਟਿਆ ਆ
ਜਾਨਾਂ ਤੋੜਕੇ ਲੜੇ ਪਠਾਣ ਭਾਵੇਂ ਛੇਕੜ ਸਿੰਘਾਂ ਨੇ ਬਹੁਤ ਹੀ ਕੁਟਿਆ ਆ
ਛੱਕੇ ਦਿਤੇ ਛੁਡਾਇ ਪਠਾਣਾਂ ਸੰਦੇ ਬਹੁਤ ਸਾਰਾ ਅਸਬਾਬ ਵੀ ਲੁਟਿਆ ਆ
ਓੜਕ ਨੱਸਣ ਨੂੰ ਸਭ ਤਿਆਰ ਹੋਏ ਪੈਰ ਰਣੋਂ ਪਠਾਣਾਂ ਨੇ ਪੁਟਿਆ ਆ
ਕੁਦਰਤ ਰੱਬ ਦੀ ਦੇਖ ਲੈ ਬਿਸ਼ਨ ਸਿੰਘਾ ਮੀਂਹ ਝੱਟ ਵਰ੍ਹਾ ਹੀ ਸੁਟਿਆ ਆ

[ਸਪੀਸਨ ਦੀ ਬਿਪਤਾ]

ਦਬਾ ਦਬ ਹੁਣ ਬਰਫ ਹੈ ਬਰਸਨ ਲੱਗੀ ਮੀਂਹ ਪਿਆ ਪਰਨਾਲੇ ਨੇ ਵਹਿ ਗਏ
ਗਿੱਝੇ ਹੋਏ ਪਠਾਣ ਸੀ ਬਰਫ ਸੰਦੇ ਵਾਹ ਵਾਹ ਹੁਣ ਬਹਿਕੇ ਕਹਿ ਰਹੇ
ਐਪਰ ਸਿੰਘਾਂ ਨੂੰ ਸੀਤ ਨੇ ਜਕੜਿਆ ਆ ਹੱਥ ਪੈਰ ਨੇ ਚਲਣੇ ਰਹਿ ਗਏ
ਜੂ ਛਏ ਨੇ ਠੰਢ ਨੇ, ਸਿੰਘ ਸਾਰੇ ਵਾਂਗ ਲੂਲ੍ਹਿਆਂ ਹੋਕੇ ਬਹਿ ਗਏ

ਵੇਲਾ ਵੇਖ ਕੇ ਰੰਗਾ ਪਠਾਣ ਸਾਰੇ ਗਲ ਸਿੰਘਾਂ ਦੇ ਕੁੱਦ ਕੇ ਪੈ ਗਏ
ਸਿੰਘ ਤਿੰਨ ਹਜਾਰ ਹੈ ਮਾਰ ਦਿਤਾ ਜੰਗ ਜਿੱਤ ਕੇ ਤੁਰਕ ਨੇ ਲੈ ਗਏ
ਮਰ ਗਿਆਂ ਦੇ ਹੌਸਲੇ ਰਹੇ ਵਿਚੇ ਚਾ ਲੱਥੇ ਨਾ ਦੁਖ ਨੇ ਸ਼ਹਿ ਗਏ
ਬਾਕੀ ਜੀਂਉਦਿਆਂ ਸੰਦੇ ਵੀ ਬਿਸ਼ਨ ਸਿੰਘਾ ਬਿਪਤਾ ਵੇਖਕੇ ਦਿਲ ਨੇ ਢਹਿ ਗਏ

{ ਸਪੀਸਨ ਦੀ ਬਿਪਤਾ ਵਿਚ ਇਤਜਾਦਕ ਨਾਮੀ ਨਾਮੀ
ਮਸ਼ਹੂਰ ਸੂਰਮੇ ਤਿੰਨ ਹਜਾਰ ਸਿੰਘਾਂ ਸਮੇਤ
ਸ਼ਹੀਦ ਹੋਏ ਸਨ }

ਜੀਊਣ ਮਲ ਬਹਾਦਰ ਜੋ ਸੂਰਮਾਂ ਸੀ ਇਹ ਵੀ ਬੜੀ ਕਮਾਈ ਕਮਾ ਗਿਆ
ਸੈਨਾਪਤੀ ਸੀ ਕੌਰ ਜੀ ਖੜਗ ਸਿੰਘ ਦਾ ਵਧ ਵਧਕੇ ਹਥ ਵਿਖਾ ਗਿਆ
ਫਤੇ ਸਿੰਘ ਤੇ ਦਾਨ ਸਿੰਘ ਸਿੰਘ ਸੋਭਾ ਦੀਵਾਨ ਸਿੰਘ ਵੀ ਕੂਚ ਕਰ ਧਾ ਗਿਆ
ਬੜੇ ਸੂਰਮੇਂ ਖਾਂ ਮੁਹੰਮਦ ਜਹੇ ਗਏ ਮਰ ਭੁਚਾਲ ਹੈ ਆ ਗਿਆ

{ ਬਾਕੀ ਸਿੰਘਾਂ ਨੇ ਰਾਤ ਪਹਾੜੀਆਂ ਦੇ ਘਰਾਂ ਵਿਚ ਕਟਕੇ
ਸਵੇਰ ਨੂੰ ਖਬਰਦਾਰ ਹੋਣਾ }

ਮੱਲੋ ਮਲੀ ਆ ਘਰੀਂ ਪਹਾੜੀਆਂ ਦੀ ਦਲ ਦੌੜਕੇ ਸਿੰਘਾਂ ਦਾ ਵੜ ਬੈਠਾ
ਰਾਮ ਦਿਆਲ ਇਕ ਪਿੰਡ ਆ ਸ੍ਰੀ ਨਗਰ ਅਪਣੀ ਜਾਨ ਬਚਾ ਹੈ ਦਬ ਬੈਠਾ
ਦਿਨ ਚੜਿਆ ਤੇ ਸਿੰਘਾਂ ਨੂੰ ਕਠਿਆਂ ਕਰ ਬਸ ਦੇਸ ਨੂੰ ਲੁੱਟਣ ਹੈ ਚੜ ਬੈਠਾ
ਹੁਣ ਓਧਰ ਦੀ ਸੁਣ ਤੂੰ ਬਿਸ਼ਨ ਸਿੰਘਾ ਓਧਰ ਕੀ ਰਣਜੀਤ ਸਿੰਘ ਕਰ ਬੈਠਾ

[ਓਧਰ ਮਹਾਰਾਜ ਦੀ ਫੌਜ ਦਾ ਹਾਲ]

ਮਹਾਰਾਜ ਦੇ ਨਾਲ ਸੀ ਫੌਜ ਜੇਹੜੀ ਬਿਪਤਾ ਓਸਵੀ ਇਸਤਰਾਂ ਪਾਈ ਹੈ ਜੀ
ਪੁਣਛ ਅਤੇ ਰਜੌਰੀ ਤੇ ਕਰ ਕਬਜਾ ਜਦੋਂ ਮੰਡੀ ਤਕ ਫੌਜ ਇਹ ਆਈ ਹੈ ਜੀ
ਤੋਸ਼ੂ ਆਕੇ ਫੌਜ ਮਹਾਰਾਜ ਦੀ ਨੇ ਬੜੀ ਭਾਰੀ ਮੁਸੀਬਤ ਉਠਾਈ ਹੈ ਜੀ
ਓਸੇ ਸੀਤ ਤੇ ਬਰਫ ਨੇ ਬਿਸ਼ਨ ਸਿੰਘਾ ਫੌਜ ਏਧਰ ਵੀ ਮਾਰ ਮੁਕਾਈ ਹੈ ਜੀ

{ ਮਹਾਰਾਜ ਦੀ ਫੌਜ ਦੇ ਵੀ ਬੜੇ ਬੜੇ ਬਹਾਦਰ ਸੂਰਮੇ ਦੋ ਹਜ਼ਾਰ
ਸਪਾਹੀਆਂ ਸਣੇ ਇਤਜਾਦਿਕ ਬਰਫ ਨੇ ਮਾਰ ਘੱਤੇ }

ਜੋਧ ਸਿੰਘ ਗੁਰਬਖਸ਼ ਸਿੰਘ ਦਲ ਸਿੰਘ ਏਸ ਸੀਤ ਨੇ ਮਾਰ ਗਵਾਇ ਨੇ ਜੀ
ਮਿਤ ਸਿੰਘ ਭੜਾਣੀਏ ਜਹੇ ਜੋਧੇ ਏਸ ਬਰਫ ਨੇ ਖਿਦੋ ਬਣਾਇ ਨੇ ਜੀ
ਫੌਜੀ ਦੋ ਹਜਾਰ ਸਰਦਾਰ ਭਾਰੇ ਠੰਡ ਜੂੜਕੇ ਲੰਮੇ ਹੀ ਪਾਇ ਨੇ ਜੀ
ਏਸ ਆਪਣੀ ਭੁਲ ਤੇ ਬਿਸ਼ਨ ਸਿੰਘਾ ਮਹਾਰਾਜ ਘਬਰਾਇ ਪਛਤਾਇ ਨੇ ਜੀ

[ਸਪੀਸਨ ਵਾਲੀ ਤੇ ਤੋਸ਼ੂ ਵਾਲੀ ਫੌਜ ਦੀ ਮਦਤ ਕਰਨੀ]

ਰਾਮ ਦਿਆਲ ਨੂੰ ਕਢ ਲਿਆਉਣ ਲਈ ਮਹਾਰਾਜ ਨੇ ਹੁਕਮ ਸੁਣਾਯਾ ਛੇਤੀ
ਰਾਮ ਸਿੰਘ ਨੂੰ ਤੇ ਕੁਤਬ ਦੀਨ ਨੂੰ ਦੇ ਫੌਜ ਪੰਜ ਹਜਾਰ ਦੁੜਾਯਾ ਛੇਤੀ
ਹਰੀ ਸਿੰਘ ਬਹਾਦਰ ਨਲੂਏ ਨੂੰ ਦੇਕੇ ਦਸ ਹਜਾਰ ਭਜਾਯਾ ਛੇਤੀ

ਜੇਹੜੀ ਫੌਜ ਹੈ ਤੋਸ਼ੂ ਮਦਾਨ ਪਹੁੰਚੀ ਉਸਦੇ ਵਲ ਸਰਦਾਰ ਪਠਾਯਾ ਛੇਤੀ
ਅਤੇ ਆਪ ਮਹਾਰਾਜ ਲਾਹੌਰ ਅੰਦ੍ਰ ਕਰਦਾ ਵਾਹਿਗੁਰੂ ਵਾਹਿਗੁਰੂ ਆਯਾ ਛੇਤੀ
ਹਰੀ ਸਿੰਘ ਤਾਂ ਤੋਸ਼ੂ ਦੀ ਫੌਜ ਨੂੰ ਜਾ ਦਬਾ ਦਬ ਹੈ ਕਢ ਲਿਆਯਾ ਛੇਤੀ
ਰਾਮਦਿਆਲਨੂੰ ਰਾਮਸਿੰਘਲਿਆਉਂਦਾਕੀਕੂੰ ਉਸਤਾਂਉਰੇਹੀ ਡੇਰਾ ਲਗਾਯਾ ਛੇਤੀ
ਬਹਰਾਮ ਗਲਾ ਵੀ ਟਪ ਨ ਸਕਿਆ ਹੈ ਐਸਾ ਬਰਫ ਨੇ ਆਣ ਡਰਾਯਾ ਛੇਤੀ
ਹੁਣ ਓਧਰ ਦੀ ਸੁਣ ਤੂੰ ਬਿਸ਼ਨ ਸਿੰਘਾ ਰਾਮ ਦਿਆਲ ਨੇ ਜੋ ਕਮਾਯਾ ਛੇਤੀ

[ਰਾਮ ਦਿਆਲ ਦੀ ਬਹਾਦਰੀ]

ਰਾਮ ਦਿਆਲ ਬਹਾਦਰ ਇਹ ਬੜਾ ਭਾਰਾ ਮੂੰਹ ਸ਼ੇਰਾਂ ਦੇ ਵਿਚ ਜਾ ਪਿਆ ਹੈਸੀ
ਪਿਛੇ ਘਟ ਨਾ ਹੋਈ ਹੈ ਨਾਲ ਇਹਦੇ ਜਾਨੋਂ ਮਰ ਹੀ ਜਾਣੋ ਇਹ ਗਿਆ ਹੈਸੀ
ਐਪਰ ਹੌਸਲਾ ਏਸ ਨਾ ਛੱਡਿਆ ਹੈਂ ਜਿੱਤ ਤਾਈਂ ਏ ਮਦਾਨ ਨੂੰ ਲਿਆ ਹੈਸੀ
ਜੇਕਰ ਬਰਫ ਨਾ ਪੈਂਦੀ ਪਹਾੜ ਉਤੇ ਮੁਸਲਮਾਨ ਪਠਾਣ ਇਹ ਕਿਆ ਹੈਸੀ
ਇਸਨੇ ਸਾਰੇ ਹੀ ਤੁਰਕ ਸੀ ਮਾਰ ਦੇਣੇ ਬੜਾ ਸੂਰਮਾ ਵੱਜ ਇਹ ਰਿਹਾ ਹੈਸੀ
ਇਕ ਸਿਖ ਨਾ ਮੈਂ ਹੈ ਮਰਨ ਦੇਣਾ ਬਿਸ਼ਨ ਸਿੰਘ ਇਸ ਵੱਜਕੇ ਕਿਹਾ ਹੈਸੀ

[ਤਥਾ]

ਜੇਹੜੇ ਇਕ ਦਿਨ ਮਰੇ ਸੋ ਮਰ ਚੁਕੇ ਬਾਕੀ ਸਾਰੇ ਹੁਣ ਸਿੰਘ ਬਚਾਇ ਭਾਈ
ਸਾਰੇ ਸਿੰਘਾਂ ਨੂੰ ਹੌਸਲਾ ਦਿਤਾ ਐਸਾ ਧੀਰਜ ਸੰਦੇ ਨੇ ਪੁਤਲੇ ਬਣਾਇ ਭਾਈ
ਸਾਰੇ ਦੇਸ ਦੇ ਵਿਚ ਤਰਥੱਲ ਪਾਈ ਐਸੇ ਲੋਕਾਂ ਨੂੰ ਹਥ ਦਿਖਾਇ ਭਾਈ
ਤ੍ਰਾਹ ਤ੍ਰਾਹ ਕਰ ਉਠੇ ਕਸ਼ਮੀਰੀ ਲੋਕੀਂ ਐਸੇ ਸਿੰਘਾਂ ਨੇ ਹਥ ਵਿਖਾਇ ਭਾਈ
ਗਹਿਣੇ ਕਪੜੇ ਪਰਬਤੀ ਮਾਣੂਆਂ ਦੇ ਸਭ ਸਿੰਘਾਂ ਨੇ ਲੁੱਟੇ ਲੁਟਾਇ ਭਾਈ
ਭੇਡ ਬੱਕਰੀ ਅੰਨ ਤੇ ਮੇਵੇ ਭਾਰੇ ਪਿੰਡਾਂ ਪਿੰਡਾਂ ਤੋਂ ਲੁੱਟਕੇ ਖਾਇ ਭਾਈ
ਓਨਾਂ ਪਰਬਤੀ ਮਾਣੂਆਂ ਸਾਰਿਆਂ ਨੂੰ ਅਜੇ ਤਕ ਨਾ ਸਿੰਘ ਭੁਲਾਇ ਭਾਈ
ਇਹ ਸਿੰਘਾਂ ਨੂੰ ਦੋਸ਼ ਨਾ ਬਿਸ਼ਨ ਸਿੰਘਾ ਜਹੇ ਕਰੇ ਤੇ ਤਹੇ ਹੀ ਪਾਇ ਭਾਈ

{ਕਸ਼ਮੀਰ ਦੇ ਸੂਬੇ ਨੇ ਹਾਰ ਮੰਨਣੀ ਅਤੇ ਰਾਮ ਦਿਆਲ ਨੇ ਉਸਦਾ ਖਿਆਲ ਛਡਣਾ}

ਦੇਸ ਸਾਰਾ ਉਜਾੜ ਪੁਜਾੜ ਦਿਤਾ ਬੁਰਾ ਹਾਲ ਕਸ਼ਮੀਰੀਆਂ ਨਾਲ ਹੋਯਾ
ਹਾਰ ਮੰਨ ਲਈ ਓੜਕ ਕਸ਼ਮੀਰੀ ਸੂਬੇ ਤੋਫੇ ਭੇਜੇ ਲਾਹੌਰ ਕਮਾਲ ਗੋਯਾ
ਰਾਮ ਦਯਾਲ ਵੀ ਛਡ ਖਿਆਲ ਦਿਤਾ ਜਦੋਂ ਇਹ ਮਾਲੂਮ ਹਵਾਲ ਹੋਯਾ
ਯਾਦ ਰਖਣਗੇ ਸਦਾ ਹੀ ਬਿਸ਼ਨ ਸਿੰਘਾ ਜੈਸਾ ਹੁਣ ਕਸ਼ਮੀਰ ਦਾ ਹਾਲ ਹੋਯਾ

[੧੫ ਕੱਤਕ ੧੮੭੩ ਬਿ: ਨੂੰ ਦੀਵਾਨ ਮੁਹਕਮ ਚੰਦ ਦਾ ਮਰਨਾ]

ਮੁਹਕਮ ਚੰਦ ਦੇ ਮਰੇ ਸਰਕਾਰ ਨੇ ਕੀ ਸ਼ੋਕ ਸਭਨਾਂ ਨੇ ਬੜਾ ਮਨਾਯਾ ਸੀ ਜੀ
ਸਚ ਮੁਚ ਇਹ ਬਾਂਹ ਸਰਕਾਰ ਦੀ ਸੀ ਹਰ ਇਕ ਨੇ ਇਹ ਸੁਣਾਯਾ ਸੀ ਜੀ
ਬੜੇ ਮਲਕ ਸੀ ਏਸਨੇ ਫਤੇ ਕੀਤੇ ਬੜਾ ਵਧਕੇ ਹਥ ਵਿਖਾਯਾ ਸੀ ਜੀ

ਮੁਹਕਮ ਚੰਦ ਦਾ ਏਸੇ ਹੀ ਵਾਸਤੇ ਤੇ ਬੜਾ ਔਹਦਾ ਮਹਾਰਾਜ ਵਧਾਯਾ ਸੀ ਜੀ
ਮੋਤੀ ਰਾਮ ਪੁਤਰ ਮੁਹਕਮ ਚੰਦ ਦੇ ਨੂੰ ਮੁਹਕਮ ਚੰਦ ਦੀ ਜਗਾਂ ਬਹਾਯਾ ਸੀ ਜੀ
ਰਾਮ ਦਿਆਲ ਪੁਤਰ ਮੋਤੀ ਰਾਮ ਦੇ ਨੂੰ ਸੈਨਾਪਤੀ ਮਹਾਰਾਜ ਬਣਾਯਾ ਸੀ ਜੀ

[ਮਹਾਰਾਜ ਨਾਲ ਅੰਗ੍ਰੇਜ਼ੀ ਵਕੀਲ ਦਾ ਮਿਲਾਪ]

ਦੀਪ ਮਾਲਾ ਦੇ ਮੇਲੇ ਤੇ ਅੰਮ੍ਰਿਤਸਰ ਜੀ ਮਹਾਰਾਜ ਸਰਕਾਰ ਜਾਂ ਆਈਏ ਜੀ
ਅਬਦੁਲ ਨਬੀ ਖਾਂ ਲਾਟ ਦੇ.ਵਲੋਂ ਆਕੇ ਮਹਾਰਾਜ ਨੂੰ ਫਤੇ ਬੁਲਾਈਏ ਜੀ
ਗੁਰਨਮੈਂਟ ਅੰਗ੍ਰੇਜ਼ੀ ਦੀ ਤਰਫੋਂ ਨਾਲੇ ਅਰਜ਼ ਕਰਕੇ ਏਸ ਸੁਣਾਈਏ ਜੀ
ਫੌਜ ਖਾਲਸੇ ਦੀ ਮੱਦਤ ਵਾਸਤੇ ਤੇ ਅਸੀ ਫੌਜ ਕਸ਼ਮੀਰ ਪਹੁੰਚਾਈਏ ਜੀ
ਫੌਜ ਬਾਰਾਂ ਹਜ਼ਾਰ ਅੰਗ੍ਰੇਜ਼ੀ ਭਾਰੀ ਤੁਸੀ ਕਹੋ ਤੇ ਅਸੀ ਪਠਾਈਏ ਜੀ
ਮਹਾਰਾਜ ਵਕੀਲ ਦੀ ਗਲ ਸੁਣਕੇ ਖੁਸ਼ੀਂ ਬਹੁਤ ਹੀ ਦਿਲੋਂ ਮਨਾਈਏ ਜੀ
ਮੇਹਰਬਾਨਗੀ ਦਾ ਧੰਨਜਵਾਦ ਕੀਤਾ ਫੇਰ ਆਪ ਇਹ ਬਾਤ ਅਲਾਈਏ ਜੀ
ਸਿੰਘਾਂ ਅਗੇ ਕਸ਼ਮੀਰ ਹੈ ਚੀਜ਼ ਕੇਹੜੀ ਜੇਕਰ ਏਨਾ ਨੂੰ ਜੋਸ਼ ਚੜਾਈਏ ਜੀ
ਜਿੱਤ ਲੈਣ ਇਹ ਚੀਨ ਮਚੀਨ ਤਾਈਂ ਹੋਰ ਕੀ ਹੈ ਅਸਾਂ ਨੂੰ ਚਾਹੀਏ ਜੀ
ਹਰ ਕੰਮ ਨੂੰ ਇਹ ਸਮਰੱਥ ਹੈਗੇ ਬੜੇ ਭਾਰੇ ਬਹਾਦਰ ਨੇ ਭਾਈਏ ਜੀ
ਜੇਕਰ ਲੋੜ ਵੀ ਹੋਊ ਤਾਂ ਬਿਸ਼ਨ ਸਿੰਘਾ ਮਦਤ ਲਾਂਗੇ ਆਪਦੀ ਜਾਈਏ ਜੀ

{ ੧ ਚੇਤਰ ਸੰਨ ੧੮੭੩ ਬਿਃ ਨੂੰ ਫੂਲਾ ਸਿੰਘ ਅਕਾਲੀ ਨੇ
ਮਹਾਰਾਜ ਦੇ ਪਾਸ ਫੜੇ ਚਲੇ ਆਉਣਾ }

ਫੂਲਾ ਸਿੰਘ ਅਕਾਲੀ ਨਿਹੰਗ ਜੇਹੜਾ ਡਾਕੇ ਮਾਰਦਾ ਮੁਲਕ ਉਜਾੜਦਾ ਸੀ
ਰਾਮੂਸਿੰਘ ਤੇ ਮਿਤੂਸਿੰਘ ਦਲਸਿੰਘ ਵੀ ਇਸਦੇ ਨਾਲ ਨਾ ਡਰ ਸਰਕਾਰ ਦਾ ਸੀ
ਮੋਤੀ ਰਾਮ ਨੇ ਮੁਕਤਸਰ ਘੇਰਿਆ ਆ ਫੂਲਾ ਸਿੰਘ ਜੋ ਲੋਕਾਂ ਨੂੰ ਮਾਰਦਾ ਸੀ
ਥੋੜੀ ਜੇਹੀ ਲੜਾਈ ਭੁੜਾਈ ਕਰਕੇ ਮੋਤੀ ਰਾਮ ਤੋਂ ਓੜਕ ਨੂੰ ਹਾਰਦਾ ਸੀ
ਭੱਜਾ ਕੋਟ ਕਪੂਰਿਓਂ ਫੜਿਆ ਆਕੇ ਡਰ ਜੇਹੜਾ ਨਾ ਕਿਸੇ ਦਾ ਧਾਰਦਾ ਸੀ
ਮੋਤੀ ਰਾਮ ਨੇ ਜਦੋਂ ਹੈ ਪਕੜ ਲੀਤਾ ਅਗੋਂ ਬੜਾ ਨਿਹੰਗ ਲਲਕਾਰਦਾ ਸੀ
ਪੇਸ਼ ਗਈ ਨਾ ਅਗੇ ਸਰਕਾਰ ਜੀ ਦੇ ਭਾਵੇਂ ਸ਼ੇਰ ਦੇ ਵਾਂਗ ਭਬਕਾਰਦਾ ਸੀ
ਭੇਜ ਦਿਤਾ ਲਾਹੌਰ ਹੈ ਬਿਸ਼ਨ ਸਿੰਘਾ *ਫੂਲਾ ਸਿੰਘ ਜੋ ਦੇਸ ਵਿਗਾੜ ਦਾ ਸੀ

---

*ਇਹ ਫੂਲਾ ਸਿੰਘ ਰਾਵਜੀ ਗੋਤ ਦਾ ਰਾਜਪੂਤ ਤੋਸਾਮ ਦਾ ਨਿਵਾਸੀ ਨਿਹਾਇਤ ਨਿਰਭੈ ਸੂਰਬੀਰ ਸੀ, ਪੰਦਰਾਂ ਸਾਲ ਦੀ ਉਮਰ ਵਿਚ ਧਾੜਵੀਆਂ ਨਾਲ ਧਾੜੇ ਜਾਇਆ ਕਰਦਾ, ਇਕ ਦਿਨ ਉਹਨਾਂ ਦੇ ਸਰਦਾਰ ਜਵਾਹਰ ਸਿੰਘ ਨੇ ਏਸ ਨੂੰ ਗਾਲ ਦਿਤੀ ਤਾਂ ਓਸਦਾ ਸਿਰ ਏਸਨੇ ਲਾਹ ਸੁੱਟਿਆ, ਸਭ ਧਾੜਵੀ ਏਸਦੇ ਵੈਰੀ ਹੋ ਗਏ, ਇਹ ਦੌੜਕੇ ਸਿੰਘਾਂ ਦੇ ਦਲ ਵਿਚ ਆ ਗਿਆ ਜੋ ਤੋਸਾਮ ਦੀ ਪਹਾੜੀ ਉਤੇ ਦੀਵਾਨ ਦਰਿਆ ਸਿੰਘ ਦੋ ਸੌ ਅਸਵਾਰ ਲੈਕੇ-

[ਸਰਕਾਰ ਲਾਹੌਰ ਨੇ ਸਰਕਾਰ ਅੰਗ੍ਰੇਜ਼ ਨੂੰ ਮੱਦਤ ਦੇਣੀ ਚਾਹੁੰਣੀ]

ਏਸੇ ਸਾਲ ਅੰਗ੍ਰੇਜ਼ ਤੇ ਅਮਰ ਸਿੰਘ ਦਾ ਹੋਇਆ ਟਾਕਰਾ ਆਨ ਮਹਾਨ ਬੇਲੀ
ਅਮਰ ਸਿੰਘ ਕਰ ਕਠਿਆਂ ਗੋਰਖੀਆਂ ਨੂੰ ਲੜਿਆ ਨਾਲ ਅੰਗ੍ਰੇਜ਼ ਦੇ ਆਨ ਬੇਲੀ

---

–ਪਟਿਆਲੇ ਵੱਲੀਓਂ ਓਥੇ ਰਹਿੰਦਾ ਸੀ, ਫੇਰ ਤਾਂ ਏਸ ਨੂੰ ਵੀ ਸਿੰਘੀ ਦਾ ਪਾਹ ਚੜ੍ਹ ਗਿਆ, ਦੀਵਾਨ ਦੇ ਨਾਲ ਹੀ ਪਟਿਆਲੇ ਆ ਗਿਆ, ਸੁਭਾਵ ਧਾੜੇ ਮਾਰਨ ਦਾ ਨਾ ਗਿਆ, ਮਲਵਈ ਧਾੜਵੀ ਅਨੇਕ ਏਸ ਨਾਲ ਮਿਲ ਗਏ, ਧਾੜੇ ਮਾਰ ਮਾਰ ਛਕਦੇ ਰਹੇ, ਓਸੇ ਸਮੇਂ ਭਾਈ ਨੈਣਾ ਸਿੰਘ ਜੀ ਜੋ ਠੀਕਰੀ ਵਾਲੇ ਪਿੰਡ ਦਾ ਭੁੱਲਰ ਜਿਮੀਦਾਰ ਸੀ, ਪਹਿਲੇ ਵਡਾ ਮਸ਼ਹੂਰ ਧਾੜਵੀ ਸੀ, ਬਰਨਾਲੇ ਵਾਲੇ ਲਖਾ ਸਿੰਘ ਸੰਤ ਦੀ ਕ੍ਰਿਪਾ 'ਨਾਲ ਉਹ ਕੰਮ ਛਡਕੇ ਸੰਤ ਰੂਪ ਬਣ ਗਿਆ, ਵੀਹ ਪੰਜਾਹ ਸਿੰਘ ਵੀ ਸਨੱਧ ਬੱਧ ਏਸ ਨਾਲ ਰਿਹਾ ਕਰਦੇ, ਇਹ ਉੱਚਾ ਦਮਾਲਾ ਫੂਰੇ ਵਾਲਾ ਵੀ ਏਸੇ ਤੋਂ ਚਲਿਆ ਹੈ, ਤਾਂ ਹੀ ਨਿਹੰਗ ਸਿੰਘ ਏਸ ਨੂੰ ਲੈਣਾਂ ਸਿੰਘੀਆ ਦਮਾਲਾ ਬੋਲਦੇ ਹਨ।:ਫੂਲਾ ਸਿੰਘ ਨੇ ਵੀ ਭਾਈ ਨੈਣਾ ਸਿੰਘ ਤੋਂ ਅਮ੍ਰਿਤ ਛਕ ਕੇ ਸਿੰਘੀ ਧਰਮ ਧਾਰ ਲਿਆ ਓਦੋਂ ਏਸ ਦੇਸ ਵਿਚ ਲੁੱਟ ਮਾਰਦਾ ਬਜਾਰ ਬੜਾ ਗਰਮ ਸੀ। ਫੂਲਾ ਸਿੰਘ ਦੇ ਨਾਲ ਵੀ ਦੋ ਦੋ ਸੌ ਆਦਮੀ ਲੁਟੇਰਾ ਰਹਿਣ ਲਗ ਪਿਆ, ਆਲੇ ਦੇ ਰਾਜ ਵਿਚ ਏਸਨੇ ਲੁੱਟ ਦਾ ਹੱਥ ਬਹੁਤ ਮਾਰਿਆ ਕਈ ਵਾਰੀ ਫੜਿਆ ਵੀ ਗਿਆ ਪਰ ਛੁਟਦਾ ਰਿਹਾ। ਸੰ: ੧੮੬੭ ਬਿ: ਨੂੰ ਟਾਹੂ ਪਿੰਡ ਪਾਸ ਜਿਸ ਦਿਨ ਵਾਈਟ ਸਾਹਿਬ ਕਪਤਾਨ ਦਾ ਡੇਰਾ ਏਸਨੇ ਲੁੱਟਿਆ ਤੇ ਰਾਜਿਆਂ ਦੀ ਫੌਜ ਨੇ ਏਸਨੂੰ ਘੇਰਿਆ ਫੂਲਾ ਸਿੰਘ ਤਾਂ ਲਾਹੌਰ ਦੇ ਰਾਜ ਵਿਚ ਮੁਕਤਸਰ ਵਲ ਦੌੜ ਗਿਆ ਉਸਦੇ ਸਾਥੀ ਜਾ ਨਿਹੰਗ ਕੁਝ ਮਾਰੇ ਕੁਝ ਕੈਦ ਹੋਏ, ਫੇਰ ਵੀ ਜਦ ਫੂਲਾ ਸਿੰਘ ਨੇ ਆਪਣੀ ਆਦਤ ਨ ਛੱਡੀ ਤਾਂ ਦੀਵਾਨ ਮੁਹਕਮ ਚੰਦ ਨੇ ਏਸਨੂੰ ਬੰਰੇ ਪਿੰਡ ਵਿਚ ਘੇਰਿਆ ਭਾਵੇਂ ਚਾਰ ਪੰਜ ਆਦਮੀ ਏਸਨੇ ਓਦੋਂ ਮਾਰੇ ਵੀ ਪਰ ਦੀਵਾਨ ਨੇ ਸੰ: ੧੮੬੯ ਬਿ: ਨੂੰ ਫੜਕੇ ਲਾਹੌਰ ਸਰਕਾਰ ਪਾਸ ਭੇਜ ਦਿਤਾ ਕਿਉਂਕਿ ਇਹ ਸਰਕਾਰ ਲਾਹੌਰ ਤਕ ਮਸ਼ਹੂਰ ਸੂਰਬੀਰ ਗਿਣਤੀ ਵਿਚ ਆ ਚੁਕਾ ਸੀ, ਕਈ ਵਾਰੀ ਏਸਨੇ ਦੁਆਬੇ ਮਾਝੇ ਦੇਸ ਵਿਚ ਲੁੱਟ ਖਸੋਟ ਕੀਤੀ ਸੀ, ਸਰਕਾਰ ਨੇ ਸੂਰਬੀਰ ਸਿੰਘ ਸਮਝਕੇ ਏਸਨੂੰ ਪਠਾਣਾਂ ਨਾਲ ਲੜਨ ਵਾਸਤੇ ਭੇਜਕੇ ਵੈਰੀ ਦੀ ਛਾਤੀ ਉਤੇ ਸਪ ਛਡ ਦਿਤਾ ਕਿਉਂਕਿ ਸਰਕਾਰ ਸੂਰਬੀਰ ਨੂੰ ਮਾਰਦੇ ਨਹੀਂ ਸਨ ਉਸ ਦੇਸ ਵਲ ਭੇਜ ਛਡਦੇ ਆਪੇ ਮਰਦਾ ਮਾਰਦਾ, ਫੂਲਾ ਸਿੰਘ ਨੇ ਜਦ ਦੋ ਤਿੰਨ ਜੰਗ ਬਹੁਤ ਬਹਾਦਰੀ ਦੇ ਕੀਤੇ ਤਾਂ ਸਰਕਾਰ ਨੇ ਅਕਾਲੀ ਰਜਮਟ ਦਾ ਸਰਦਾਰ ਕਰਕੇ ਪਸ਼ੌਰ ਵਲ ਏਸਨੂੰ ਭੇਜ ਰਖਿਆ ਓੜਕ ਏਹ ਨੁਸ਼ੈਹਰੇ ਦੇ ਪਾਸ ਅਨੇਕਾਂ ਨੂੰ ਮਾਰਕੇ ਪਾਰ ਹੋ ਗਿਆ, ਏਸਦੀ ਸਮਾਧ ਓਥੇ ਮਸ਼ਹੂਰ ਹੈ।

ਮਦਤ ਦਿਆਂ ਮੈਂ ਆਪਨੂੰ ਅਾਨ ਏਥੇ ਮਹਾਰਾਜ ਨੇ ਕਿਹਾ ਬਖਾਨ ਬੇਲੀ
ਅਕਟਰ ਲੋਣੀ ਨੇ ਤਦੋਂ ਅੰਗ੍ਰੇਜ਼ਾਂ ਵਲੋਂ ਆਖ ਭੇਜਿਆ ਇਓਂ ਪਛਾਨ ਬੇਲੀ
ਕਿਸੇ ਵਡੀ ਲੜਾਈ ਦੇ ਸਮੇਂ ਆਕੇ ਮੱਦਤ ਲਵਾਂਗੇ ਆਪਦੀ ਜਾਨ ਬੇਲੀ
ਆਪੋ ਵਿਚ ਦੀ ਦੋਹਾਂ ਨੇ ਬਿਸ਼ਨ ਸਿੰਘਾ ਇਕ ਦੂਜੇ ਦਾ ਰਖਿਆ ਮਾਨ ਬੇਲੀ

{ ਮਹਾਰਾਜ ਨੇ ਦੀਨਾ ਨਾਥ ਨੂੰ ਨੌਕਰ ਰਖਣਾ ਅਤੇ ਜੋਧ ਸਿੰਘ ਰਾਮ ਗੜ੍ਹੀਏ
ਤੇ ਭਿੰਬਰ ਰਜੌਰੀ ਵਾਲਿਆਂ ਦਾ ਇਲਾਕਾ ਜ਼ਬਤ ਹੋਣਾ }

ਏਸੇ ਸਾਲ ਪੰਡਤ ਦੀਨਾ ਨਾਥ ਸਿਆਣਾ ਦਿੱਲੀ ਵਲੋਂ ਲਾਹੌਰ ਹੈ ਆ ਗਿਆ
ਰਖ ਲਿਆ ਸਰਕਾਰ ਨੇ ਹੈ ਨੌਕਰ ਬੜਾ ਏਸਨੇ ਮਰਤਬਾ ਪਾ ਲਿਆ
ਅਪਣੇ ਇਲਮ ਤੇ ਅਕਲ ਦੇ ਜੋਰ ਇਸਨੇ ਅਪਣੇਂ ਆਪਨੂੰ ਰਾਜਾ ਬਣਾ ਲਿਆ
ਏਸੇ ਸਾਲ ਹੀ ਆਪ ਸਰਕਾਰ ਜੀ ਨੇ ਜੋਧ ਸਿੰਘ ਦਾ ਮੁਲਕ ਦਬਾ ਲਿਆ
ਨਹੀਂ ਗਿਆ ਮੁਹਿਮ ਕਸ਼ਮੀਰ ਦੀ ਤੇ ਮਹਾਰਾਜ ਨੇ ਗੁੱਸਾ ਹੈ ਖਾ ਲਿਆ
ਭਿੰਬਰ ਅਤੇ ਰਜੌਰੀ ਦੇ ਰਾਜਿਆਂ ਨੇ ਬੜਾ ਭਾਰਾ ਜੋ ਦਗਾ ਕਮਾ ਲਿਆ
ਖੋਟੇ ਰਾਹ ਸਰਕਾਰ ਨੂੰ ਪਾ ਕਰਕੇ ਬੜਾ ਭਾਰਾ ਨੁਕਸਾਨ ਪੁਚਾ ਲਿਆ
ਦਲ ਸਿੰਘ ਤੇ ਰਾਮ ਦਿਆਲ ਹੋਰਾਂ ਬਦਲਾ ਓਸਦਾ ਖੂਬ ਹੈ ਜਾ ਲਿਆ
ਮੁਲਕ ਏਹਨਾਂ ਦਾ ਪੀਰ ਪੰਜਾਲ ਤਾਈਂ ਸਾਰਾ ਸਿੰਘਾਂ ਨੇ ਖੋਹ ਛੁਹਾ ਲਿਆ
ਭਿੰਬਰ ਪੀਰ ਪੰਜਾਲ ਰਜੌਰੀ ਅੰਦਰ ਠਾਣਾ ਆਪਣਾ ਹੈ ਬਹਾ ਲਿਆ
ਏਹਨਾਂ ਪਾਪੀਆਂ ਸਭਨਾਂ ਤੋਂ ਬਿਸ਼ਨ ਸਿੰਘਾ ਹਥੋ ਹਥੀ ਹੈ ਬਦਲਾ ਆ ਲਿਆ

[੭ ਚੇਤ ਸੰ: ੧੮੭੩ ਬਿ: ਨੂੰ ਮਹਾਰਾਜ ਨੇ ਮੁਲਤਾਨ ਤੇ ਚੜ੍ਹਾਈ ਕਰਨੀ]

ਫਤੇ ਸਿੰਘ ਨੂੰ ਨਾਲ ਲੈ ਮਹਾਰਾਜੇ ਕੂਚ ਹੈਂਣ ਮੁਲਤਾਨ ਨੂੰ ਕਰ ਲਏ
ਸ਼ੇਖ ਯਾਰ ਮਹੰਮਦ ਖਾਂ ਪਾਕ-ਪਟਣੋਂ ਪੈਰ ਆ ਮਹਾਰਾਜ ਦੇ ਫੜ ਲਏ
ਇਕ ਤੇਗ ਜੜਾਊ ਤੇ ਇਕ ਘੋੜਾ ਨਜ਼ਰ ਆ ਮਹਾਰਾਜ ਦੀ ਧਰ ਲਏ
ਹੋਰ ਨੌ ਹਜਾਰ ਸਾਲਾਨਾ ਦੇਣਾ ਅਗੇ ਵਾਸਤੇ ਕਰ ਮੁਕਰ੍ਰ ਲਏ

[ਤਥਾ]

ਪਾਕ ਪਟਣ ਤੋਂ ਨਜ਼ਰ ਲੈ ਮਹਾਰਾਜਾ ਅਗੇ ਤੁਰ ਅਗਾਂਹ ਜਾਂ ਆਯਾ ਹੈ ਜੇ
ਕਿਸ਼ਨ ਦਾਸ ਬਹਾਵਲ ਪੁਰ ਵਾਲੇ ਵਲੋਂ ਸਿਰ ਆ ਵਕੀਲਾਂ ਨਿਵਾਯਾ ਹੈ ਜੇ
ਚਹੁੰ ਸਾਲਾਂ ਦਾ ਪਿਛਲਾ ਕਰ ਸਾਰਾ ਨਕਦ ਅੱਸੀ ਹਜ਼ਾਰ ਫੜਾਯਾ ਹੈ ਜੇ
ਅਗੇ ਵਾਸਤੇ. ਸੱਤਰ ਹਜ਼ਾਰ ਦੇਣਾ ਇਹ ਸਾਰਾ ਸਾਲਾਨਾ ਲਿਖਾਯਾ ਹੈ ਜੇ
ਏਸੇ ਸਮੇਂ ਤੁਲੰਭਾ, ਤੇ ਲੰਮਾ, ਸਾਰਾ, ਖਲਾ ਨੂਰ ਪੁਰ ਫਤੇ ਕਰਾਯਾ ਹੈ ਜੇ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਫਤੇ ਸਿੰਘ ਨੂੰ ਏਥੇ ਬਹਾਯਾ ਹੈ ਜੇ

{ ੧੫ ਚੇਤ ਨੂੰ ਹੜੱਪੇ ਪਾਸ ਮੁਹਸਨ ਸ਼ਾਹ ਮੁਲਤਾਨ ਦਾ
ਵਕੀਲ ਮਹਾਰਾਜ ਨੂੰ ਆ ਮਿਲਿਆ }

ਮੁਹਸਨਸ਼ਾਹ ਮੁਲਤਾਨ ਦੇ ਵਲੋਂ ਆਕੇ ਮਹਾਰਾਜ ਨੂੰ ਗਰਦਨ ਨਿਵਾਈਏ ਜੀ

ਕਈ ਘੋੜੇ ਤੇ ਨਾਲੇ ਹਥਿਆਰ ਦੇਕੇ ਫੇਰ ਆਪਣੀ ਅਰਜ਼ ਸੁਣਾਈਏ ਜੀ
ਇਕ ਲੱਖ ਤੇ ਵੀਹ ਹਜ਼ਾਰ ਲੈਣਾ ਜੇਹੜੀ ਆਗਜਾ ਆਪ ਫੁਰਮਾਈਏ ਜੀ
ਹੁਣ ਚਾਲੀ ਹਜ਼ਾਰ ਤਾਂ ਲੌ ਪਹਿਲੇ ਫੇਰ ਦੋ ਮਹੀਨੇ ਨੂੰ ਆਈਏ ਜੀ
ਹੱਥ ਜੋੜਕੇ ਦਿਆਂਗੇ ਤਾਰ ਬਾਕੀ ਨਰਮੀ ਨਾਲ ਇਹ ਅਰਜ਼ ਅਲਾਈਏ ਜੀ
ਮਹਾਰਾਜ ਨੇ ਇਕ ਨ ਗਲ ਮੰਨੀ ਕਿਹਾ ਜਾਓ ਵਕੀਲ ਉਠ ਜਾਈਏ ਜੀ
ਕਿਲਾ ਅਹਿਮਦਾਬਾਦ ਦਾ ਫਤੇ ਕਰਕੇ ਫੌਜ. ਪਾਰ ਝਨਾਉਂ ਲੰਘਾਈ ਏ ਜੀ
ਸਾਲਵਨ ਮੁਕਾਮ ਕਰ ਇਕ ਪਹਿਲਾ ਫੇਰ ਕਰੀ ਮੁਲਤਾਨ ਨੂੰ ਧਾਈਏ ਜੀ
ਹਰੀ ਸਿੰਘ ਬਹਾਦਰ ਨਲੂਏ ਜੇਹਾ ਸਾਰੇ ਦੇਸ ਤੇ ਲੁਟ ਮਚਾਈਏ ਜੀ
ਫੂਲਾ ਸਿੰਘ ਅਕਾਲੀ ਨਿਹੰਗ ਜਿਹਾ ਸਾਰੇ ਦੇਸ ਦੀ ਕਰੀ ਸਫਾਈਏ ਜੀ
ਫੇਕੜ ਅੱਕ ਨਵਾਬ ਮੁਲਤਾਨ ' ਵਾਲੇ ਹੱਥ ਜੋੜਕੇ .ਅਰਜ਼ ਬਤਾਈਏ ਜੀ
ਭਵਾਨੀ ਦਾਸ ਦੀ ਰਾਹੀਂ ਸਫਾਈ ਕਰਕੇ ਰਕਮ ਅੱਸੀ ਹਜ਼ਾਰ ਫੜਾਈਏ ਜੀ
ਬਾਕੀ ਕੀਤਾ ਉਧਾਰ ਹੈ ਬਿਸ਼ਨ ਸਿੰਘਾ ਫੇਰ ਆਪਣੀ ਜਾਨ ਬਚਾਈਏ ਜੀ

[ਮਨਕੇਰੇ ਉੱਤੇ ਚੜ੍ਹਾਈ]

ਬੜੇ ਬੜੇ ਨਜ਼ਰਾਨੇ ਲੈ ਹਾਕਮਾਂ ਤੋਂ ਮਹਾਰਾਜ ਮਨਕੇਰੇ ਨੂੰ ਧਾਯਾ ਜੇ ਜੀ
ਸਵਾ ਲੱਖ ਲਿਆਓ ਖਾਂ ਸੂਬੇ ਪਾਸੋਂ ਰਾ ਸੁਜਾਨ ਨੂੰ ਹੁਕਮ ਸੁਣਾਯਾ ਜੇ ਜੀ
ਮਹਾਰਾਜ ਦੀ ਆਗਿਆ ਲੈ ਕਰਕੇ ਸੂਬੇ ਪਾਸ ਸੁਜਾਨ ਰਾ ਆਯਾ ਜੇ ਜੀ
ਭੁਖੇ ਅਗੋਂ ਨਵਾਬ ਮਨਕੇਰੇ ਵਾਲੇ ਕੁਲ ਵੀਹ ਹਜ਼ਾਰ ਪਹੁੰਚਾਯਾ ਜੇ ਜੀ
ਗੁਸੇ ਹੋ ਮਹਾਰਾਜ ਨੇ ਓਸੇ ਵੱਲੇ ਸਾਰੇ ਸਿੰਘਾਂ ਨੂੰ ਹੁਕਮ ਅਲਾਯਾ ਜੇ ਜੀ
ਲੁਟ ਲੌ ਖਾਂ ਦੇਸ ਨਵਾਬ ਸੰਦਾ ਸਭਨਾਂ ਸਿੰਘਾਂ ਨੂੰ ਇਹ ਬਤਾਯਾ ਜੇ ਜੀ
ਫੂਲਾ ਸਿੰਘ ਅਕਾਲੀ ਵਗੈਰਿਆਂ ਨੇ ਸਾਰੇ ਦੇਸ ਥਰਥੱਲਾ ਆ ਪਾਯਾ ਜੇ ਜੀ
ਤੋਬਾ ਤੋਬਾ ਕਰ ਉਠੀ ਤੁਰਕਾਨੀ ਸਾਰੀ ਸਭਨਾਂ ਕੰਨਾਂ ਨੂੰ ਹੱਥ ਆ ਲਾਯਾ ਜੇ ਜੀ
ਖਾਨਗੜ੍ਹ,ਮੁਹੰਮਦਪੁਰ,ਕੋਟਮੁਹੰਮਦਕਈਆਂਕਿਲਿਆਂਨੂੰਸਿੰਘਾਂਨੇ ਢਾਹਯਾ ਜੇ ਜੀ
ਓੜਕ ਸ਼ੇਰ ਮੁਹੰਮਦ ਮਹਾਰਾਜ ਜੀ ਦੇ ਚਰਨੀ ਆਕੇ ਸਿਰ ਨਿਵਾਯਾ ਜੇ ਜੀ
ਨਕਦ ਦਿੱਤਾ ਪੰਜਾਹ ਹਜ਼ਾਰ ਆਕੇ ਪਿੰਡੀ ਦਾਸ ਨੂੰ ਜਾਮਨ ਬਣਾਯਾ ਜੇ ਜੀ
ਬਾਕੀ ਵਿਚ ਰੁਪਏ ਦੇ ਬਿਸ਼ਨ ਸਿੰਘਾ ਪਿਛਾ ਇਉਂ ਨਵਾਬ ਛੁਡਾਯਾ ਜੇ ਜੀ

[ਝੰਗ ਅਤੇ ਉੱਚ ਦੀ ਜ਼ਬਤੀ ਤੇ ਰਾਮਸਿੰਘ ਦੀ ਜ਼ਬਤੀ]

ਛੋਟੇ ਵਡੇ ਤਮਾਮ ਹੀ ਸੋਧ ਹਾਕਮ ਫੇਰਾ ਪਿਛੇ ਦੇ ਵਲ ਹੈ ਪਾ ਲਿਆ
ਅਹਮਦ ਖਾਂ ਸਿਆਲ ਤੇ ਰਬਜ਼ ਅਲੀ ਖਾਂ ਉੱਚ ਵਾਲੇ ਖਚਰਊ ਕਮਾ ਲਿਆ
ਏਂਸੇ ਕਰ ਇਲਾਕਾ ਸਭ ਏਨਾਂ ਸੰਦਾ ਜ਼ਬਤ ਕਰ ਮਹਾਰਾਜ ਦਬਾ ਲਿਆ
ਇਕ ਲੱਖ ਤੇ ਸੱਠ ਹਜਾਰ ਪੂਰਾ ਲੈਣਾ ਹੈ ਸਾਲਾਨਾ ਸੁਣਾ ਲਿਆ
ਖਤਰੀ ਸੁਖਦਿਆਲ ਸੁਜਾਨ ਰਾ ਨੂੰ ਹਾਕਮ ਓਥੋਂ ਦਾ ਹੈ ਬਣਾ ਲਿਆ
ਸੱਤ ਜੇਠ ਨੂੰ ਆ ਮਹਾਰਾਜ ਜੀ ਨੇ ਡੇਰਾ ਵਿਚ ਲਾਹੌਰ ਲਗਾ ਲਿਆ